@Qpatrika
@qaumipatrika punjabi
instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 3 July 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 3 ਜੁਲਾਈ 2024, 19 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 225, qpatrika@gmail.com ਫੋਨ : 9971359517 www.qaumipatrika.org

## ਭੋਲੇ ਬਾਬਾ ਦੇ ਸਤਿਸੰਗ ਦੌਰਾਨ ਮਚੀ ਭਾਜੜ, ਬੱਚਿਆਂ ਸਮੇਤ 122 ਲੋਕਾਂ ਦੀ ਮੌਤ

**ਸਿੰਮੀ ਕੌਰ ਬੱਬਰ**

ਹਾਥਰਸ 2 ਜੁਲਾਈ। ਉੱਤਰ ਪ੍ਰਦੇਸ ਦੇ ਹਾਥਰਸ ਵਿਚ ਇੱਕ ਵੱਡਾ ਹਾਦਸਾ ਵਾਪਰ ਗਿਆ ਹੈ। ਇੱਥੇ ਸਤਿਸੰਗ ਦੌਰਾਨ ਭਾਜੜ ਮਚ ਗਈ। ਹਾਥਰਸ ਦੇ ਸਿਕੰਦਰਰਾਊ ਥਾਣਾ ਖੇਤਰ ਦੇ ਪਿੰਡ ਫੁੱਲਰਾਈ 'ਚ ਆਯੋਜਿਤ ਭੋਲੇ ਬਾਬਾ ਦੇ ਸਤਿਸੰਗ 'ਚ ਭਾਜੜ ਮਚ ਗਈ। ਇਸ ਹਾਦਸੇ 'ਚ 122 ਲੋਕਾਂ ਦੀ ਮੌਤ ਹੋ ਗਈ ਹੈ। ਮਰਨ ਵਾਲਿਆਂ ਵਿਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਸਾਮਲ ਹਨ। ਇਸ ਤੋਂ ਇਲਾਵਾ ਇਸ ਹਾਦਸੇ 'ਚ 100 ਤੋਂ ਵੱਧ ਸਰਧਾਲੂ ਜਖਮੀ ਵੀ ਹੋਏ ਹਨ। ਇਨ੍ਹਾਂ ਵਿਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਸੀ. ਐਮ. ਓ ਨੇ ਇਸ ਦੀ ਪੁਸਟੀ ਕੀਤੀ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਉੱਚ ਅਧਿਕਾਰੀ ਵੀ ਮੌਕੇ 'ਤੇ ਪਹੁੰਚ ਗਏ ਹਨ। ਜਾਣਕਾਰੀ ਮੁਤਾਬਕ ਜਖਮੀਆਂ ਨੂੰ ਬੱਸ-ਟੈਂਟਾਂ 'ਚ ਲੱਦ ਕੇ ਜ਼ਿਲਾ ਹਸਪਤਾਲ ਲਿਜਾਇਆ ਗਿਆ। ਜ਼ਿਲ੍ਹਾ ਮੈਜਿਸਟ੍ਰੇਟ ਅਤੇ ਐਸ.ਪੀ ਮੌਕੇ 'ਤੇ ਪਹੁੰਚ ਗਏ ਹਨ। ਇਸ ਤੋਂ ਇਲਾਵਾ ਕਈ ਥਾਣਿਆਂ ਦੀ ਫੋਰਸ ਨੂੰ ਵੀ ਮੌਕੇ 'ਤੇ ਬੁਲਾਇਆ ਗਿਆ ਹੈ। ਇਸ ਮਾਮਲੇ ਦਾ ਨੋਟਿਸ ਲੈਂਦਿਆਂ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਅਧਿਕਾਰੀਆਂ ਨੂੰ ਰਾਹਤ ਕਾਰਜਾਂ ਵਿੱਚ ਜੁਟਣ ਲਈ ਕਿਹਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਤੁਰੰਤ ਮੌਕੇ 'ਤੇ ਪਹੁੰਚ ਕੇ ਰਾਹਤ ਕਾਰਜ ਤੇਜ ਕਰਨ ਦੇ ਨਿਰਦੇਸ ਵੀ ਦਿੱਤੇ ਹਨ।



## ਅਮਰਨਾਥ ਯਾਤਰਾ ਦਰਮਿਆਨ ਵੱਡੀ ਸਾਜਿਸ਼ ਨਾਕਾਮ, ਸੁਰੱਖਿਆ ਦਸਤਿਆਂ ਨੇ ਅੱਤਵਾਦੀ ਦੇ ਸਹਿਯੋਗੀ ਨੂੰ ਫੜਿਆ

ਸ਼੍ਰੀਨਗਰ 2 ਜੁਲਾਈ। ਅਮਰਨਾਥ ਯਾਤਰਾ ਦਰਮਿਆਨ ਸੁਰੱਖਿਆ ਦਸਤਿਆਂ ਨੂੰ ਵੱਡੀ ਸਫਲਤਾ ਮਿਲੀ ਹੈ। ਸੁਰੱਖਿਆ ਦਸਤਿਆਂ ਨੇ ਜੰਮੂ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਦੇ ਸੋਪੋਰ ਇਲਾਕੇ ਵਿਚ ਇਕ ਅੱਤਵਾਦੀ ਦੇ ਸਹਿਯੋਗੀ ਨੂੰ ਫੜਿਆ ਹੈ। ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ, ਫੌਜ ਅਤੇ ਕੇਂਦਰੀ ਰਿਜਰਵ ਪੁਲਸ ਫੋਰਸ () ਦੇ ਜਵਾਨਾਂ ਨੇ ਐਤਵਾਰ ਦੇਰ ਰਾਤ ਸੋਪੋਰ ਵਿਚ ਬੋਮਈ ਇਲਾਕੇ ਵਿਚ ਮਾਚੀਪੋਰਾ ਵਿਚ ਇਕ ਸੰਯੁਕਤ ਚੌਂਕੀ ਸਥਾਪਤ ਕੀਤੀ ਸੀ। ਅਧਿਕਾਰੀਆਂ ਨੇ



ਕਿਹਾ ਕਿ ਜਾਂਚ ਦੌਰਾਨ ਬੋਮਈ ਤੋਂ ਮਾਚੀਪੋਰਾ ਵੱਲ ਆ ਰਹੇ ਇਕ ਵਾਹਨ ਨੂੰ ਰੋਕਿਆ ਗਿਆ। ਡਰਾਈਵਰ ਨੇ ਦੌੜਨ ਦੀ ਕੋਸ਼ਿਸ਼ ਕੀਤੀ ਪਰ ਚੌਕਸੀ ਦਲ ਨੇ ਉਨ੍ਹਾਂ ਨੂੰ ਫੜ ਲਿਆ। ਉਨ੍ਹਾਂ ਨੇ ਦੱਸਿਆ ਕਿ ਫੜੇ ਗਏ ਦੋਸ਼ੀ ਦੀ ਪਛਾਣ ਜ਼ਿਲ੍ਹੇ ਦੇ ਰਾਫੀਆਬਾਦ ਇਲਾਕੇ ਦੇ ਵਾਸੀ ਵਹੀਦ ਉਲ ਜਹੂਰ ਦੇ ਰੂਪ 'ਚ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮੁਲਜਮ ਦੀ ਗੱਡੀ ਵਿਚੋਂ ਤੁਰਕੀ ਦੇ ਬਣੇ ਦੋ ਪਿਸਤੌਲ, ਤਿੰਨ ਮੈਗਜੀਨ, 41 ਗੋਲੀਆਂ, ਇਕ ਸਾਈਲੈਂਸਰ, ਦੋ ਚੀਨ ਦੇ ਬਣੇ ਗ੍ਰਨੇਡ ਅਤੇ ਆਈ. ਈ. ਡੀ ਬਣਾਉਣ ਦੀ ਸਮੱਗਰੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮਾਮਲਾ ਦਰਜ ਕਰ ਲਿਆ ਗਿਆ ਹੈ।

## ਪ੍ਰੀਖਿਆਵਾਂ ਨੂੰ ਲੈ ਕੇ ਅਨਿਸ਼ਚਿਤਤਾ ਕਾਰਨ ਲੋਕਾਂ 'ਚ ਬੇਚੈਨੀ, ਚਿੰਤਾ ਤੇ ਗੁੱਸਾ : ਮਾਇਆਵਤੀ

ਲਖਨਊ 2 ਜੁਲਾਈ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਮਾਇਆਵਤੀ ਨੇ ਸੋਮਵਾਰ ਨੂੰ ਕਿਹਾ ਕਿ ਰਾਸਟਰੀ ਯੋਗਤਾ ਕਮ ਟੈਸਟ (), ਅੰਡਰ ਗ੍ਰੈਜੂਏਟ (ਯੂਜੀ) ਅਤੇ ਪੋਸਟ ਗ੍ਰੈਜੂਏਟ (ਪੀਜੀ) ਪ੍ਰੀਖਿਆਵਾਂ ਨੂੰ ਲੈ ਕੇ ਅਨਿਸਚਿਤਤਾ ਕਾਰਨ ਲੋਕਾਂ ਵਿੱਚ ਬੇਚੈਨੀ, ਚਿੰਤਾ ਅਤੇ ਗੁੱਸਾ ਹੈ। ਇਸ ਲਈ ਇਸ ਦੇ ਸਥਾਈ ਹੱਲ ਦੀ ਬਹੁਤ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਉੱਤਰ ਪ੍ਰਦੇਸ ਸਮੇਤ ਵੱਖ-



ਵੱਖ ਰਾਜਾਂ ਵਿੱਚ ਹੋਈਆਂ ਪ੍ਰੀਖਿਆਵਾਂ ਵਿੱਚ ਪ੍ਰਸਨ ਪੱਤਰ ਲੀਕ ਹੋਣ ਅਤੇ ਸਰਕਾਰੀ ਭਰਤੀ ਵਿੱਚ ਭ੍ਰਿਸਟਾਚਾਰ ਦਾ ਮਾਮਲਾ ਬਹੁਤ ਗੰਭੀਰ, ਦੁਖਦ ਅਤੇ ਚਿੰਤਾਜਨਕ ਹੈ। ਮਾਇਆਵਤੀ ਨੇ ਸੋਸਲ ਮੀਡੀਆ ਪਲੇਟਫਾਰਮ 'ਤੇ ਇਕ ਪੋਸਟ 'ਚ ਕਿਹਾ ਕਿ, 'ਦੇਸ ਵਿਚ ਸਮੇਂ-ਸਮੇਂ 'ਤੇ ਹੋਣ ਵਾਲੀਆਂ ਵੱਖ-ਵੱਖ ਪ੍ਰੀਖਿਆਵਾਂ ਦੇ ਨਾਲ ਵਰਤਮਾਨ ਵਿਚ ਖਾਸ ਕਰਕੇ ਮੈਡੀਕਲ ਦੀ - ਅਤੇ ਪ੍ਰੀਖਿਆਵਾਂ ਨੂੰ ਲੈ ਕੇ, ਜੋ ਅਨਿਸਚਿਤਤਾ ਬਣੀ ਹੋਈ ਹੈ, ਉਸ ਨਾਲ ਲੋਕਾਂ ਵਿਚ ਬੇਚੈਨੀ, ਚਿੰਤਾ ਅਤੇ ਗੁੱਸੇ ਦੀ ਲਹਿਰ ਸੁਭਾਵਕ ਹੈ। ਇਸ ਦਾ ਸਥਾਈ ਹੱਲ ਕੱਢਿਆ ਜਾਣਾ ਬਹੁਤ ਜਰੂਰੀ ਹੈ।' ਮਾਇਆਵਤੀ ਨੇ ਕਿਹਾ ਕਿ ਇਨ੍ਹਾਂ ਸਮੱਸਿਆਵਾਂ ਨੂੰ ਰੋਕਣ ਲਈ ਸਖਤ ਕਦਮ ਚੁੱਕਣ ਦੀ ਲੋੜ ਹੈ।

## ਜੰਮੂ-ਕਸ਼ਮੀਰ 'ਚ ਤਲਾਸੀ ਮੁਹਿੰਮ ਦੌਰਾਨ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ

ਸ੍ਰੀਨਗਰ 2 ਜੁਲਾਈ। ਜੰਮੂ-ਕਸਮੀਰ ਦੇ ਕੁਪਵਾੜਾ ਜ਼ਿਲ੍ਹੇ 'ਚ ਮੰਗਲਵਾਰ ਨੂੰ ਸੁਰੱਖਿਆ ਬਲਾਂ ਨੇ ਤਲਾਸੀ ਮੁਹਿੰਮ ਦੌਰਾਨ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਬੁਲਾਰੇ ਨੇ ਦੱਸਿਆ ਕਿ ਕੁਪਵਾੜਾ ਪੁਲਸ ਤੋਂ ਮਿਲੀ ਖਾਸ ਸੂਚਨਾ ਦੇ ਆਧਾਰ 'ਤੇ ਸੁਰੱਖਿਆ ਦਸਤਿਆਂ ਨੇ ਉੱਤਰੀ ਕਸਮੀਰ ਜ਼ਿਲ੍ਹੇ ਦੇ ਦਰਦਪੋਰਾ ਕ੍ਰਾਲਪੋਰਾ ਦੇ ਨਾਂਗਰੀ ਜੰਗਲੀ ਖੇਤਰ 'ਚ ਤਲਾਸੀ ਮੁਹਿੰਮ ਚਲਾਈ। ਉਨ੍ਹਾਂ ਦੱਸਿਆ ਕਿ ਹਥਿਆਰ, ਗੋਲਾ ਬਾਰੂਦ ਅਤੇ ਵਿਸਫੋਟਕਾਂ ਦਾ ਭੰਡਾਰ ਬਰਾਮਦ ਕੀਤਾ ਗਿਆ ਹੈ।

## ਪੀਐੱਮ ਮੋਦੀ ਨੇ ਕਾਂਗਰਸ 'ਤੇ ਕੱਸਿਆ ਤੰਜ, ਕਿਹਾ-ਕਾਂਗਰਸੀ ਨੇਤਾਵਾਂ ਦੀ ਬਿਆਨਬਾਜੀ ਨੇ ਫਿਲਮ ਸ਼ੋਲੇ ਨੂੰ ਪਿੱਛੇ ਛੱਡ ਦਿੱਤਾ

**ਏਜੰਸੀਆਂ**

ਨੈਸ਼ਨਲ ਡੈਸਕ 2 ਜੁਲਾਈ। ਲੋਕ ਸਭਾ ਵਿਚ ਬੋਲਦੇ ਹੋਏ ਪੀਐੱਮ ਮੋਦੀ ਨੇ ਕਾਂਗਰਸ ਤੇ ਰਾਹੁਲ ਗਾਂਧੀ 'ਤੇ ਸ਼ਬਦੀ ਹਮਲਾ ਕੀਤਾ। ਮੋਦੀ ਨੇ ਕਿਹਾ ਕਿ ਮੈਂ ਕੁਝ ਲੋਕਾਂ ਦਾ ਦਰਦ ਸਮਝ ਸਕਦਾ ਹਾਂ। ਦੇਸ ਦੀ ਜਨਤਾ ਨੇ ਕਾਂਗਰਸ ਨੂੰ ਵੀ ਫਤਵਾ ਦਿੱਤਾ ਹੈ। ਇਹ ਫਤਵਾ ਹੈ - ਉੱਥੇ ਬੈਠੋ। ਵਿਰੋਧੀ ਧਿਰ ਵਿੱਚ ਬੈਠੋ ਅਤੇ ਜੇਕਰ ਬਹਿਸ ਖਤਮ ਹੋ ਜਾਵੇ ਤਾਂ ਰੌਲਾ ਪਾਉਂਦੇ ਰਹੋ। ਕਾਂਗਰਸ ਦੇ ਇਤਿਹਾਸ ਦਾ ਇਹ ਪਹਿਲਾ ਮੌਕਾ ਹੈ, ਜਦੋਂ ਕਾਂਗਰਸ ਲਗਾਤਾਰ ਤਿੰਨ ਵਾਰ ਸੌ ਦਾ ਅੰਕੜਾ ਪਾਰ ਨਹੀਂ ਕਰ ਸਕੀ। ਪੀਐੱਮ ਮੋਦੀ ਨੇ ਕਿਹਾ ਕਿ ਕਾਂਗਰਸ ਦੇ ਇਤਿਹਾਸ ਵਿੱਚ ਇਹ ਤੀਜੀ ਸਭ ਤੋਂ ਵੱਡੀ ਹਾਰ ਹੈ। ਕਾਂਗਰਸ ਦਾ ਇਹ ਤੀਜਾ ਸਭ ਤੋਂ ਮਾੜਾ ਪ੍ਰਦਰਸਨ ਹੈ। ਇਸ ਲਈ ਚੰਗਾ ਹੁੰਦਾ ਜੇਕਰ ਕਾਂਗਰਸ ਆਪਣੀ ਹਾਰ ਮੰਨ ਲੈਂਦੀ। ਜਨਤਾ ਜਨਾਰਦਨ ਦੇ ਹੁਕਮਾਂ ਨੂੰ ਸਵਿਕਾਰ ਕਰਦੀ ਅਤੇ ਆਤਮ-ਪੜਚੋਲ ਕਰਦੀ। ਪੀਐਮ ਮੋਦੀ ਨੇ ਕਿਹਾ ਕਿ 1984 ਤੋਂ ਬਾਅਦ ਦੇਸ ਵਿੱਚ 10 ਚੋਣਾਂ ਹੋ ਚੁੱਕੀਆਂ ਹਨ ਅਤੇ 10 ਚੋਣਾਂ ਵਿੱਚ ਕਾਂਗਰਸ 250 ਦੇ ਅੰਕੜੇ ਨੂੰ ਛੂਹ ਵੀ ਨਹੀਂ ਸਕੀ। ਇਸ ਵਾਰ ਕਿਸੇ ਨਾ ਕਿਸੇ ਤਰ੍ਹਾਂ ਉਹ 99 ਦੇ ਜਾਲ ਵਿੱਚ ਫਸੇ ਹੋਏ ਹਨ। ਮੋਦੀ ਨੇ ਕਿਹਾ ਕਿ ਮੈਨੂੰ ਇੱਕ ਕਿੱਸਾ ਯਾਦ ਆਇਆ। ਇੱਕ ਵਿਅਕਤੀ 99 ਨੰਬਰ ਲੈ ਕੇ ਘੁੰਮ ਰਿਹਾ ਸੀ ਅਤੇ ਇਹ ਦਿਖਾਉਂਦਾ ਸੀ ਕਿ ਉਸ ਨੂੰ 99 ਅੰਕ ਮਿਲੇ ਹਨ। ਲੋਕਾਂ ਨੇ ਉਸ ਦੀ ਤਾਰੀਫ ਵੀ ਕੀਤੀ। ਅਧਿਆਪਕ ਨੇ ਆ ਕੇ ਪੁੱਛਿਆ ਕਿ



ਤੁਸੀਂ ਕਿਸ ਲਈ ਵਧਾਈ ਦੇ ਰਹੇ ਹੋ? ਉਸ ਨੂੰ ਸੈਂਕੜੇ ਵਿੱਚੋਂ 99 ਅੰਕ ਨਹੀਂ ਮਿਲੇ। ਉਸ ਨੇ 543 ਵਿੱਚੋਂ 99 ਅੰਕ ਹਾਸਲ ਕੀਤੇ ਹਨ। ਪੀਐੱਮ ਮੋਦੀ ਨੇ ਕਿਹਾ ਕਿ 2024 ਤੋਂ ਕਾਂਗਰਸ ਪਰਜੀਵੀ ਪਾਰਟੀ ਨਾਲ ਜਾਣੀ ਜਾਵੇਗੀ। ਪਰਜੀਵੀ ਉਸੇ ਨੂੰ ਖਾਂਦਾ ਹੈ, ਜੋ ਉਸ ਦੇ ਸਰੀਰ 'ਚ ਹੁੰਦਾ ਹੈ। ਯਾਨੀ ਕਾਂਗਰਸ ਦਾ ਜਿਸ ਨਾਲ ਗਠਜੋੜ ਹੁੰਦਾ ਹੈ, ਇਹ ਉਸੇ ਦਾ ਵੋਟ ਖਾ ਜਾਂਦੀ ਹੈ। ਇਹ ਆਪਣੀ ਸਹਿਯੋਗੀ ਪਾਰਟੀਆਂ ਦੀ ਕੀਮਤ 'ਤੇ ਖੁਸਹਾਲ ਰਹਿੰਦੀ ਹੈ। ਮੋਦੀ ਨੇ ਕਿਹਾ ਕਿ ਕਾਂਗਰਸੀ ਨੇਤਾਵਾਂ ਦੀ ਬਿਆਨਬਾਜੀ ਨੇ ਫਿਲਮ ਸੋਲੇ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਮੈਂ ਕਾਂਗਰਸ ਦੇ ਲੋਕਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਾਅਲੀ ਜਿੱਤ ਦਾ ਜਸਨ ਮਨਾ ਕੇ ਫਤਵੇ ਨੂੰ ਨਾ ਦਬਾਓ। ਝੂਠੀ ਜਿੱਤ ਦੇ ਨਸ਼ੇ ਵਿਚ ਨਾ ਰਹੋ। ਫਤਵੇ ਨੂੰ ਇਮਾਨਦਾਰੀ ਨਾਲ ਸਮਝਣ ਦੀ ਕੋਸ਼ਿਸ਼ ਕਰੋ ਅਤੇ ਉਸ ਨੂੰ ਸਵੀਕਾਰ ਕਰੋ। ਭਾਜਪਾ ਅਤੇ ਕਾਂਗਰਸ ਵਿਚਾਲੇ ਜਿੱਥੇ ਸਿੱਧੀ ਟੱਕਰ ਸੀ, ਉੱਥੇ ਕਾਂਗਰਸ ਪ੍ਰਮੁੱਖ ਪਾਰਟੀ ਸੀ, ਉੱਥੇ ਕਾਂਗਰਸ ਦਾ ਸਟਰਾਈਕ ਰੇਟ ਸਿਰਫ 26 ਫੀਸਦੀ ਹੈ। ਪੀਐੱਮ ਮੋਦੀ ਨੇ ਕਿਹਾ ਕਿ ਕਾਂਗਰਸ ਦੀਆਂ 99 ਸੀਟਾਂ ਵਿਚੋਂ ਜ਼ਿਆਦਾਤਰ ਇਸ ਦੇ ਸਹਿਯੋਗੀਆਂ ਨੇ ਜਿੱਤੀਆਂ ਹਨ ਅਤੇ ਇਸ ਲਈ ਮੈਂ ਕਹਿ ਰਿਹਾ ਹਾਂ ਕਿ ਕਾਂਗਰਸ ਇਕ ਪਰਜੀਵੀ ਹੈ। 16 ਰਾਜਾਂ ਵਿੱਚ ਜਿੱਥੇ ਕਾਂਗਰਸ ਨੇ ਇਕੱਲਿਆਂ ਚੋਣਾਂ ਲੜੀਆਂ ਸਨ, ਉਨ੍ਹਾਂ ਦੇ ਵੋਟ ਹਿੱਸੇ ਵਿੱਚ ਗਿਰਾਵਟ ਆਈ ਹੈ। ਗੁਜਰਾਤ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ ਉਹ ਤਿੰਨ ਰਾਜ ਹਨ ਜਿੱਥੇ ਕਾਂਗਰਸ ਨੇ ਆਪਣੇ ਦਮ 'ਤੇ ਚੋਣ ਲੜੀ ਅਤੇ 64 'ਚੋਂ ਸਿਰਫ ਦੋ ਸੀਟਾਂ ਹੀ ਜਿੱਤੀਆਂ।

## ਮੁੱਖ ਮੰਤਰੀ ਮਾਨ ਦੀ ਪਤਨੀ ਨੇ ਲਾਇਆ 'ਜਨਤਾ ਦਰਬਾਰ'

ਜਲੰਧਰ 2 ਜੁਲਾਈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਲੰਧਰ 'ਚ ਜ਼ਿਮਨੀ ਚੋਣ ਲਈ ਕਿਰਾਏ 'ਤੇ ਲਏ ਘਰ 'ਚ ਉਨ੍ਹਾਂ ਦੀ ਪਤਨੀ ਡਾਕਟਰ ਗੁਰਪ੍ਰੀਤ ਕੌਰ ਨੇ ਉਨ੍ਹਾਂ ਦੀ ਗੈਰ ਹਾਜਰੀ 'ਚ ਕੈਂਪ ਆਫ਼ਿਸ ਦਾ ਕੰਮ ਸੰਭਾਲ ਲਿਆ ਹੈ। ਮੁੱਖ ਮੰਤਰੀ ਮਾਨ ਦੀ ਪਤਨੀ ਡਾ: ਗੁਰਪ੍ਰੀਤ ਕੌਰ ਨੇ ਅੱਜ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਆਦੇਸ ਦਿੱਤੇ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਪਹਿਲੀ ਵਾਰ ਨਹੀਂ ਹੈ ਕਿ ਮੁੱਖ ਮੰਤਰੀ ਮਾਨ ਦੀ ਗੈਰ-ਹਾਜਰੀ ਵਿੱਚ ਉਨ੍ਹਾਂ ਦੀ ਪਤਨੀ ਗੁਰਪ੍ਰੀਤ ਕੌਰ ਵੱਲੋਂ ਕੰਮਕਾਜ ਸੰਭਾਲਿਆ ਗਿਆ ਹੋਵੇ। ਸੰਗਰੂਰ ਵਿੱਚ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਵੀ ਸਾਰਾ ਕੰਮ ਮੁੱਖ ਮੰਤਰੀ ਮਾਨ ਦੀ ਪਤਨੀ ਗੁਰਪ੍ਰੀਤ ਕੌਰ ਨੇ ਸੰਭਾਲਿਆ ਸੀ। ਅੱਜ ਵੀ ਉਨ੍ਹਾਂ ਜਲੰਧਰ ਵਿੱਚ ਮੁੱਖ ਮੰਤਰੀ ਨਿਵਾਸ ਵਿਖੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ। ਇਸ ਦੌਰਾਨ ਸਖਤ ਸੁਰੱਖਿਆ ਪ੍ਰਬੰਧ ਵੀ ਕੀਤੇ ਗਏ ਸਨ। ਦੱਸ ਦੇਈਏ ਜਲੰਧਰ 'ਚ ਮੁੱਖ ਮੰਤਰੀ ਮਾਨ ਨੇ ਕਿਹਾ ਹੈ ਕਿ ਉਹ ਹਫਤੇ ਵਿੱਚ ਦੋ ਦਿਨ ਇਸ ਕੈਂਪ ਆਫਿਸ ਵਿੱਚ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਗੇ। ਮੁੱਖ ਮੰਤਰੀ ਮਾਨ ਦਾ ਨਵਾਂ ਘਰ ਸਿਰਫ ਉਪ ਚੋਣਾਂ ਤੱਕ ਹੀ ਨਹੀਂ, ਸਗੋਂ 2027 ਦੀਆਂ ਵਿਧਾਨ ਸਭਾ ਚੋਣਾਂ ਤੱਕ ਰਹੇਗਾ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਮਾਨ ਹਫਤੇ ਵਿੱਚ 2 ਦਿਨ ਇਸ ਘਰ ਵਿੱਚ ਰਹਿਣਗੇ। ਦੱਸ ਦੇਈਏ ਕਿ ਲੋਕ ਸਭਾ ਜ਼ਿਮਨੀ ਚੋਣਾਂ ਦੌਰਾਨ ਮੁੱਖ ਮੰਤਰੀ ਮਾਨ ਅਤੇ ਉਨ੍ਹਾਂ ਦੀ ਟੀਮ ਹੋਟਲਾਂ 'ਚ ਰੁਕੀ ਸੀ ਪਰ ਇਸ ਵਾਰ ਉਪ ਚੋਣਾਂ ਲਈ ਮੁੱਖ ਮੰਤਰੀ ਮਾਨ ਨੇ ਜਲੰਧਰ 'ਚ ਕਿਰਾਏ 'ਤੇ ਮਕਾਨ ਲੈਣ ਦਾ ਫੈਸਲਾ ਕੀਤਾ ਹੈ।

## ਦਿੱਲੀ ਹਵਾਈ ਅੱਡੇ 'ਤੇ ਉਤਰਦੇ ਵੇਲੇ ਜਹਾਜ ਦੇ ਪਹੀਏ 'ਚ ਲੱਗੀ ਅੱਗ

ਨੈਸ਼ਨਲ ਡੈਸਕ 2 ਜੁਲਾਈ। ਮਿਊਨਿਖ ਤੋਂ ਰਵਾਨਾ ਹੋਏ ਲੁਫਥਾਂਸਾ ਦੇ ਏ-380 ਜਹਾਜ ਦੇ ਸੋਮਵਾਰ ਰਾਤ ਨੂੰ ਦਿੱਲੀ ਹਵਾਈ ਅੱਡੇ 'ਤੇ ਉਤਰਦੇ ਸਮੇਂ ਇਕ ਪਹੀਏ ਵਿਚ ਅੱਗ ਲੱਗ ਗਈ। ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਸੂਤਰਾਂ ਨੇ ਦੱਸਿਆ ਕਿ ਉਡਾਣ ਸੰਖਿਆ ਐਲ.ਐਚ-762 ਵਾਲਾ ਜਹਾਜ ਇੰਦਰਾ ਗਾਂਧੀ ਅੰਤਰਰਾਸਟਰੀ ਹਵਾਈ ਅੱਡੇ 'ਤੇ ਸੁਰੱਖਿਅਤ ਉਤਰ ਗਿਆ। ਸੂਤਰਾਂ ਮੁਤਾਬਕ, ਜਹਾਜ ਦੀ ਜਾਂਚ ਕੀਤੀ ਜਾਣੀ ਸੀ ਅਤੇ ਕਲਪੁਰਜੇ ਤੁਰੰਤ ਉਪਲਬਧ ਨਾ ਹੋਣ ਕਾਰਨ ਮਿਊਨਿਖ ਦੀ ਵਾਪਸੀ ਵਾਲੀ ਉਡਾਣ ਰੱਦ ਕਰ ਦਿੱਤੀ ਗਈ। ਸੂਤਰਾਂ ਨੇ ਦੱਸਿਆ ਕਿ ਜਹਾਜ ਵਿਚ ਕਰੀਬ 490 ਯਾਤਰੀ ਸਵਾਰ ਸਨ। ਹਵਾਈ ਹਵਾਈ ਅੱਡੇ 'ਤੇ ਕੰਟਰੋਲ ਵਿਧੀ ਤੋਂ ਉਤਰਨ ਵਿਚ ਸਫਲ ਰਿਹਾ। ਹਵਾਬਾਜੀ ਕੰਪਨੀ ਦੇ ਇਕ ਬੁਲਾਰੇ ਨੇ ਮੰਗਲਵਾਰ ਨੂੰ ਬਿਆਨ ਜਾਰੀ ਕਰਦੇ ਹੋਏ ਕਿਹਾ, "ਉਡਾਨ ਸੰਖਿਆ ਐਲ.ਐਚ-762 ਦਿੱਲੀ ਵਿਚ ਸੁਰੱਖਿਅਤ ਉਤਰ ਗਈ। ਕੰਟਰੋਲ ਤਰੀਕੇ ਨਾਲ ਉਤਰਨ ਤੋਂ ਬਾਅਦ ਕਲਪੁਰਜ਼ਿਆਂ ਦੀ ਗੈਰ-ਮੌਜੂਦਗੀ ਲਈ ਜਹਾਜ ਨੂੰ ਕੁਝ ਸਮੇਂ ਲਈ ਅੱਗੇ ਉਡਾਣ ਲਈ 'ਉਪਲਬਧ ਨਹੀਂ' ਦੀ ਸ੍ਰੇਣੀ ਵਿਚ ਰੱਖਿਆ ਗਿਆ ਹੈ। ਲੁਫਥਾਂਸਾ ਦੀ ਪਹਿਲੀ ਤਰਜੀਹ ਸੁਰੱਖਿਆ ਹੈ।" ਸੂਤਰਾਂ ਨੇ ਦੱਸਿਆ ਕਿ ਜਹਾਜ ਦੇ ਉਤਰਦੇ ਸਮੇਂ ਇਕ ਪਹੀਏ ਵਿਚ ਅੱਗ ਦੀ ਸੂਚਨਾ ਮਿਲੀ। ਸੂਤਰਾਂ ਮੁਤਾਬਕ, ਘਟਨਾ ਕਾਰਨ ਵਾਪਸੀ ਦੀ ਉਡਾਣ ਸੰਖਿਆ ਐਲ.ਐਚ-763 ਰੱਦ ਕਰ ਦਿੱਤੀ ਗਈ, ਜਦਕਿ ਯਾਤਰੀਆਂ ਨੂੰ ਬੋਰਡਿੰਗ ਪਾਸ ਜਾਰੀ ਕਰ ਦਿੱਤੇ ਗਏ ਸਨ। ਲੁਫਥਾਂਸਾ ਦੇ ਇਕ ਬੁਲਾਰੇ ਨੇ ਦੱਸਿਆ ਕਿ ਜਹਾਜ ਡੀਏਆਈਐੱਮਸੀ 3 ਜੁਲਾਈ ਨੂੰ ਰਾਸ਼ਟਰੀ ਰਾਜਧਾਨੀ ਤੋਂ ਮਿਊਨਿਖ ਲਈ ਉਡਾਣ ਐਲ.ਐਚ-763 ਸੰਚਾਲਤ ਕਰਨ ਵਾਲਾ ਹੈ।

## ਕਸ਼ਮੀਰ 'ਚ ਤਾਪਮਾਨ ਵਧਿਆ, ਸਕੂਲਾਂ 'ਚ ਹੋਈਆਂ 10 ਦਿਨ ਦੀਆਂ ਛੁੱਟੀਆਂ

ਸ੍ਰੀਨਗਰ 2 ਜੁਲਾਈ। ਕਸਮੀਰ ਘਾਟੀ 'ਚ ਵਧਦੇ ਤਾਪਮਾਨ ਦਰਮਿਆਨ ਅਧਿਕਾਰੀਆਂ ਨੇ 8 ਜੁਲਾਈ ਤੋਂ ਹਾਇਰ ਸੈਕੰਡਰੀ ਪੱਧਰ ਤੱਕ ਦੇ ਸਾਰੇ ਸਕੂਲਾਂ 'ਚ 10 ਦਿਨਾਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ ਕੀਤਾ ਹੈ। ਅਧਿਕਾਰੀਆਂ ਨੇ ਸੋਮਵਾਰ ਨੂੰ ਇੱਥੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਐਤਵਾਰ ਦੇਰ ਰਾਤ ਇਸ ਸਬੰਧੀ ਹੁਕਮ ਜਾਰੀ ਕੀਤਾ ਗਿਆ। ਆਦੇਸ ਵਿਚ ਕਿਹਾ ਗਿਆ ਹੈ ਕਿ ਕਸਮੀਰ ਡਿਵੀਜਨ ਦੇ ਸਾਰੇ ਸਰਕਾਰੀ ਅਤੇ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਵਿਚ 8 ਜੁਲਾਈ ਤੋਂ 17 ਜੁਲਾਈ ਤੱਕ ਗਰਮੀਆਂ ਦੀਆਂ ਛੁੱਟੀਆਂ ਹੋਣਗੀਆਂ। ਜੇਕਰ ਲੋੜ ਪਈ ਤਾਂ ਵਿਦਿਆਰਥੀਆਂ ਨੂੰ ਆਨਲਾਈਨ ਮਾਰਗਦਰਸਨ ਉਪਲਬਧ ਕਰਵਾਇਆ ਜਾਵੇਗਾ। ਭਾਰਤੀ ਮੌਸਮ ਵਿਭਾਗ () ਦੀ ਵੈੱਬਸਾਈਟ ਮੁਤਾਬਕ ਕਸਮੀਰ ਘਾਟੀ 'ਚ ਇਸ ਵਾਰ ਗਰਮੀਆਂ 'ਚ ਤਾਪਮਾਨ ਆਮ ਨਾਲੋਂ ਵੱਧ ਦਰਜ ਕੀਤਾ ਗਿਆ ਹੈ। ਨੇ ਕਿਹਾ ਕਿ ਐਤਵਾਰ ਨੂੰ ਪਾਰਾ ਵੱਧ ਕੇ 32.7 ਡਿਗਰੀ ਸੈਲਸੀਅਸ ਹੋ ਗਿਆ, ਜੋ ਸੀਜਨ ਦੇ ਆਮ ਨਾਲੋਂ 3.1 ਡਿਗਰੀ ਸੈਲਸੀਅਸ ਵੱਧ ਹੈ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਦਾ ਘੱਟੋ-ਘੱਟ ਤਾਪਮਾਨ 21.8 ਡਿਗਰੀ ਸੈਲਸੀਅਸ ਰਿਹਾ, ਜੋ ਮੌਜੂਦਾ ਘੱਟੋ-ਘੱਟ ਤਾਪਮਾਨ ਨਾਲੋਂ 4.5 ਡਿਗਰੀ ਸੈਲਸੀਅਸ ਵੱਧ ਹੈ।

## ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਮੱਲਿਕਾਰਜੁਨ ਖੜਗੇ ਨੇ ਪੀਐੱਮ ਮੋਦੀ ਨੂੰ ਘੇਰ ਵਿੰਨ੍ਹੇ ਨਿਸ਼ਾਨੇ

**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 2 ਜੁਲਾਈ। ਸੋਮਵਾਰ ਯਾਨੀ 2 ਜੁਲਾਈ ਨੂੰ ਸੰਸਦ ਸੈਸਨ ਦੇ ਛੇਵਾਂ ਦਿਨ ਸੈਸਨ ਦੀ ਸੁਰੂਆਤ ਵਿੱਚ ਸਪੀਕਰ ਨੇ ਵਿਰੋਧੀ ਧਿਰ ਦੇ ਮੁਲਤਵੀ ਮਤੇ ਨੂੰ ਰੱਦ ਕਰ ਦਿੱਤਾ, ਜਿਸ ਕਾਰਨ ਵਿਰੋਧੀ ਧਿਰ ਨੇ ਹੰਗਾਮਾ ਕਰਨਾ ਸੁਰੂ ਕਰ ਦਿੱਤਾ। ਇਸ ਤੋਂ ਪਹਿਲਾਂ ਵੱਖ-ਵੱਖ ਦੇਸਾਂ ਦੇ ਨੇਤਾਵਾਂ ਦੇ ਦੇਹਾਂਤ 'ਤੇ ਸੋਗ ਪ੍ਰਗਟ ਕੀਤਾ ਗਿਆ ਸੀ। ਨਾਲ ਹੀ ਟੀ-20 ਵਿਸਵ ਕੱਪ 'ਚ ਟੀਮ ਇੰਡੀਆ ਦੀ ਜਿੱਤ 'ਤੇ ਖੁਸੀ ਪ੍ਰਗਟਾਈ ਗਈ। ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਮੱਲਿਕਾਰਜੁਨ ਖੜਗੇ ਨੇ ਕਿਹਾ- ਦੀ ਵਿਚਾਰਧਾਰਾ ਦੇਸ ਲਈ ਖਤਰਨਾਕ ਹੈ। ਰਾਜ ਸਭਾ 'ਚ ਰਾਸਟਰਪਤੀ ਦੇ ਭਾਸਣ 'ਤੇ ਧੰਨਵਾਦ ਮਤੇ 'ਤੇ ਬੋਲਦੇ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਰਾਸਟਰਪਤੀ ਸੰਸਦ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ। ਅਸੀਂ ਰਾਸਟਰਪਤੀ ਦਾ ਸਨਮਾਨ ਕਰਦੇ ਹਾਂ। ਇਸ ਸਾਲ ਰਾਸਟਰਪਤੀ ਦਾ ਪਹਿਲਾ ਸੰਬੋਧਨ ਜਨਵਰੀ ਵਿੱਚ ਅਤੇ ਦੂਜਾ ਜੂਨ ਵਿੱਚ ਸੀ। ਪਹਿਲਾ ਸੰਬੋਧਨ ਚੋਣਾਂ ਲਈ ਸੀ ਅਤੇ ਦੂਜਾ ਉਸ ਦੀ ਨਕਲ। ਰਾਸਟਰਪਤੀ ਦੇ ਸੰਬੋਧਨ ਵਿੱਚ ਨਾ ਤਾਂ ਕੋਈ ਦ੍ਰਿਸਟੀ ਸੀ ਅਤੇ ਨਾ ਕੋਈ ਦਿਸਾ। ਇਸ ਵਿੱਚ ਸਿਰਫ ਸਰਕਾਰ ਦੀ ਤਾਰੀਫ ਹੈ। ਉਨ੍ਹਾਂ ਦੇ ਸੰਬੋਧਨ ਵਿੱਚ ਦਲਿਤਾਂ, ਘੱਟ ਗਿਣਤੀਆਂ ਅਤੇ



ਪਛੜੀਆਂ ਸ੍ਰੇਣੀਆਂ ਲਈ ਕੁਝ ਵੀ ਨਹੀਂ ਸੀ। ਮਲਿਕਾਰਜੁਨ ਖੜਗੇ ਨੇ ਰਾਜ ਸਭਾ 'ਚ ਕਿਹਾ ਕਿ ਪੀਐੱਮ ਮੋਦੀ ਨੇ ਪਿਛਲੇ 10 ਸਾਲਾਂ 'ਚ ਕਦੇ ਆਪਣੀ ਸਰਕਾਰ ਨੂੰ ਭਾਜਪਾ ਸਰਕਾਰ ਨਹੀਂ ਕਿਹਾ। ਉਹ ਮੋਦੀ ਦੀ ਸਰਕਾਰ ਕਹਿੰਦੇ ਹਨ। ਹੁਣ ਉਹ ਆਪਣੀ ਸਰਕਾਰ ਨੂੰ ਐੱਨਡੀਏ ਸਰਕਾਰ ਕਹਿ ਰਹੇ ਹਨ। ਵਿਰੋਧੀ ਪਾਰਟੀਆਂ ਆਮ ਆਦਮੀ ਦੀ ਗੱਲ ਕਰਦੀਆਂ ਹਨ, ਜਦਕਿ ਪੀਐੱਮ ਮੋਦੀ ਸਿਰਫ ਆਪਣੇ ਮਨ ਦੀ ਗੱਲ ਕਰਦੇ ਹਨ। ਪੀਐੱਮ ਮੋਦੀ ਸਿਰਫ ਨਾਅਰੇ ਦੇਣ ਵਿੱਚ ਮਾਹਿਰ ਹਨ। ਰਾਜ ਸਭਾ ਵਿੱਚ ਖੜਗੇ ਨੇ ਦੀ ਵਿਚਾਰਧਾਰਾ ਨੂੰ ਦੇਸ ਲਈ ਖਤਰਨਾਕ ਦੱਸਿਆ। ਇਸ 'ਤੇ ਚੇਅਰਮੈਨ ਜੈਦੀਪ ਧਨਖੜ ਨੇ ਕਿਹਾ ਕਿ ਦੇਸ ਲਈ ਕੰਮ ਕਰਦੀ ਹੈ। ਚੰਗੇ ਲੋਕ ਇਸ ਵਿੱਚ ਸਾਮਲ ਹਨ। ਇਸ 'ਤੇ ਖੜਗੇ ਨੇ ਕਿਹਾ ਕਿ ਦੀ ਵਿਚਾਰਧਾਰਾ ਮਨੂਵਾਦੀ ਹੈ। ਰਾਜ ਸਭਾ ਵਿੱਚ ਸਦਨ ਦੇ ਨੇਤਾ ਜੇਪੀ ਨੱਡਾ ਨੇ ਰਾਜ ਸਭਾ ਦੀ ਕਾਰਵਾਈ ਤੋਂ ਉਨ੍ਹਾਂ ਦੇ ਬਿਆਨ ਨੂੰ ਹਟਾਉਣ ਦੀ ਮੰਗ ਕੀਤੀ। ਮਲਿਕਾਰਜੁਨ ਖੜਗੇ ਨੇ ਕਿਹਾ ਕਿ ਮਨੀਪੁਰ ਸੜ ਰਿਹਾ ਹੈ ਪਰ ਸਰਕਾਰ ਇਸ ਵੱਲ ਧਿਆਨ ਨਹੀਂ ਦੇ ਰਹੀ। ਅਸੀਂ ਕਈ ਵਾਰ ਕਹਿ ਚੁੱਕੇ ਹਾਂ, ਪਰ ਸਰਕਾਰ ਨੇ ਨਹੀਂ ਸੁਣੀ, ਹੁਣ ਮੁਖੀ ਮੋਹਨ ਭਾਗਵਤ ਵੀ ਕਹਿ ਰਹੇ ਹਨ ਕਿ ਮਨੀਪੁਰ ਸੜ ਰਿਹਾ ਹੈ। ਜੇਕਰ ਤੁਸੀਂ ਸਾਡੀ ਗੱਲ ਨਹੀਂ ਸੁਣਦੇ ਤਾਂ ਉਨ੍ਹਾਂ ਦੀ ਹੀ ਸੁਣ ਲਓ।

## ਮੈਂ 80 ਦੀਆਂ 80 ਸੀਟਾਂ ਜਿੱਤ ਜਾਵਾਂ ਤਾਂਵੀ EVM 'ਤੇ ਭਰੋਸਾ ਨਹੀਂ ਹੋਵੇਗਾ: ਅਖਿਲੇਸ਼

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 2 ਜੁਲਾਈ। 18ਵੀਂ ਲੋਕ ਸਭਾ ਦੇ ਪਹਿਲੇ ਸੰਸਦ ਸੈਸ਼ਨ ਦਾ ਅੱਜ 7ਵਾਂ ਦਿਨ ਹੈ। ਸੰਸਦ ਸੈਸ਼ਨ ਦੇ 7ਵੇਂ ਦਿਨ ਲੋਕ ਸਭਾ ਅਤੇ ਰਾਜ ਸਭਾ ਵਿਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ 'ਤੇ ਚਰਚਾ ਹੋਵੇਗੀ। ਲੋਕ ਸਭਾ ਵਿਚ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਬੋਲਦਿਆਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਦਾ ਨਤੀਜਾ ਵਿਰੋਧੀ ਧਿਰ 'ਇੰਡੀਆ' ਗਠਜੋੜ ਲਈ ਜ਼ਿੰਮੇਵਾਰੀ ਦਾ ਸੰਦੇਸ਼ ਦਿੰਦਾ ਹੈ ਅਤੇ ਇਹ ਨਤੀਜਾ ਫਿਰਕੂ ਰਾਜਨੀਤੀ ਨੂੰ ਖਤਮ ਕਰਕੇ ਭਾਈਚਾਰਕ ਰਾਜਨੀਤੀ ਦੀ ਸੁਰੂਆਤ ਕਰਨ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 4 ਜੂਨ ਨੂੰ ਚੋਣਾਂ ਦੇ ਨਤੀਜਿਆਂ ਨੇ ਤੋੜਨ ਵਾਲੀ ਰਾਜਨੀਤੀ ਨੂੰ ਤੋੜ ਦਿੱਤਾ ਅਤੇ ਜੋੜਨ ਵਾਲੀ ਰਾਜਨੀਤੀ ਦੀ ਜਿੱਤ ਹੋਈ ਹੈ। ਹੁਣ ਮਨਮਰਜੀ ਨਹੀਂ, ਜਨਮਰਜੀ ਚਲੇਗੀ। ਇਸ ਚੋਣਾਂ ਦਾ ਇਹ ਪੈਗਾਮ ਹੈ। ਅਖਿਲੇਸ਼ ਨੇ ਲੋਕ ਸਭਾ ਵਿਚ ਸ਼ਾਇਰਾਨਾ ਹਮਲਾ ਕਰਦਿਆਂ ਕਿਹਾ ਕਿ ਹਜੂਰ-ਏ-ਆਲਾ ਆਜ ਤੱਕ ਖਾਮੋਸ਼ ਬੈਠੇ ਹੈ ਇਸੇ ਗਮ ਮੇਂ, ਮਹਿਫਲ ਲੁੱਟ ਲੇ ਗਯਾ ਕੋਈ ਜਬ ਕੀ ਸਜਾਈ ਹਮ ਨੇ। ਉਨ੍ਹਾਂ ਕਿਹਾ ਕਿ ਜਦੋਂ ਚੋਣ ਜਾਬਤਾ ਲਾਗੂ ਹੋਇਆ। ਅਸੀਂ ਵੇਖਿਆ ਕਿ ਚੋਣ ਕਮਿਸ਼ਨ ਕੁਝ ਲੋਕਾਂ 'ਤੇ ਮਿਹਰਬਾਨ ਰਿਹਾ। ਉਹ ਸੰਸਥਾ ਨਿਰਪੱਖ ਹੋਵੇਗੀ ਤਾਂ ਭਾਰਤ ਦਾ ਲੋਕਤੰਤਰ ਮਜਬੂਤ ਹੋਵੇਗਾ। ਉਨ੍ਹਾਂ ਨੇ ਕਿਹਾ ਕਿ 'ਤੇ ਮੈਨੂੰ ਅੱਜ ਵੀ ਭਰੋਸਾ ਨਹੀਂ ਹੈ। 80 ਦੀਆਂ 80 ਸੀਟਾਂ ਜਿੱਤ ਜਾਵਾਂ ਤਾਂ ਵੀ ਨਹੀਂ ਹੋਵੇਗਾ। ਅਸੀਂ ਚੋਣਾਂ ਵਿਚ ਵੀ ਕਿਹਾ ਸੀ ਕਿ ਤੋਂ ਜਿੱਤ ਕੇ ਹਟਾਵਾਂਗੇ। ਅਖਿਲੇਸ਼ ਨੇ ਗੰਨਾ ਕਿਸਾਨਾਂ ਦੇ ਭੁਗਤਾਨ ਤੋਂ ਲੈ ਕੇ ਪੇਪਰ ਲੀਕ ਤੱਕ ਸਰਕਾਰ ਨੂੰ ਘੇਰਿਆ। ਉਨ੍ਹਾਂ ਕਿਹਾ ਕਿ



ਉੱਤਰ ਪ੍ਰਦੇਸ਼ ਵਿਚ ਪਿਛਲੇ ਸੱਤ ਸਾਲਾਂ ਵਿਚ ਪ੍ਰੀਖਿਆ ਮਾਫੀਆ ਦਾ ਜਨਮ ਹੋਇਆ ਅਤੇ ਹਰ ਪ੍ਰੀਖਿਆ ਦਾ ਪ੍ਰਸ਼ਨ ਪੱਤਰ ਲੀਕ ਹੋਇਆ ਹੈ। ਅਸੀਂ ਅਗਨੀਵੀਰ ਯੋਜਨਾ ਨੂੰ ਸਵੀਕਾਰ ਨਹੀਂ ਕਰਦੇ, ਜਦੋਂ ਕਦੇ ਇੰਡੀਆ ਗਠਜੋੜ ਸੱਤਾ ਵਿਚ ਆਵੇਗਾ ਤਾਂ ਅਸੀਂ ਇਸ ਯੋਜਨਾ ਨੂੰ ਖਤਮ ਕਰ ਦੇਵਾਂਗੇ। ਅਖਿਲੇਸ਼ ਯਾਦਵ ਨੇ ਦੋਸ ਲਾਇਆ ਕਿ ਇਸ ਸਰਕਾਰ ਨੇ ਰਾਖਵੇਂਕਰਨ ਨਾਲ ਖਿਲਵਾੜ ਕੀਤਾ ਹੈ। ਉਨ੍ਹਾਂ ਕਿਹਾ ਸਰਕਾਰ ਕਹਿੰਦੀ ਹੈ ਕਿ ਦੇਸ ਦੀ 5ਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਈ ਹੈ ਪਰ ਇਹ ਕਿਉਂ ਲੁਕਾਉਂਦੀ ਹੈ ਕਿ ਜੇਕਰ ਅਸੀਂ 5ਵੇਂ ਨੰਬਰ 'ਤੇ ਹਾਂ ਤਾਂ ਸਾਡੇ ਦੇਸ ਦੀ ਪ੍ਰਤੀ ਵਿਅਕਤੀ ਆਮਦਨ ਕਿਸ ਮੁਕਾਮ 'ਤੇ ਪਹੁੰਚ ਗਈ ਹੈ? ਜਵਾਬ ਹੈ ਜੇਕਰ ਸੂਬੇ ਦੀ ਆਰਥਿਕਤਾ ਨੂੰ ਹਜਾਰ ਅਰਬ ਡਾਲਰ ਦੀ ਅਰਥਵਿਵਸਥਾ ਬਣਨਾ ਹੈ ਤਾਂ 35 ਫੀਸਦੀ ਵਿਕਾਸ ਦਰ ਦੀ ਲੋੜ ਹੈ, ਜੋ ਸੰਭਵ ਨਹੀਂ ਜਾਪਦਾ। ਕੇਂਦਰ ਸਰਕਾਰ ਨੂੰ ਲੰਬੇ ਹੱਥੀਂ ਲੈਂਦਿਆਂ ਅਖਿਲੇਸ਼ ਨੇ ਕਿਹਾ ਕਿ ਉੱਤਰ ਪ੍ਰਦੇਸ ਦੇ ਲੋਕ ਇਸ ਗੱਲ 'ਤੇ ਜੋਰ ਦਿੰਦੇ ਹਨ ਕਿ ਗੰਗਾ ਜਲ ਬਾਰੇ ਘੱਟੋ-ਘੱਟ ਝੂਠ ਨਾ ਬੋਲਿਆ ਜਾਵੇ। ਉਨ੍ਹਾਂ ਦੋਸ ਲਾਇਆ ਕਿ ਵਿਕਾਸ ਦੇ ਨਾਂ 'ਤੇ ਕਰੋੜਾਂ ਰੁਪਏ ਦਾ ਭ੍ਰਿਸਟਾਚਾਰ ਹੋਇਆ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਵਿਕਾਸ ਦਾ ਪ੍ਰਚਾਰ ਕਰਨ ਵਾਲੇ ਇਸ ਤਬਾਹੀ ਦੀ ਜ਼ਿੰਮੇਵਾਰੀ ਲੈਣਗੇ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ 'ਚ ਅਸੀਂ ਜੋ ਸੜਕਾਂ ਬਣਾਈਆਂ ਸਨ, ਉਨ੍ਹਾਂ 'ਤੇ ਹਵਾਈ ਜਹਾਜ ਉਤਰੇ ਸਨ ਪਰ ਹੁਣ ਸੂਬੇ ਦੇ ਮੁੱਖ ਸਹਿਰਾਂ 'ਚ ਸੜਕਾਂ 'ਤੇ ਹਵਾਈ ਜਹਾਜ ਨਹੀਂ ਕਿਸਤੀਆਂ ਚੱਲ ਰਹੀਆਂ ਹਨ।

## ਇਸਤਰੀ ਵਿੰਗ ਦਾ ਬੂਥ ਤੇ ਪਿੰਡ ਪੱਧਰ 'ਤੇ ਵਿਸਥਾਰ ਕਰਨ ਲਈ ਕਮੇਟੀਆਂ ਬਣਾਈਆਂ ਜਾਣਗੀਆਂ : ਸੁਖਬੀਰ ਬਾਦਲ

ਚੰਡੀਗੜ੍ਹ 2 ਜੁਲਾਈ। ਇਸਤਰੀ ਅਕਾਲੀ ਦਲ ਨੇ ਅੱਜ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ 'ਚ ਪੂਰਨ ਭਰੋਸਾ ਪ੍ਰਗਟਾਇਆ ਅਤੇ ਕਿਹਾ ਕਿ ਉਹ ਇਸ ਮੌਕੇ ਪਾਰਟੀ ਦੀ ਅਗਵਾਈ ਕਰਨ ਲਈ ਸਭ ਤੋਂ ਢੁੱਕਵੇਂ ਆਗੂ ਹਨ। ਇਸਤਰੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਬਚਾਓ ਯਾਤਰਾ ਦੌਰਾਨ ਪ੍ਰਭਾਵਸਾਲੀ ਮੁਹਿੰਮ ਚਲਾ ਕੇ ਪ੍ਰੇਰਿਤ ਕਰਨ ਵਾਲੀ ਲੀਡਰਸ਼ਿਪ ਦਿੱਤੀ। ਮੈਂਬਰਾਂ ਨੇ ਕਿਹਾ ਕਿ ਇਸਤਰੀ ਅਕਾਲੀ ਦਲ ਨੇ ਔਰਤਾਂ ਤੱਕ ਪਹੁੰਚ ਕੀਤੀ ਅਤੇ ਬਠਿੰਡਾ 'ਚ ਵਿੰਗ ਦੀ ਪ੍ਰਧਾਨ ਹਰਗੋਬਿੰਦ ਕੌਰ ਨੇ ਸਖਤ ਮਿਹਨਤ ਕੀਤੀ, ਜਿਸ ਦਾ ਚੰਗਾ ਨਤੀਜਾ ਪਾਰਟੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੀ ਵੱਡੀ ਜਿੱਤ ਦੇ ਰੂਪ ਵਿਚ ਮਿਲਿਆ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪਾਰਟੀ ਨੇ ਇਸਤਰੀ ਅਕਾਲੀ ਦਲ ਦੇ ਵਿਸਥਾਰ ਦੀ ਯੋਜਨਾ ਬਣਾਈ ਹੈ ਤਾਂ ਜੋ ਹਰ ਪਿੰਡ ਤੇ ਹਰ ਬੂਥ ਤੱਕ ਪਹੁੰਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਅਸੀਂ ਫੈਸਲਾ ਕੀਤਾ ਹੈ ਕਿ ਬੂਥ, ਪਿੰਡ, ਸਰਕਲ ਤੇ ਹਲਕਾ ਪੱਧਰ 'ਤੇ ਇਨ੍ਹਾਂ ਦੀਆਂ ਪ੍ਰਧਾਨਾਂ ਦੀ ਅਗਵਾਈ 'ਚ ਚੋਣਾਂ ਕਰਵਾਈਆਂ ਜਾਣ ਅਤੇ ਜ਼ਿਲ੍ਹਾ ਪੱਧਰ 'ਤੇ ਵੀ ਇਸਤਰੀ ਅਕਾਲੀ ਦਲ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਵਿਚ ਪ੍ਰਭਾਵਸਾਲੀ ਮਹਿਲਾ ਲੀਡਰਸ਼ਿਪ ਪੈਦਾ ਕੀਤੀ ਜਾਵੇਗੀ ਤਾਂ ਜੋ ਬਲਾਕ ਸੰਮਤੀ ਤੇ



ਜ਼ਿਲ੍ਹਾ ਪ੍ਰੀਸਦ ਚੋਣਾਂ ਵਿਚ ਮਹਿਲਾਵਾਂ ਲਈ ਰਾਖਵੀਆਂ ਸੀਟਾਂ 'ਤੇ ਮਜਬੂਤ ਉਮੀਦਵਾਰ ਖੜ੍ਹੇ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਮੈਨੂੰ ਵਿਸਵਾਸ ਹੈ ਕਿ ਇਸਤਰੀ ਅਕਾਲੀ ਦਲ 2027 ਵਿਚ ਸੂਬੇ ਵਿਚ ਚੋਣਾਂ ਵਿਚ ਅਹਿਮ ਭੂਮਿਕਾ ਅਦਾ ਕਰੇਗੀ। ਸ. ਬਾਦਲ ਨੇ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਬੀਬੀ ਹਰਗੋਬਿੰਦ ਕੌਰ ਨੂੰ ਸੇਵਾਵਾਂ ਤੋਂ ਫਾਰਗ ਕਰਨ ਦੀ ਵੀ ਨਿਖੇਧੀ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਇਸ ਕਰ ਕੇ ਬਰਖਾਸਤ ਕੀਤਾ ਗਿਆ

# ਗੋਲ ਗੱਪਿਆਂ ਪਿੱਛੇ ਲੜ ਪਏ ਪਤੀ-ਪਤਨੀ, ਚੱਲੇ ਡਾਂਗਾ-ਸੋਟੇ, ਸੱਦਣੀ ਪੈ ਗਈ ਪੁਲਸ

ਬਾਂਕਾ 2 ਜੁਲਾਈ। ਤੁਸੀਂ ਵੀ ਜੇਕਰ ਆਪਣੇ ਪਰਿਵਾਰ ਨਾਲ ਅਕਸਰ ਗੋਲਗੱਪੇ ਖਾਣ ਲਈ ਬਾਜਾਰ ਜਾਂਦੇ ਹੋ ਤਾਂ ਇਹ ਖਬਰ ਤਹਾਨੂੰ ਵੀ ਹੈਰਾਨ ਪ੍ਰੇਸ਼ਾਨ ਕਰ ਸਕਦੀ ਹੈ। ਦਰਅਸਲ ਗੋਲਗੱਪੇ ਖਾਣ ਪਿੱਛੇ ਪਤੀ-ਪਤਨੀ ਵਿੱਚ ਐਨੀ ਵੱਡੀ ਤਕਰਾਰ ਹੋ ਗਈ ਕਿ ਮੌਕੇ 'ਤੇ ਨਾ ਸਿਰਫ ਬਹਿਸਬਾਜੀ ਹੋ ਸਗੋਂ ਡਾਂਗਾ ਸੋਟੇ ਵੀ ਚੱਲ ਪਏ। ਤਕਰਾਰ ਰੋਕਣ ਲਈ ਆਖਿਰਕਾਰ ਦੁਕਾਨਦਾਰਾਂ ਨੂੰ ਪੁਲਸ ਸੱਦਣੀ ਪੈ ਗਈ। ਦਰਅਸਲ ਬਿਹਾਰ ਦੇ ਬਾਂਕਾ 'ਚ ਗੋਲਗੱਪੇ ਖਾਣ ਨੂੰ ਲੈ ਕੇ ਪਤੀ-ਪਤਨੀ ਵਿਚਾਲੇ ਝੜਪ ਹੋ ਗਈ। ਪਤੀ ਆਪਣੀ ਮਾਂ ਅਤੇ ਪਤਨੀ ਨਾਲ ਬਾਜਾਰ ਆਇਆ ਹੋਇਆ ਸੀ। ਤਿੰਨੋਂ ਗੋਲਗੱਪਾ ਖਾਣ ਲਈ ਇਕ ਦੁਕਾਨ 'ਤੇ ਰੁਕੇ। ਪਤੀ ਨੇ ਦੁਕਾਨਦਾਰ ਨੂੰ ਗੋਲਗੱਪੇ ਦੀਆਂ ਤਿੰਨ ਪਲੇਟਾਂ ਬਣਾਉਣ ਲਈ ਕਿਹਾ। ਜਿਵੇਂ ਹੀ ਪਤੀ ਨੇ ਗੋਲਗੱਪੇ ਦੀ ਪਲੇਟ ਮਾਂ ਨੂੰ ਦਿੱਤੀ ਤਾਂ ਪਤਨੀ ਗੁੱਸੇ 'ਚ ਆ ਗਈ। ਉਸਨੇ ਕਿਹਾ ਕਿ ਤੁਸੀਂ ਮੈਨੂੰ ਪਹਿਲਾਂ ਗੋਲਗੱਪਿਆਂ ਦੀ ਪਲੇਟ ਕਿਉਂ ਨਹੀਂ ਦਿੱਤੀ? ਬਸ ਫਿਰ ਕੀ ਸੀ ਦੁਕਾਨ 'ਚ ਹੀ ਪਤੀ-ਪਤਨੀ ਵਿਚਾਲੇ ਬਹਿਸਬਾਜੀ ਹੋ ਗਈ, ਜੋ ਕੁਝ ਹੀ ਮਿੰਟਾਂ ਵਿੱਚ ਲੜਾਈ ਵਿੱਚ ਬਦਲ ਗਈ। ਝਗੜਾ ਵਧਣ 'ਤੇ ਪਤਨੀ ਨੇ ਮੌਕੇ 'ਤੇ ਹੀ ਆਪਣੇ ਪੇਕੇ ਸੱਦ ਲਏ। ਪਤੀ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਬੁਲਾ ਲਿਆ। ਦੋਵਾਂ ਪੱਖਾਂ ਵਿੱਚ ਫਿਰ ਰੱਜ ਕੇ ਡਾਂਗਾ-ਸੋਟੇ ਚੱਲੇ। ਹੰਗਾਮਾ ਇਨ੍ਹਾਂ ਜ਼ਿਆਦਾ ਵੱਧ ਗਿਆ ਕਿ ਮੌਕੇ 'ਤੇ ਪੁਲਸ ਸੱਦਣੀ ਪੈ ਗਈ। ਪੁਲਸ ਦੇ ਪਹੁੰਚਦੇ ਹੀ ਦੋਵੇਂ ਧਿਰਾਂ ਨੇ ਗੋਲਗੱਪਿਆਂ ਬਾਰੇ ਗੱਲ ਕਰਨੀ ਬੰਦ ਕਰ ਦਿੱਤੀ ਅਤੇ ਇਕ ਦੂਜੇ 'ਤੇ ਕੁਝ ਹੋਰ ਹੀ ਦੋਸ ਲਗਾਉਣੇ ਸੁਰੂ ਕਰ ਦਿੱਤੇ। ਪਤਨੀ ਨੇ ਦੋਸ ਲਾਇਆ ਕਿ ਉਸ ਦੇ ਸਹੁਰੇ ਉਸ ਨੂੰ ਦਾਜ ਲਈ ਤੰਗ ਪ੍ਰੇਸਾਨ ਕਰਦੇ ਹਨ। ਪਤੀ ਨੇ ਦੋਸ ਲਾਇਆ ਕਿ ਪਤਨੀ ਆਪਣੀ ਸੱਸ ਦੀ ਸੇਵਾ ਨਹੀਂ ਕਰਦੀ। ਪੁਲਸ ਨੇ ਬੜੀ ਮੁਸਕਲ ਨਾਲ ਦੋਵਾਂ ਧਿਰਾਂ ਦਾ ਰਾਜੀਨਾਮਾ ਕਰਵਾਇਆ। ਮਾਮਲਾ ਜਗਤਪੁਰ ਇਲਾਕੇ ਦਾ ਹੈ। ਇੱਥੇ ਰਹਿਣ ਵਾਲੇ ਪਤੀ-ਪਤਨੀ ਨੇ ਸੋਮਵਾਰ ਸਾਮ ਗੋਲਗੱਪਿਆਂ ਦੀ ਦੁਕਾਨ ਦੇ ਬਾਹਰ ਹੰਗਾਮਾ ਕੀਤਾ। ਪਤੀ ਨੇ ਆਪਣੀ ਪਤਨੀ ਅਤੇ ਮਾਂ ਲਈ ਗੋਲਗੱਪਿਆਂ ਦੀ ਪਲੇਟ ਮੰਗਵਾਈ ਸੀ ਪਰ ਪਤਨੀ ਨੂੰ ਗੁੱਸਾ ਆ ਗਿਆ ਕਿ ਪਤੀ ਨੇ ਗੋਲਗੱਪਿਆਂ ਦੀ ਪਲੇਟ ਪਹਿਲਾਂ ਉਸਨੂੰ ਦੇਣ ਦੀ ਬਜਾਏ ਆਪਣੀ ਮਾਂ ਨੂੰ ਦੇ ਦਿੱਤੀ। ਪਤੀ ਸੁਧਾਂਸੂ ਰਾਏ ਅਤੇ ਪਤਨੀ ਸਪਨਾ ਕੁਮਾਰੀ ਦੁਕਾਨ ਦੇ ਬਾਹਰ ਸਭ ਦੇ ਸਾਹਮਣੇ ਲੜਦੇ ਰਹੇ। ਫਿਰ ਸਪਨਾ ਨੇ ਆਪਣੇ ਮਾਤਾ-ਪਿਤਾ ਨੂੰ ਫੋਨ ਕਰਕੇ ਸੱਦ ਲਿਆ। ਸੁਧਾਂਸੂ ਨੇ ਆਪਣੇ ਭਰਾ ਹਿਮਾਂਸੂ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ



ਵੀ ਬੁਲਾ ਲਿਆ। ਦੋਵਾਂ ਧਿਰਾਂ ਨੇ ਇੱਕ ਦੂਜੇ 'ਤੇ ਡੰਡੇ ਵਰ੍ਹਾਏ। ਇਸ ਦੌਰਾਨ ਦੋਵਾਂ ਧਿਰਾਂ ਦੇ ਕੁਝ ਲੋਕ ਜਖਮੀ ਵੀ ਹੋਏ। ਜਦੋਂ ਹੰਗਾਮਾ ਵਧ ਗਿਆ ਤਾਂ ਪੁਲਸ ਨੂੰ ਵੀ ਸੂਚਿਤ ਕੀਤਾ ਗਿਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੋਵਾਂ ਧਿਰਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। ਫਿਰ ਸਪਨਾ ਨੇ ਕਿਹਾ ਕਿ ਮੇਰਾ ਪਤੀ, ਸੱਸ ਅਤੇ ਸਹੁਰਾ ਹਰ ਰੋਜ ਮੇਰੇ ਤੋਂ ਏ. ਸੀ. ਦੀ ਮੰਗ ਕਰਦੇ ਹਨ। ਮੈਨੂੰ ਕਿਹਾ ਜਾਂਦਾ ਹੈ ਕਿ ਮਾਂ ਦੇ ਘਰੋਂ ਏ. ਸੀ. ਲੈ ਕੇ ਆ,ਜਦੋਂ ਮੈਂ ਨਾਂਹ ਕੀਤੀ ਤਾਂ ਮੇਰੇ ਸਹੁਰਿਆਂ ਨੇ ਮੇਰੀ ਕੁੱਟਮਾਰ ਕਰ ਦਿੱਤੀ। ਇਸ ਦੌਰਾਨ ਸੁਧਾਂਸੂ ਦਾ ਕਹਿਣਾ ਹੈ ਕਿ ਸਪਨਾ ਆਪਣੀ ਸੱਸ ਦੀ ਸੇਵਾ ਨਹੀਂ ਕਰਨਾ ਚਾਹੁੰਦੀ। ਉਹ ਚਾਹੁੰਦੀ ਹੈ ਕਿ ਜਾਇਦਾਦ ਵੰਡੀ ਜਾਵੇ ਅਤੇ ਅਸੀਂ ਦੋਵੇਂ ਆਪਣੀ ਰਸੋਈ ਵੱਖ ਕਰ ਲਈਏ। ਪੁਲਸ ਘੰਟਿਆਂਬੱਧੀ ਦੋਵਾਂ ਧਿਰਾਂ ਨੂੰ ਸਮਝਾਉਂਦੀ ਰਹੀ। ਬੜੀ ਮੁਸਕਲ ਨਾਲ ਮਾਮਲਾ ਸੁਲਝਾ ਲਿਆ ਗਿਆ।

## ਗਰਮੀਆਂ ਦੀਆਂ ਛੁੱਟੀਆਂ ਖਤਮ ਹੁੰਦਿਆਂ ਹੀ ਸਕੂਲਾਂ 'ਚ ਪਰਤੀ ਰੌਣਕ

ਜੀਰਾ 2 ਜੁਲਾਈ। ਪੰਜਾਬ 'ਚ ਅੱਜ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਨੇ ਗਰਮੀਆਂ ਦੀਆਂ ਛੁੱਟੀਆਂ ਦੇ ਮਗਰੋਂ ਮੁੜ ਤੋਂ ਖੁੱਲ੍ਹਦੇ ਹੀ ਇੱਕ ਨਵੀਂ ਰੌਣਕ ਪ੍ਰਾਪਤ ਕੀਤੀ। ਵਿਦਿਆਰਥੀਆਂ ਦਾ ਇੱਕ ਵੱਡਾ ਹਿੱਸਾ ਜਿੱਥੇ ਉਤਸ਼ਾਹਿਤ ਸੀ, ਉੱਥੇ ਹੀ ਕਈ ਬੱਚਿਆਂ ਨੇ ਪਹਿਲੇ ਦਿਨ ਸਕੂਲ ਜਾਣ ਤੋਂ ਗੈਰ-ਹਾਜਰ ਰਹਿਣਾ ਵੀ ਪਸੰਦ ਕੀਤਾ। ਗਰਮੀਆਂ ਦੀਆਂ ਛੁੱਟੀਆਂ ਦਾ ਆਨੰਦ ਹੋਰ ਕੁੱਝ ਹੈ। ਇਹ ਮਾਹੌਲ ਬੱਚਿਆਂ ਨੂੰ ਖੁੱਲ੍ਹੇ 'ਚ ਖੇਡਣ ਅਤੇ ਮਜੇ ਕਰਨ ਦਾ ਮੌਕਾ ਦਿੰਦਾ ਹੈ। ਇਸ ਦੌਰਾਨ ਉਹ ਨਵੇਂ ਦੋਸਤ ਬਣਾਉਂਦੇ ਹਨ, ਵਧੀਆ ਕਿਸਮ ਦੇ ਖੇਡ ਖੇਡਦੇ ਹਨ ਅਤੇ ਪਰਿਵਾਰ ਵਾਲਿਆਂ ਨਾਲ ਸਮੇਂ ਬਿਤਾਉਂਦੇ ਹਨ। ਇਹ ਛੁੱਟੀਆਂ ਉਨ੍ਹਾਂ ਦੇ ਪਰਿਵਾਰ ਦੇ ਨਾਲ ਮੁਕਾਬਲਾ ਅਤੇ ਖੁਸ਼ੀ ਭਰੇ ਪਲਾਂ ਨੂੰ ਵਧਾਉਂਦੀਆਂ ਹਨ। ਮਹੀਨੇ ਸਵਾ ਮਹੀਨੇ ਦੀਆਂ ਛੁੱਟੀਆਂ ਖਤਮ ਹੋਣ ਉਪਰੰਤ ਜਦੋਂ ਸਕੂਲ ਜਾਣ ਦਾ ਸਮਾਂ ਆਉਂਦਾ ਹੈ ਤਾਂ ਬੱਚਿਆਂ ਦੇ ਅੰਦਰ ਇੱਕ ਉਦਾਸੀ ਜਿਹੀ ਪੈਦਾ ਹੋ ਜਾਂਦੀ ਹੈ ਕਿਉਂਕਿ ਰੌਣਕ ਤੋਂ ਬਾਅਦ ਕਿਸੇ ਹੋਰ ਮਾਹੌਲ 'ਚ ਜਾਣਾ ਹਰ ਇੱਕ ਦੇ ਲਈ ਅਜਿਹਾ ਹੀ ਮਾਹੌਲ ਪੈਦਾ ਕਰਦਾ ਹੈ।

## ਕਮਿਸਨਰੇਟ ਪੁਲਸ ਨੇ 14 ਸਰਾਬ ਦੀਆਂ ਪੇਟੀਆਂ ਸਮੇਤ ਦੋ ਨੂੰ ਕੀਤਾ ਗ੍ਰਿਫਤਾਰ

ਜਲੰਧਰ 2 ਜੁਲਾਈ। ਪੁਲਸ ਕਮਿਸਨਰ ਸ੍ਰੀ ਸਵਪਨ ਸਰਮਾ ਦੀ ਅਗਵਾਈ ਹੇਠ ਜਲੰਧਰ ਕਮਿਸਨਰੇਟ ਪੁਲਸ ਨੇ ਸਰਾਬ ਦੀ ਤਸਕਰੀ ਕਰਨ ਵਾਲੇ ਇੱਕ ਰੈਕੇਟ ਦਾ ਪਰਦਾਫਾਸ ਕਰਦਿਆਂ ਦੋ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 14 ਪੇਟੀਆਂ ਸਰਾਬ ਬਰਾਮਦ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸਨਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਤਲਾਹ ਮਿਲੀ ਸੀ ਕਿ ਸਹਿਰ ਵਿੱਚ ਸਰਾਬ ਦੀ ਤਸਕਰੀ ਕਰਨ ਵਾਲਾ ਗਰੋਹ ਸਰਗਰਮ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਪੁਲਿਸ ਪਾਰਟੀ ਨੇ ਬਸੀਰਪੁਰਾ ਦੇ ਮੇਨ ਬਜਾਰ ਕੋਲ ਇੱਕ ਹੁੰਡਈ ਸੈਂਟਰੋ ਨੂੰ ਰਜਿਸਟ੍ਰੇਸਨ ਨੰਬਰ ਪੀ.ਬੀ.08 ਏ.ਯੂ.4295 ਰੋਕ ਕੇ ਚੈੱਕ ਕੀਤਾ। ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਪੁਲਸ ਨੇ ਕਾਰ ਦੀ ਤਲਾਸੀ ਦੌਰਾਨ ਕਾਰ ਵਿੱਚੋ 14 ਪੇਟੀਆਂ ਪੰਜਾਬ ਦੀ ਸਰਾਬ ਦੀਆਂ ਬਰਾਮਦ ਕੀਤੀਆਂ। ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਤੁਰੰਤ ਕਾਰ ਵਿਚ ਸਵਾਰ ਵਰਿੰਦਰ ਕੁਮਾਰ



ਪੁੱਤਰ ਕਾਂਤਾ ਪਰਸਾਦ ਵਾਸੀ ਮਕਾਨ ਨੰ: 128 ਕਮਲ ਵਿਹਾਰ ਬਸੀਰਪੁਰਾ ਜਲੰਧਰ ਅਤੇ ਨਰੇਸ ਕੁਮਾਰ ਪੁੱਤਰ ਰਾਮ ਅਵਤਾਰ ਵਾਸੀ ਗੁਰੂ ਨਾਨਕ ਪੁਰਾ ਜਲੰਧਰ ਨੂੰ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਤਫਤੀਸ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇਸ ਵਾਰਦਾਤ ਵਿੱਚ ਇੱਕ ਹੋਰ ਮੁਲਜਮ ਬਲਦੇਵ ਸਿੰਘ ਪੁੱਤਰ ਰਤਨ ਲਾਲ ਵਾਸੀ ਕਮਲ ਵਿਹਾਰ ਜਲੰਧਰ ਵੀ ਸਾਮਲ ਸੀ। ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਮੁਲਜਮਾਂ ਖ਼ਿਲਾਫ ਥਾਣਾ ਰਾਮਾ ਮੰਡੀ ਜਲੰਧਰ ਵਿਖੇ ਮੁਕੱਦਮਾ ਨੰਬਰ 41 ਮਿਤੀ 08-02-2024 ਅਧੀਨ 61-1-14, 78(2) ਆਬਕਾਰੀ ਐਕਟ ਦਰਜ ਕੀਤਾ ਗਿਆ ਹੈ। ਪੁਲਸ ਕਮਿਸਨਰ ਨੇ ਦੱਸਿਆ ਕਿ ਦੋ ਮੁਲਜਮਾਂ ਨੂੰ ਸੈਂਟਰੋ ਕਾਰ ਪੀ.ਬੀ.08-ਏ.ਯੂ.-4295 ਸਮੇਤ 14 ਪੇਟੀਆਂ ਪੰਜਾਬ ਸਰਾਬ ਸਮੇਤ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵਰਿੰਦਰ ਖਿਲਾਫ ਪਹਿਲਾਂ ਹੀ ਐਕਸਾਈਜ ਐਕਟ ਤਹਿਤ 24 ਮੁਕੱਦਮੇ ਦਰਜ ਹਨ ਜਦਕਿ ਨਰੇਸ ਕੁਮਾਰ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਮਿਲਿਆ ਹੈ। ਸ੍ਰੀ ਸਵਪਨ ਸਰਮਾ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ

## ਗੁਆਂਢੀ ਜ਼ਿਲ੍ਹਿਆਂ 'ਚ ਤਾਪਮਾਨ ਘਟਣ ਕਾਰਨ ਗਰਮੀ ਤੋਂ ਮਿਲੇਗੀ ਰਾਹਤ, ਪਰ ਜਲੰਧਰ 'ਚ ਜਾਰੀ ਰਹੇਗਾ 'ਯੈਲੋ ਅਲਰਟ'

ਜਲੰਧਰ 2 ਜੁਲਾਈ। ਮਹਾਨਗਰ ਜਲੰਧਰ 26 ਜੂਨ ਨੂੰ ਯੈਲੋ ਅਲਰਟ ਜੋਨ 'ਚ ਰਹੇਗਾ, ਜਦਕਿ ਗੁਆਂਢੀ ਜ਼ਿਲ੍ਹਿਆਂ ਹੁਸ਼ਿਆਰਪੁਰ, ਨਵਾਂਸਹਿਰ ਆਦਿ 'ਚ ਗ੍ਰੀਨ ਜੋਨ ਦਿਖਾਇਆ ਗਿਆ ਹੈ, ਜਿਸ ਕਾਰਨ ਆਸ-ਪਾਸ ਦੇ ਸਹਿਰਾਂ 'ਚ ਰਾਹਤ ਦੇਖਣ ਨੂੰ ਮਿਲੇਗੀ। ਖੁਸਕ ਹਵਾਵਾਂ ਦੀ ਵਧਦੀ ਤੀਬਰਤਾ ਕਾਰਨ ਦਿਨ ਵੇਲੇ ਗਰਮੀ ਦਾ ਪ੍ਰਭਾਵ ਵੱਧ ਰਿਹਾ ਹੈ, ਜਦੋਂ ਕਿ ਸੂਰਜ ਡੁੱਬਣ ਤੋਂ ਬਾਅਦ ਤਾਪਮਾਨ ਸਥਿਰ ਰਹਿੰਦਾ ਹੈ। ਪਿਛਲੇ ਕੁਝ ਦਿਨਾਂ ਦੇ ਮੁਕਾਬਲੇ ਰਾਤ ਦੇ ਤਾਪਮਾਨ 'ਚ ਵਾਧਾ ਦਰਜ ਕੀਤਾ ਗਿਆ ਹੈ, ਜੋ ਤਾਪਮਾਨ 'ਚ ਵਾਧੇ ਦਾ ਸੰਕੇਤ ਹੈ। ਮੌਸਮ ਵਿਭਾਗ ਵੱਲੋਂ ਜਾਰੀ ਯੈਲੋ ਅਲਰਟ ਦੌਰਾਨ ਰਾਤ ਦੇ ਤਾਪਮਾਨ 'ਚ ਹੋਰ ਵਾਧਾ ਹੋਵੇਗਾ, ਜਿਸ ਕਾਰਨ ਲੋਕਾਂ ਦੀਆਂ ਮੁਸਕਲਾਂ ਵਧਣਗੀਆਂ। ਗਰਮੀ ਦੀ ਗੱਲ ਕਰੀਏ ਤਾਂ ਪੰਜਾਬ 'ਚ ਵੱਧ ਤੋਂ ਵੱਧ ਤਾਪਮਾਨ 44 ਡਿਗਰੀ ਨੂੰ ਪਾਰ ਕਰ ਗਿਆ, ਜਿਸ ਕਾਰਨ ਆਉਣ ਵਾਲੇ ਦਿਨਾਂ 'ਚ ਮੌਸਮ 'ਚ ਬਦਲਾਅ ਆਉਣ ਦੇ ਸੰਕੇਤ ਮਿਲ ਰਹੇ ਹਨ। ਇਸ ਦੇ ਨਾਲ ਹੀ ਜਲੰਧਰ 'ਚ ਵੱਧ ਤੋਂ ਵੱਧ ਤਾਪਮਾਨ 40.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦੋਂ ਕਿ ਘੱਟੋ-ਘੱਟ ਤਾਪਮਾਨ 28 ਡਿਗਰੀ ਸੈਲਸੀਅਸ ਤੋਂ ਉਪਰ ਦਰਜ ਕੀਤਾ ਗਿਆ। ਪਿਛਲੇ 24 ਘੰਟਿਆਂ ਦੌਰਾਨ ਤਾਪਮਾਨ 'ਚ 1.3 ਦਾ ਬਦਲਾਅ ਆਇਆ ਹੈ। ਪੰਜਾਬ 'ਚ ਘੱਟੋ-ਘੱਟ ਤਾਪਮਾਨ 25 ਡਿਗਰੀ ਦਰਜ ਕੀਤਾ ਗਿਆ, ਜਦਕਿ ਫਰੀਦਕੋਟ, ਅੰਮ੍ਰਿਤਸਰ ਵਰਗੇ ਸਹਿਰਾਂ 'ਚ ਘੱਟੋ-ਘੱਟ ਤਾਪਮਾਨ 30 ਨੂੰ ਪਾਰ ਕਰ ਗਿਆ ਹੈ। ਇਸ ਦੇ ਨਾਲ ਹੀ 1-2 ਦਿਨਾਂ 'ਚ ਮਹਾਨਗਰ ਜਲੰਧਰ ਦਾ ਘੱਟੋ-ਘੱਟ ਤਾਪਮਾਨ 30 ਡਿਗਰੀ ਦੇ ਨੇੜੇ ਪਹੁੰਚ ਜਾਵੇਗਾ। ਮੌਸਮ ਵਿਭਾਗ ਦੇ ਚੰਡੀਗੜ੍ਹ ਕੇਂਦਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸਹੀਦ ਭਗਤ ਸਿੰਘ ਨਗਰ ਤੇ ਫਿਰੋਜਪੁਰ ਦੇ ਤਾਪਮਾਨ 'ਚ 3 ਡਿਗਰੀ ਤੱਕ ਦਾ ਬਦਲਾਅ ਦੇਖਿਆ ਗਿਆ ਹੈ। ਇਸ ਬਦਲਾਅ ਦਾ ਅਸਰ ਸੂਬੇ ਭਰ 'ਚ ਦੇਖਣ ਨੂੰ ਮਿਲੇਗਾ। ਮਾਹਿਰਾਂ ਦਾ ਕਹਿਣਾ ਹੈ ਕਿ ਬਦਲਾਅ ਦੇ ਸੰਕੇਤ 24 ਘੰਟਿਆਂ ਦੇ ਅੰਦਰ ਦੇਖੇ ਜਾ ਸਕਦੇ ਹਨ। ਇਸ ਕਾਰਨ ਮੌਸਮ ਵਿਭਾਗ ਵੱਲੋਂ ਭਲਕੇ ਨਵੇਂ ਅੰਕੜਿਆਂ ਦੀ ਸੂਚੀ ਜਾਰੀ ਕੀਤੀ ਜਾਵੇਗੀ, ਜਿਸ 'ਚ ਅਗਲੀਆਂ ਸੰਭਾਵਨਾਵਾਂ ਦਾ ਪਤਾ ਲੱਗ ਸਕੇਗਾ। ਇਸ ਸਮੇਂ ਲੋਕਾਂ ਦੀਆਂ ਮੁਸਕਲਾਂ ਵਧ ਗਈਆਂ ਹਨ। ਗਰਮੀ ਦੌਰਾਨ ਲੋਕ ਛੱਤਰੀਆਂ ਤੇ ਹੋਰ ਸਾਧਨਾਂ ਨਾਲ ਆਪਣਾ ਬਚਾਅ ਕਰਦੇ ਦੇਖੇ ਜਾ ਸਕਦੇ ਹਨ। ਖਾਸ ਕਰ ਕੇ ਦੋਪਹੀਆ ਵਾਹਨਾਂ 'ਤੇ ਸਫਰ ਕਰਨ ਵਾਲੇ ਲੋਕ ਆਪਣਾ ਮੂੰਹ ਆਦਿ ਢੱਕ ਕੇ ਆਪਣਾ ਬਚਾਅ ਕਰ ਰਹੇ ਹਨ। ਵਾਹਨ 'ਚ ਸਫਰ ਕਰਦੇ ਸਮੇਂ ਛੱਤਰੀ ਲੈ ਕੇ ਜਾਣਾ ਆਸਾਨ ਨਹੀਂ ਹੈ, ਜਦੋਂ ਕਿ ਪੈਦਲ ਲੋਕ ਛੱਤਰੀ ਦੀ ਵਰਤੋਂ ਨੂੰ ਮਹੱਤਵ ਦਿੰਦੇ ਹਨ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਗਰਮੀ ਵੱਧ ਰਹੀ ਹੈ

# ਤੜਕਸਾਰ ਹੋਈ ਬਾਰਿਸ਼ ਨਾਲ ਗਰਮੀ ਤੋਂ ਮਿਲੀ ਰਾਹਤ, ਆਉਣ ਵਾਲੇ ਦਿਨਾਂ 'ਚ ਕਿਹੋ ਜਿਹਾ ਰਹੇਗਾ ਮੌਸਮ

ਜਲੰਧਰ/ਲੁਧਿਆਣਾ 2 ਜੁਲਾਈ। ਅੱਜ ਪੰਜਾਬ ਵਿਚ ਤੜਕਸਾਰ ਪਈ ਬਾਰਿਸ਼ ਨੇ ਲੋਕਾਂ ਨੂੰ ਹੁੰਮਸ ਭਰੀ ਗਰਮੀ ਤੋਂ ਰਾਹਤ ਦਵਾਈ ਹੈ। ਪਿਛਲੇ ਦਿਨਾਂ ਤੋਂ ਹੁੰਮਸ ਭਰੀ ਗਰਮੀ ਨੇ ਲੋਕਾਂ ਦਾ ਜਿਊਣਾ ਦੂਭਰ ਕੀਤਾ ਹੋਇਆ ਸੀ। ਅੱਜ ਤੜਕਸਾਰ ਤੋਂ ਹੀ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਪਈ ਬਰਸਾਤ ਨਾਲ ਲੋਕਾਂ ਨੇ ਰਾਹਤ ਮਹਿਸੂਸ ਕੀਤੀ ਹੈ। ਇਸ ਨਾਲ ਜਿੱਥੇ ਲੋਕਾਂ ਨੂੰ ਰਾਹਤ ਮਿਲੀ ਹੈ, ਉੱਥੇ ਹੀ ਕਈ ਇਲਾਕਿਆਂ ਵਿਚ ਸੜਕਾਂ 'ਤੇ ਪਾਣੀ ਵੀ ਭਰ ਗਿਆ ਹੈ, ਜਿਸ ਨਾਲ ਲੋਕਾਂ ਦਾ ਆਮ ਜੀਵਨ ਵੀ ਪ੍ਰਭਾਵਿਤ ਹੋਇਆ ਹੈ। ਦੱਖਣੀ-ਪੱਛਮੀ ਮਾਨਸੂਨ ਉੱਤਰੀ ਅਰਬ ਸਾਗਰ, ਗੁਜਰਾਤ ਅਤੇ ਮੱਧ ਪ੍ਰਦੇਸ਼ ਤੋਂ ਅੱਗੇ ਵਧ ਚੁੱਕਾ ਹੈ। ਉੱਤਰ ਭਾਰਤ ਵਿਚ ਵੱਖ-ਵੱਖ ਥਾਵਾਂ 'ਤੇ ਮਾਨਸੂਨ ਨੇ ਦਸਤਕ ਦੇ ਦਿੱਤੀ ਹੈ, ਜਦਕਿ ਹਰਿਆਣਾ-ਪੰਜਾਬ ਸਮੇਤ ਆਸ-ਪਾਸ ਦੇ ਸੂਬਿਆਂ ਵਿਚ ਬੀਤੇ ਦਿਨੀਂ ਬੱਦਲ ਛਾਏ ਰਹੇ ਅਤੇ ਸਿੱਧੀ ਧੁੱਪ ਤੋਂ ਰਾਹਤ ਮਿਲੀ। ਉੱਤਰ ਭਾਰਤ ਦੇ ਮੌਸਮ ਦਾ ਮਿਜਾਜ ਪੂਰੀ ਤਰ੍ਹਾਂ ਬਦਲਿਆ ਹੋਇਆ ਨਜਰ ਆ ਰਿਹਾ ਹੈ। ਮਾਨਸੂਨ ਇਸ ਸਮੇਂ ਉੱਤਰ ਪ੍ਰਦੇਸ਼, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਲੱਦਾਖ, ਪੰਜਾਬ ਅਤੇ ਹਰਿਆਣਾ ਦੇ



ਉੱਤਰੀ ਹਿੱਸਿਆਂ ਵੱਲ ਵਧ ਰਿਹਾ ਹੈ ਅਤੇ ਕਈ ਥਾਵਾਂ 'ਤੇ ਹਲਕਾ ਮੀਂਹ ਪੈਣ ਨਾਲ ਲੋਕਾਂ ਨੂੰ ਗਰਮੀ ਤੋਂ ਰਾਹਤ ਵੀ ਮਿਲੀ ਹੈ। ਸ਼ਿਮਲੇ ਵਿਚ ਦਿਨ ਵਿਚ ਕਾਲੀਆਂ ਘਟਾਵਾਂ ਛਾਈਆਂ ਰਹੀਆਂ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਮੀਂਹ ਵੀ ਪਿਆ। ਮੌਸਮ ਵਿਗਿਆਨ ਵਿਭਾਗ ਦੇ ਚੰਡੀਗੜ੍ਹ ਕੇਂਦਰ ਵੱਲੋਂ ਪੰਜਾਬ-ਹਰਿਆਣਾ, ਹਿਮਾਚਲ, ਚੰਡੀਗੜ੍ਹ, ਦਿੱਲੀ ਲਈ ਅਗਲੇ 4 ਦਿਨਾਂ ਲਈ ਹਨੇਰੀ-ਤੂਫਾਨ ਦੇ ਨਾਲ ਤੇਜ ਮੀਂਹ ਪੈਣ ਦਾ 'ਯੈਲੋ ਅਲਰਟ' ਜਾਰੀ ਕੀਤਾ ਗਿਆ ਹੈ। ਪੱਛਮੀ ਗੜਬੜ ਹੁਣ ਹਿਮਾਚਲ ਪ੍ਰਦੇਸ਼ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਔਸਤ ਸਮੁੰਦਰੀ ਤਲ ਤੋਂ 5.8 ਕਿਲੋਮੀਟਰ ਉੱਪਰ ਚੱਕਰਵਾਤ ਦੇ ਰੂਪ ਵਿਚ ਦੇਖੀ ਜਾ ਰਹੀ ਹੈ। ਇਸ ਕਾਰਨ ਉੱਤਰ ਭਾਰਤ ਵਿਚ ਪੈਂਦੇ ਪੰਜਾਬ, ਹਰਿਆਣਾ, ਹਿਮਾਚਲ ਸਮੇਤ ਵੱਖ-ਵੱਖ ਸੂਬਿਆਂ ਵਿਚ ਭਿਆਨਕ ਗਰਮੀ ਤੋਂ ਰਾਹਤ ਮਿਲੇਗੀ। ਉੱਥੇ ਹੀ ਪੰਜਾਬ ਵਿਚ 42.3 ਡਿਗਰੀ ਤਾਪਮਾਨ ਦੇ ਨਾਲ ਅੰਮ੍ਰਿਤਸਰ ਪੰਜਾਬ ਦਾ ਸਭ ਤੋਂ ਗਰਮ ਸ਼ਹਿਰ ਰਿਹਾ ਅਤੇ ਘੱਟ ਤੋਂ ਘੱਟ ਤਾਪਮਾਨ 32.8 ਡਿਗਰੀ ਦਰਜ ਹੋਇਆ।

## ਪਰਮਿੰਦਰ ਢੀਂਡਸਾ ਦਾ ਵੱਡਾ ਬਿਆਨ, ਅਕਾਲੀ ਦਲ ਦੇ ਨਵੇਂ ਪ੍ਰਧਾਨ ਲਈ ਦੱਸੇ ਕਿਹੜੇ ਨਾਂ ਚਰਚਾ 'ਚ

ਚੰਡੀਗੜ੍ਹ 2 ਜੁਲਾਈ। ਸ੍ਰੋਮਣੀ ਅਕਾਲੀ ਦਲ 'ਚ ਬਗਾਵਤ 'ਤੇ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਅੱਜ ਪੰਜਾਬ 'ਚ ਅਕਾਲੀ ਦਲ ਦੀ ਸਥਿਤੀ 'ਤੇ ਸਵਾਲੀਆ ਨਿਸਾਨ ਲੱਗ ਗਏ ਹਨ? ਲੋਕਾਂ ਦਾ ਪਾਰਟੀ ਤੋਂ ਭਰੋਸਾ ਟੁੱਟ ਗਿਆ ਹੈ। ਉਨ੍ਹਾਂ ਕਿਹਾ ਕਿ ਕੀ ਪੰਜਾਬ ਵਿਚ ਸੁਖਬੀਰ ਬਾਦਲ ਦੀ ਥਾਂ ਲੈਣ ਵਾਲਾ ਕੋਈ ਚਿਹਰਾ ਨਹੀਂ ਹੈ? ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੀ ਲੀਡਰਸ਼ਿਪ ਦਾ ਵਿਰੋਧ ਕਰਨ ਵਾਲਿਆਂ ਨੇ ਵੀ ਕੁਝ ਨਾਂ ਦੱਸੇ ਹਨ, ਜੋ ਅਕਾਲੀ ਦਲ ਦਾ ਮੁੱਖ ਚਿਹਰਾ ਹੋ ਸਕਦੇ ਹਨ। ਇਨ੍ਹਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਹਰਪ੍ਰੀਤ ਸਿੰਘ, ਬੀਬੀ ਪਰਮਜੀਤ ਕੌਰ ਖਾਲੜਾ, ਮਨਪ੍ਰੀਤ ਇਆਲੀ ਸਮੇਤ ਕਈ ਹੋਰ ਧਾਰਮਿਕ ਸਖਸੀਅਤਾਂ ਸਾਮਲ ਹਨ। ਉਨ੍ਹਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਦਾ ਮੁਖੀ ਕਿਸੇ ਸੰਪਰਦਾ ਨਾਲ ਸਬੰਧਤ ਧਾਰਮਿਕ ਵਿਅਕਤੀ ਹੋਣਾ ਚਾਹੀਦਾ ਹੈ ਤਾਂ ਜੋ ਲੋਕਾਂ ਦਾ ਭਰੋਸਾ ਬਣਿਆ ਰਹੇ। ਉਨ੍ਹਾਂ ਸਪੱਸਟ ਕੀਤਾ ਕਿ ਇਸ ਬਗਾਵਤ ਪਿੱਛੇ ਕੋਈ ਸਿਆਸੀ ਪਾਰਟੀ ਨਹੀਂ ਹੈ ਅਤੇ ਨਾ ਹੀ ਭਾਜਪਾ ਹੈ, ਜਿਸ ਦਾ ਨਾਂ ਲਿਆ ਜਾ ਰਿਹਾ ਹੈ।

## ਤਲਾਕ ਲਈ ਜਿੰਮੇਵਾਰ ਠਹਿਰਾਉਂਦੇ ਹੋਏ ਇੰਜੀਨੀਅਰ ਨੇ ਕੀਤਾ ਮਾਂ ਦਾ ਬੇਰਹਿਮੀ ਨਾਲ ਕਤਲ

ਪੁਣੇ 2 ਜੁਲਾਈ। ਪੁਣੇ ਦੇ ਇਕ ਇੰਜੀਨੀਅਰ ਨੇ ਆਪਣੇ ਹਾਲ ਹੀ 'ਚ ਹੋਏ ਤਲਾਕ ਲਈ ਆਪਣੀ ਮਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਖੜਕੀ ਪੁਲਸ ਸਟੇਸ਼ਨ ਦੇ ਅਧਿਕਾਰੀਆਂ ਨੇ ਸੋਮਵਾਰ ਨੂੰ ਇੱਥੇ ਇਹ ਜਾਣਕਾਰੀ ਦਿੱਤੀ। ਇਹ ਘਟਨਾ 10 ਫਰਵਰੀ ਦੇਰ ਰਾਤ ਦੋਸ਼ੀ ਗਿਆਨੇਸ਼ਵਰ ਐੱਸ.ਪਵਾਰ (35) ਦੇ ਰੇਂਜ ਹਿਲਸ ਕੁਆਰਟਰ 'ਚ ਹੋਈ, ਜੋ ਖੜਕੀ ਗੋਲਾ ਬਾਰੂਦ ਫੈਕਟਰੀ ਦੇ ਦੂਰਸੰਚਾਰ ਵਿਭਾਗ 'ਚ ਇੰਜੀਨੀਅਰ ਵਜੋਂ ਤਾਇਨਾਤ ਹੈ। ਉਸ ਨੂੰ ਅਹਿਮਦਨਗਰ ਦੇ ਸ਼ਿਰਡੀ ਤੀਰਥ ਨਗਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਰਿਮਾਂਡ ਲਈ ਮੈਜਿਸਟਰੇਟ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਅਧਿਕਾਰੀਆਂ ਨੇ ਕਿਹਾ ਕਿ ਸ਼ੁਰੂਆਤੀ ਜਾਂਚ ਅਨੁਸਾਰ, ਕੁਝ ਸਮੇਂ ਪਹਿਲੇ ਆਪਣੀ ਪਤਨੀ ਤੋਂ ਤਲਾਕ ਲੈਣ ਤੋਂ ਬਾਅਦ ਪਵਾਰ ਪਰੇਸ਼ਾਨ ਸੀ, ਇਸ ਲਈ ਖੜਕੀ 'ਚ ਇਕੱਲੇ ਰਹਿ ਰਿਹਾ ਸੀ ਅਤੇ ਕੰਮ ਕਰ ਰਿਹਾ ਸੀ। ਪਿਛਲੇ ਹਫਤੇ ਉਸ ਨੇ ਫੋਨ 'ਤੇ ਅਹਿਮਦਨਗਰ ਜ਼ਿਲ੍ਹੇ ਦੇ ਸ਼੍ਰੀਰਾਮਪੁਰ 'ਚ ਰਹਿਣ ਵਾਲੀ 56 ਸਾਲਾ ਆਪਣੀ ਮਾਂ ਗੁਨਫਾਬਾਈ ਐੱਸ. ਪਵਾਰ ਨੂੰ ਮਿਲਣ ਅਤੇ ਉਨ੍ਹਾਂ ਨਾਲ ਕੁਝ ਸਮੇਂ ਬਿਤਾਉਣ ਦੀ ਅਪੀਲ ਕੀਤੀ ਅਤੇ ਉਹ ਤੁਰੰਤ ਸਹਿਮਤ ਹੋ ਗਈ ਪਰ ਅੱਧੀ ਰਾਤ ਤੋਂ ਠੀਕ ਪਹਿਲੇ ਗਿਆਨੇਸ਼ਵਰ ਨੇ ਇਕ ਤੇਜਧਾਰ ਹਥਿਆਰ ਨਾਲ ਮਾਂ ਦਾ ਗਲਾ ਵੱਢ ਦਿੱਤਾ ਅਤੇ ਆਪਣਾ ਸਾਮਾਨ ਪੈਕ ਕਰ ਕੇ ਅਤੇ ਘਰ ਨੂੰ ਬੰਦ ਕਰ ਕੇ ਤੜਕੇ ਅਪਰਾਧ ਵਾਲੀ ਜਗ੍ਹਾ ਤੋਂ ਦੌੜ ਗਿਆ। ਏ.ਐੱਸ.ਆਈ. ਬੀ.ਆਰ. ਭਾਲੇਰਾਵ ਨੇ ਕਿਹਾ, 11 ਫਰਵਰੀ ਨੂੰ ਗੁਆਂਢੀਆਂ ਨੇ ਬੰਦ ਘਰ ਦੇਖਿਆ ਅਤੇ ਕੁਝ ਗੜਬੜ ਦੇਖਦੇ ਹੋਏ ਪੁਲਸ ਨੂੰ ਬੁਲਾਇਆ। ਜਦੋਂ ਪਵਾਰ ਪਰਿਵਾਰ ਦੇ ਘਰ 'ਚ ਦਾਖਲ ਹੋਏ ਤਾਂ ਖੜਕੀ ਪੁਲਸ ਨੂੰ ਗੁਨਫਾਬਾਈ ਦੀ ਲਾਸ਼ ਖੂਨ ਨਾਲ ਲੱਥਪੱਥ ਪਈ ਹੋਈ ਮਿਲੀ। ਦੋਸ਼ੀ ਨੂੰ ਅਹਿਮਦਨਗਰ ਦੇ ਸ਼ਿਰਡੀ ਤੀਰਥ ਸ਼ਹਿਰ ਤੋਂ ਫੜ ਲਿਆ ਗਿਆ। ਦੋਸ਼ੀ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ ਅਤੇ ਸੰਕੇਤ ਦਿੱਤਾ ਹੈ ਕਿ ਉਹ ਉਸ ਦੇ ਪ੍ਰਤੀ ਗੁੱਸਾ ਰੱਖਦਾ ਸੀ

# ਵਿਦਿਆਰਥੀਆਂ ਦੇ ਲਈ ਅਹਿਮ ਖਬਰ ! ਸਿੱਖਿਆ ਵਿਭਾਗ ਨੇ ਜਾਰੀ ਕੀਤੇ ਨਵੇਂ ਹੁਕਮ

ਲੁਧਿਆਣਾ 2 ਜੁਲਾਈ। ਪੰਜਾਬ ਦੇ ਸਕੂਲ ਵਿਭਾਗ ਨੇ ਸੈਸ਼ਨ 2024-25 ਦੌਰਾਨ ਵੱਖ-ਵੱਖ ਸਕੂਲਾਂ 'ਚ ਪੜ੍ਹ ਰਹੇ ਵਿਦਿਆਰਥੀਆਂ ਲਈ ਰਿਵਾਇਤੀ ਬੱਸ ਪਾਸ ਉਪਲੱਬਧ ਕਰਵਾਉਣ ਦੇ ਸਬੰਧ 'ਚ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਵਿਸ਼ੇਸ਼ ਦਿਸ਼ਾ-ਨਿਰਦੇਸ਼ਾਂ ਜਾਰੀ ਕੀਤੇ ਗਏ। ਇਨ੍ਹਾਂ ਨਿਰਦੇਸ਼ਾਂ 'ਚ ਕਿਹਾ ਗਿਆ ਹੈ ਕਿ ਸੂਬੇ ਦੇ ਸੀਨੀਅਰ ਸੈਕੰਡਰੀ ਸਕੂਲਾਂ 'ਚ ਨਵੇਂ ਦਾਖਲੇ ਲੈਣ ਵਾਲੇ ਅਤੇ ਪਹਿਲਾਂ ਤੋਂ ਦਾਖਲ ਵਿਦਿਆਰਥੀਆਂ ਦੀਆਂ ਕਲਾਸਾਂ ਵੀ ਚੱਲ ਰਹੀਆਂ ਹਨ। ਇਸ ਲਈ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ ਅਧੀਨ ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੀ ਸੂਚੀ ਤਿਆਰ ਕਰਨ। ਇਸ ਸੂਚੀ 'ਚ ਸਕੂਲ ਵਾਰ ਰਿਵਾਇਤੀ ਦਰਾਂ ਅਤੇ ਬੱਸ ਪਾਸ ਚਾਹੁਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦਾ ਵੇਰਵਾ ਸ਼ਾਮਲ ਹੋਣਾ ਚਾਹੀਦਾ। ਇਹ ਜਾਣਕਾਰੀ ਮੈਨੇਜਿੰਗ ਡਾਇਰੈਕਟਰ, ਸਟੇਟ ਟਰਾਂਸਪੋਰਟ ਵਿਭਾਗ ਅਤੇ ਮੈਨੇਜਿੰਗ ਡਾਇਰੈਕਟਰ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ. ਆਰ. ਟੀ. ਸੀ.), ਪਟਿਆਲਾ ਨੂੰ ਭੇਜੀ ਜਾਣੀ ਚਾਹੀਦੀ। ਨਾਲ ਹੀ ਸੂਚੀਆ ਇਕ ਪ੍ਰਤੀ ਹੈੱਡ ਆਫਿਸ ਨੂੰ



ਭੇਜੀ ਜਾਵੇਗੀ ਤਾਂ ਕਿ ਸਬੰਧਤ ਸੰਸਥਾਨਾਂ ਨੂੰ ਭੇਜੀ ਗਈ ਜਾਣਕਾਰੀ ਅਨੁਸਾਰ ਦਾਅਵਿਆਂ ਦਾ ਭੁਗਤਾਨ ਕਰਦੇ ਸਮੇਂ ਸੂਚੀਆਂ ਦਾ ਮਿਲਾਨ ਕੀਤਾ ਜਾ ਸਕੇ। ਇਸ ਤੋਂ ਇਹ ਯਕੀਨੀ ਕੀਤਾ ਜਾ ਸਕੇਗਾ ਕਿ ਵਿਦਿਆਰਥੀਆਂ ਲਈ ਬੱਸ ਪਾਸ ਬਣਾਉਣ 'ਚ ਕੋਈ ਕਠਿਨਾਈ ਨਾ ਹੋਵੇ। ਸਾਰੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ਤ ਕੀਤਾ ਗਿਆ ਹੈ ਕਿ ਉਹ ਇਨ੍ਹਾਂ ਸੂਚੀਆਂ 'ਤੇ ਹਸਤਾਖਰ ਕਰ ਕੇ ਅਤੇ ਪ੍ਰਮਾਣਿਤ ਕਰ ਕੇ ਭੇਜਣ। ਇਹ ਕਦਮ ਵਿਦਿਆਰਥੀਆਂ ਦੀ ਸੁਵਿਧਾ ਨੂੰ ਧਿਆਨ 'ਚ ਰੱਖਦੇ ਹੋਏ ਚੁੱਕਿਆ ਗਿਆ ਹੈ ਤਾਂ ਕਿ ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਟ੍ਰਾਂਸਪੋਰਟ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇ। ਸਿੱਖਿਆ ਵਿਭਾਗ ਨੇ ਇਹ ਵੀ ਯਕੀਨੀ ਕੀਤਾ ਹੈ ਕਿ ਇਨ੍ਹਾਂ ਨਿਰਦੇਸ਼ਾਂ ਦਾ ਪਾਲਣ ਸਹੀ ਤਰੀਕੇ ਨਾਲ ਹੋਵੇ ਅਤੇ ਵਿਦਿਆਰਥੀਆਂ ਨੂੰ ਸਮੇਂ 'ਤੇ ਰਿਵਾਇਤੀ ਬੱਸ ਪ੍ਰਾਪਤ ਹੋ ਸਕੇ।

## ਥਾਣਾ ਜਮਾਲਪੁਰ ਦੀ ਪੁਲਸ ਨੇ ਨਸੀਲੇ ਪਾਊਡਰ ਸਮੇਤ ਇਕ ਨੂੰ ਕੀਤਾ ਕਾਬੂ

ਲੁਧਿਆਣਾ 2 ਜੁਲਾਈ। ਨਸਾ ਵੇਚਣ ਵਾਲਿਆਂ ਨੂੰ ਚੁਫੇਰੇਓਂ ਘੇਰਨ ਲਈ ਲੁਧਿਆਣਾ ਪੁਲਸ ਵੱਲੋਂ ਬਣਾਈ ਗਈ ਰਣਨੀਤੀ ਤਹਿਤ ਥਾਣਾ ਜਮਾਲਪੁਰ ਦੀ ਪੁਲਸ ਨੇ ਇਕ ਵਿਅਕਤੀ ਨੂੰ 110 ਗ੍ਰਾਮ ਨਸੀਲੇ ਪਾਊਡਰ ਸਮੇਤ ਧਰ ਦਬੋਚਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ. ਐੱਚ. ਓ. ਮਨਪ੍ਰੀਤ ਕੌਰ ਨੇ ਦੱਸਿਆ ਕਿ ਪੁਲਸ ਪਾਰਟੀ ਗਸਤ ਸਬੰਧੀ ਪਿੰਡ ਝਾਬੇਵਾਲ ਟੀ ਪੁਆਇੰਟ 33 ਫੁੱਟ ਰੋਡ ਮੌਜੂਦ ਸੀ ਤਾਂ ਸਾਹਮਣੇ ਤੋਂ ਇਕ ਲੜਕਾ ਪੈਦਲ ਆਉਂਦਾ ਦਿਖਾਈ ਦਿੱਤਾ। ਜਿਸ ਨੂੰ ਪੁਲਸ ਨੇ ਹਾਕ ਮਾਰੀ ਤਾਂ ਉਹ ਘਬਰਾ ਗਿਆ। ਪੁਲਸ ਨੂੰ ਉਸ 'ਤੇ ਸੱਕ ਹੋ ਗਿਆ, ਜਿਸ 'ਤੇ ਪੁਲਸ ਪਾਰਟੀ ਨੇ ਉਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਚੈੱਕ ਕੀਤਾ ਤਾਂ ਤਲਾਸੀ ਦੌਰਾਨ ਉਸ ਕੋਲੋਂ 110 ਗ੍ਰਾਮ ਨਸੀਲਾ ਪਾਊਡਰ ਬਰਾਮਦ ਹੋਇਆ। ਮੁਲਜਮ ਨੇ ਆਪਣੀ ਪਛਾਣ ਇੰਦਰਜੀਤ ਸਿੰਘ ਉਰਫ ਕਾਲੀ ਪੁੱਤਰ ਬਲਜਿੰਦਰ ਸਿੰਘ ਵਾਸੀ ਗਲੀ ਨੰ. 1 ਅਭਿਸੇਕ ਕਲੋਨੀ ਮੁੰਡੀਆਂ ਕਲਾਂ ਵਜੋਂ ਦੱਸੀ। ਥਾਣਾ ਜਮਾਲਪੁਰ ਪੁਲਸ ਨੇ ਮਾਮਲਾ ਦਰਜ ਕਰਕੇ ਹੋਰ ਪੜਤਾਲ ਸੁਰੂ ਕਰ ਦਿੱਤੀ।

# ਸੜਕ ਸੁਰੱਖਿਆ ਫੋਰਸ ਨੇ ਈ-ਰਿਕਸ਼ਾ ਚਾਲਕ ਬਣ ਕੇ ਆਏ ਲੁਟੇਰੇ ਨੂੰ ਕੀਤਾ ਗ੍ਰਿਫਤਾਰ

ਟਾਂਡਾ ਉੜਮੁੜ 2 ਜੁਲਾਈ। ਜਲੰਧਰ-ਪਠਾਨਕੋਟ ਰਾਸਟਰੀ ਮਾਰਗ 'ਤੇ ਇਕ ਈ-ਰਿਕਸਾ ਚਾਲਕ ਦੇ ਰੂਪ ਵਿੱਚ ਆਏ ਲੁਟੇਰੇ ਨੂੰ ਲੁੱਟਖੋਹ ਦੀ ਵਾਰਦਾਤ ਕਰਨ ਉਪਰੰਤ ਸੜਕ ਸੁਰੱਖਿਆ ਪੁਲਸ ਨੇ ਕੁਝ ਹੀ ਸਮੇਂ ਬਾਅਦ ਕਾਬੂ ਕਰ ਲਿਆ। ਇਸ ਸਬੰਧੀ ਸੜਕ ਸੁਰੱਖਿਆ ਫੋਰਸ ਦੇ ਏ. ਐੱਸ. ਆਈ. ਜਸਵਿੰਦਰ ਸਿੰਘ ਨੇ ਦੱਸਿਆ ਕਿ ਫੋਰਸ ਦੇ ਕਾਬੂ ਆਏ ਲੁਟੇਰੇ ਦੀ ਪਛਾਣ ਮਨਦੀਪ ਸਿੰਘ ਵਜੋਂ ਹੋਈ ਹੈ। ਉਕਤ ਈ-ਰਿਕਸਾ ਚਾਲਕ ਬਜੁਰਗ ਮਾਤਾ ਬੀਰਾ ਕੌਰ ਪਤਨੀ ਅਜੀਤ ਸਿੰਘ ਪੰਜਾਬ ਗ੍ਰਾਮੀਣ ਬੈਂਕ ਟਾਂਡਾ ਤੋਂ ਆਪਣੀ ਬੁਢਾਪਾ ਪੈਨਸਨ ਲੈ ਵਾਪਸ ਪਿੰਡ ਰਾਪੁਰ ਜਾਣ ਲਈ ਉਕਤ ਈ-ਰਿਕਸਾ ਚਾਲਕ ਨਾਲ ਗੱਲਬਾਤ ਕਰ ਰਹੀ ਸੀ। ਇਸ ਦੌਰਾਨ ਈ-ਰਿਕਸਾ ਚਾਲਕ ਝਪਟ ਮਾਰੀ ਕਰਕੇ ਬਜੁਰਗ ਮਾਤਾ ਦੇ 1500 ਰੁਪਏ ਪੈਨਸਨ ਦੀ ਰਾਸੀ, ਬੈਂਕ ਕਾਪੀ ਅਤੇ ਹੋਰ ਸਾਮਾਨ



ਝਪਟਮਾਰੀ ਕਰਨ ਉਪਰੰਤ ਈ-ਰਿਕਸਾ ਦੌੜਾ ਕੇ ਚੌਲਾਂਗ ਵੱਲ ਜਾ ਰਿਹਾ ਸੀ ਕਿ ਅਚਾਨਕ ਹੀ ਸੜਕ 'ਤੇ ਜਾ ਰਹੇ ਇਕ ਟਿੱਪਰ ਵਿੱਚ ਪਿੰਡ ਰਾਪੁਰ ਨਜਦੀਕ ਟਕਰਾ ਗਿਆ। ਉਥੋਂ ਲੁਟੇਰਾ ਪੈਦਲ ਹੀ ਭੱਜਣ ਵਿੱਚ ਕਾਮਯਾਬ ਹੋ ਗਿਆ ਪਰ ਸੜਕ ਸੁਰੱਖਿਆ ਫੋਰਸ ਦੇ ਮੁਲਾਜਮਾਂ ਏ. ਐੱਸ. ਆਈ. ਜਸਵਿੰਦਰ ਸਿੰਘ ਰੂਟ ਨੰਬਰ 5207 ਨੇ ਸਥਾਨਕ ਲੋਕਾਂ ਦੀ ਮਦਦ ਨਾਲ ਪਿੱਛਾ ਕਰਦੇ ਹੋਏ ਉਕਤ ਲੁਟੇਰੇ ਨੂੰ ਪਿੰਡ ਖੋਖਰ ਸੈਦੂਪੁਰ ਨਜਦੀਕ ਕਾਬੂ ਕੀਤਾ। ਕਾਬੂ ਕਰਨ ਉਪਰੰਤ ਸੜਕ ਸੁਰੱਖਿਆ ਫੋਰਸ ਦੇ ਲੁਟੇਰੇ ਨੂੰ ਟਾਂਡਾ ਪੁਲਸ ਹਵਾਲੇ ਕਰ ਦਿੱਤਾ ਅਤੇ ਪੁਲਸ ਨੇ ਲੁਟੇਰੇ ਖ਼ਿਲਾਫ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਜੇਕਰ ਤੁਹਾਡੇ ਬੱਚੇ ਵੀ ਦੇਖਦੇ ਹਨ ਜਿਆਦਾ ਫੋਨ ਤਾਂ ਹੋ ਜਾਓ ਸਾਵਧਾਨ !

ਗੁਰਦਾਸਪੁਰ 2 ਜੁਲਾਈ। ਕੰਪਿਊਟਰ ਅਤੇ ਕੰਪੀਟੀਸ਼ਨ ਦੇ ਇਸ ਯੁੱਗ ਨੇ ਨੌਜਵਾਨ ਵਰਗ ਨੂੰ ਸੱਭਿਆਚਾਰਕ ਅਤੇ ਸਰੀਰਕ ਸਰਗਰਮੀਆਂ ਤੋਂ ਦੂਰ ਕਰ ਕੇ ਰੱਖ ਦਿੱਤਾ ਹੈ। ਮੌਜੂਦਾ ਸਮੇਂ ਵਿਚ ਨੌਜਵਾਨਾਂ ਤੇ ਬੱਚਿਆਂ ਵਿਚ ਮੋਬਾਈਲ ਫੋਨ ਦਾ ਵਧ ਰਿਹਾ ਕਰੇਜ ਸਮਾਜਿਕ ਅਤੇ ਸਰੀਰਕ ਪੱਖੋਂ ਚਿੰਤਾਜਨਕ ਮੰਨਿਆ ਜਾ ਰਿਹਾ ਹੈ। ਹਾਲਾਤ ਇਹ ਬਣੇ ਹੋਏ ਹਨ ਕਿ ਨੌਜਵਾਨ ਪੀੜ੍ਹੀ ਅਤੇ ਬੱਚਿਆਂ 'ਚ ਖੇਡਾਂ ਅਤੇ ਹੋਰ ਉਸਾਰੂ ਗਤੀਵਿਧੀਆਂ 'ਚ ਦਿਲਚਸਪੀ ਨਿਰੰਤਰ ਘਟ ਰਹੀ ਹੈ ਪਰ ਮੋਬਾਈਲਾਂ ਦੀ ਵਰਤੋਂ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਅਜਿਹੀ ਸਥਿਤੀ ਵਿਚ ਬੱਚੇ ਨਾ ਤਾਂ ਕਿਸੇ ਖੇਡ ਵਿਚ ਹਿੱਸਾ ਲੈਂਦੇ ਹਨ ਅਤੇ ਨਾ ਹੀ ਸਮਾਜਿਕ ਗਤੀਵਿਧੀਆਂ ਵਿਚ ਭਾਗ ਲੈਂਦੇ ਹਨ। ਇਥੋਂ ਤੱਕ ਅਜੋਕੀ ਪੀੜ੍ਹੀ ਸਾਹਿਤ ਅਤੇ ਸੱਭਿਆਚਾਰ ਤੋਂ ਵੀ ਦੂਰ ਹੁੰਦੀ ਜਾ ਰਹੀ ਹੈ। ਬਹੁ-ਗਿਣਤੀ ਬੱਚਿਆਂ ਤੇ ਜਵਾਨਾਂ 'ਚ ਸਮਾਜਿਕ ਅਤੇ ਇਤਿਹਾਸਕ ਸਰੋਕਾਰਾਂ ਨਾਲ ਜੁੜੀਆਂ ਕਿਤਾਬਾਂ ਪੜ੍ਹਨ ਦੀ ਰੁਚੀ ਨਜਰ ਨਹੀਂ ਆਉਂਦੀ। ਹੁਣ ਬੱਚੇ ਅਤੇ ਨੌਜਵਾਨ ਸਿਰਫ ਉਨ੍ਹਾਂ ਕਿਤਾਬਾਂ ਨੂੰ ਪੜ੍ਹਦੇ ਹਨ, ਜੋ ਉਨ੍ਹਾਂ ਦੀ ਪੜ੍ਹਾਈ ਦੇ ਸਿਲੇਬਸ ਅਨੁਸਾਰ ਪੜ੍ਹਨੀਆਂ ਜਰੂਰੀ ਹਨ ਪਰ ਲਾਇਬ੍ਰੇਰੀਆਂ 'ਚ ਪਈਆਂ ਸਾਹਿਤ, ਇਤਿਹਾਸ ਤੇ ਹੋਰ ਚੰਗੇ ਵਿਸ਼ਿਆਂ ਨਾਲ ਸਬੰਧਤ ਕਿਤਾਬਾਂ ਨੂੰ ਪੜ੍ਹਨ ਪ੍ਰਤੀ ਨੌਜਵਾਨ ਵਰਗ ਨੇ ਦਿਲਸਚਪੀ ਦਿਖਾਉਣੀ ਬੰਦ ਕਰ ਦਿੱਤੀ ਹੈ। ਹੋਰ ਤੇ ਹੋਰ ਹੁਣ ਬੱਚੇ ਆਪਣੀ ਸਕੂਲਾਂ-ਕਾਲਜਾਂ ਦੀ ਪੜ੍ਹਾਈ ਵੀ ਬਹੁਤ ਮੁਸ਼ਕਲ ਨਾਲ ਕਰਦੇ ਹਨ। ਡਿਕਸ਼ਨਰੀ ਵਰਗੀਆਂ ਅਹਿਮ ਕਿਤਾਬਾਂ ਵੀ ਬੱਚਿਆਂ ਦੀ ਜਾਣਕਾਰੀ ਤੇ ਵਰਤੋਂ ਤੋਂ ਦੂਰ ਹੋ ਚੁੱਕੀਆਂ ਹਨ। ਡਿਕਸ਼ਨਰੀ ਦੀ ਜਗ੍ਹਾ ਹੁਣ ਗੂਗਲ ਨੇ ਲੈ ਲਈ ਹੈ। ਮੌਜੂਦਾ ਸਮੇਂ ਵਿਚ ਜਦੋਂ ਵੀ ਬੱਚਿਆਂ ਨੂੰ ਕੁਝ ਵਿਹਲਾ ਸਮਾਂ ਮਿਲਦਾ ਹੈ ਤਾਂ ਉਹ ਆਪਣੇ ਇਸ ਸਮੇਂ ਵਿਚ ਪਰਿਵਾਰ ਨਾਲ ਬੈਠਣ, ਖੇਡਣ ਜਾਂ ਹੋਰ ਕੰਮ ਵਿਚ ਹਿੱਸਾ ਲੈਣ ਦੀ ਬਜਾਏ ਮੋਬਾਈਲ ਫੋਨ, ਇੰਟਰਨੈੱਟ, ਸ਼ੋਸ਼ਲ ਮੀਡੀਏ 'ਤੇ ਰੁਝੇ ਰਹਿੰਦੇ ਹਨ। ਦੋ ਦਹਾਕੇ ਪਹਿਲਾਂ ਬੱਚੇ ਮੰਨੋਰੰਜਨ ਲਈ ਕਾਮਿਕਸ ਪੜ੍ਹਦੇ ਸਨ ਪਰ ਹੁਣ ਕਾਮਿਕਸ ਦੀ ਹੋਂਦ ਵੀ ਖਤਮ ਹੋ ਚੁੱਕੀ ਹੈ। ਕਿਤਾਬਾਂ ਪ੍ਰਤੀ ਬੱਚਿਆਂ ਦੇ ਰੁਝਾਨ 'ਚ ਆਈ ਗਿਰਾਵਟ ਕਾਰਨ ਹੁਣ ਜ਼ਿਲ੍ਹਾ ਲਾਇਬ੍ਰੇਰੀਆਂ ਵੀ ਸੁੰਨੀਆਂ ਹੋ ਚੁੱਕੀਆਂ ਹਨ, ਜਿਹੜੀਆਂ ਲਾਇਬ੍ਰੇਰੀਆਂ 'ਚ ਪਹਿਲਾਂ ਕਈ ਮੈਂਬਰ ਹੁੰਦੇ ਸਨ, ਉਨ੍ਹਾਂ 'ਚ ਕਈ ਵਾਰ ਹੁਣ ਕੋਈ ਵਿਰਲਾ ਮੈਂਬਰ ਹੀ ਕਿਤਾਬ ਪੜ੍ਹਨ ਲਈ ਆਉਂਦਾ ਹੈ। ਬੱਚਿਆਂ 'ਚ ਕਿਤਾਬਾਂ ਪ੍ਰਤੀ ਰੁਚੀ ਪੈਦਾ ਕਰਨ ਲਈ ਸਿੱਖਿਆ ਵਿਭਾਗ ਨੇ ਪਿਛਲੇ ਸਮੇਂ ਦੌਰਾਨ ਸਕੂਲਾਂ ਵਿਚ ਲਾਇਬ੍ਰੇਰੀ ਲੰਗਰ ਦੀ ਮੁਹਿੰਮ ਚਲਾਈ ਸੀ ਅਤੇ ਸਾਰੇ ਸਕੂਲ ਮੁਖੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਕਿਤਾਬਾਂ ਨੂੰ ਅਲਮਾਰੀਆਂ 'ਚ ਰੱਖਣ ਦੀ ਬਜਾਏ ਡਿਸਪਲੇਅ ਕੀਤਾ ਜਾਵੇ ਅਤੇ ਬੱਚਿਆਂ ਜ਼ਿਆਦਾ ਤੋਂ ਜ਼ਿਆਦਾ ਕਿਤਾਬਾਂ ਪੜ੍ਹਨ ਲਈ ਦਿੱਤੀਆਂ ਜਾਣ। ਇਸ ਦੇ ਬਾਵਜੂਦ ਬਹੁ ਗਿਣਤੀ ਬੱਚੇ ਅਜੇ ਵੀ ਅਜਿਹੀਆਂ ਕਿਤਾਬਾਂ ਨੂੰ ਪੜ੍ਹਨ ਪ੍ਰਤੀ ਰੁਚੀ ਤੋਂ ਵਾਂਝੇ ਦਿਖਾਏ ਦੇ ਰਹੇ ਹਨ। ਬੱਚਿਆਂ 'ਚ ਵਧ ਰਿਹਾ ਇਹ ਰੁਝਾਨ ਬੱਚਿਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਵੀ ਨੁਕਸਾਨ ਪਹੁੰਚਾ ਰਿਹਾ ਹੈ। ਬੱਚਿਆਂ ਦੀ ਨਜਰ ਘੱਟ ਹੋ ਰਹੀ ਹੈ ਅਤੇ ਸੁਭਾਅ 'ਚ ਚਿੜਚਿੜਾਪਣ ਵਧ ਰਿਹਾ ਹੈ, ਜੋ ਬੱਚੇ ਮੋਬਾਈਲ ਫੋਨ ਦੀ ਜ਼ਿਆਦਾ ਵਰਤੋਂ ਕਰਦੇ ਹਨ, ਉਹ ਇਕੱਲੇ ਰਹਿਣਾ ਪਸੰਦ ਕਰਦੇ ਹਨ, ਜਿਸ ਕਾਰਨ ਉਹ ਆਪਣੇ ਪਰਿਵਾਰ ਅਤੇ ਹੋਰ



ਲੋਕਾਂ ਤੋਂ ਦੂਰ ਹੁੰਦੇ ਜਾਂਦੇ ਹਨ। ਕਈ ਵਾਰ ਤਾਂ ਮੋਬਾਈਲ ਫੋਨਾਂ 'ਤੇ ਗੇਮਾਂ ਖੇਡਣ ਵਾਲੇ ਬੱਚੇ ਇਸ ਹੱਦ ਤੱਕ ਮਾਨਸਿਕ ਰੋਗੀ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਮਨੋਵਿਗਿਆਨੀਆਂ ਕੋਲ ਲਿਜਾ ਕੇ ਇਲਾਜ ਕਰਵਾਉਣ ਦੀ ਲੋੜ ਪੈ ਜਾਂਦੀ ਹੈ। ਜਦੋਂ ਬੱਚੇ ਆਪਣੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਭੁੱਲਣ ਲੱਗ ਜਾਣ ਤਾਂ ਉਹ ਕਿਸੇ ਵੀ ਸਮਾਜ, ਕੌਮ ਜਾਂ ਦੇਸ਼ ਲਈ ਚੰਗੇ ਸੰਕੇਤ ਨਹੀਂ ਹੁੰਦੇ। ਅੱਜ ਬੱਚੇ ਸਾਹਿਤ ਤੋਂ ਦੂਰ ਹੁੰਦੇ ਜਾ ਰਹੇ ਹਨ ਅਤੇ ਅਨੇਕਾਂ ਬੱਚੇ ਅਤੇ ਨੌਜਵਾਨ ਅਜਿਹੇ ਹਨ, ਜਿਨ੍ਹਾਂ ਨੂੰ ਸਾਹਿਤ ਦੇ ਮਤਲਬ ਅਤੇ ਮਹੱਤਤਾ ਦਾ ਹੀ ਨਹੀਂ ਪਤਾ। ਅੱਜ ਬੱਚੇ ਘਰਾਂ ਦੇ ਅੰਦਰ ਹੀ ਰਹਿੰਦੇ ਹਨ ਅਤੇ ਜ਼ਿਆਦਾਤਰ ਬੱਚਿਆਂ ਨੂੰ ਸਮਾਜਿਕ ਸਰਗਰਮੀਆਂ ਅਤੇ ਲੋਕਾਂ ਨਾਲ ਜੁੜੇ ਮੁੱਦਿਆਂ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ। ਇਸ ਦਾ ਸਮਾਜ 'ਤੇ ਹੀ ਨਹੀਂ ਸਗੋਂ ਬੱਚਿਆਂ ਦੇ ਭਵਿੱਖ 'ਤੇ ਵੀ ਅਸਰ ਪੈ ਰਿਹਾ ਹੈ। ਇਸ ਲਈ ਬੱਚਿਆਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਬੱਚਿਆਂ ਵਿਚ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰਨ। ਇਹ ਬਹੁਤ ਚਿੰਤਾਜਨਕ ਵਿਸ਼ਾ ਹੈ ਅਤੇ ਉਹ ਅਕਸਰ ਵੱਖ-ਵੱਖ ਸਕੂਲਾਂ-ਕਾਲਜਾਂ ਤੇ ਹੋਰ ਥਾਵਾਂ 'ਤੇ ਲੱਗਦੇ ਸੈਮੀਨਾਰਾਂ ਵਿਚ ਲੋਕਾਂ ਨੂੰ ਇਹੀ ਅਪੀਲ ਕਰਦੇ ਹਨ ਕਿ ਬੱਚਿਆਂ ਨੂੰ ਕਿਤਾਬਾਂ ਨਾਲ ਜੋੜਿਆ ਜਾਵੇ। ਬੱਚੇ ਹਰ ਵੇਲੇ ਮੋਬਾਈਲ ਫੋਨਾਂ ਅਤੇ ਇੰਟਰਨੈੱਟ 'ਤੇ ਰੁਝੇ ਰਹਿੰਦੇ ਹਨ, ਜਿਸ ਕਾਰਨ ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਵੀ ਪ੍ਰਭਾਵਿਤ ਹੁੰਦੇ ਹਨ। ਸਿੱਤਮ ਦੀ ਗੱਲ ਇਹ ਹੈ ਕਿ ਬਹੁ-ਗਿਣਤੀ ਬੱਚਿਆਂ ਨੂੰ ਇਸ ਗੱਲ ਦੀ ਸਮਝ ਹੀ ਨਹੀਂ ਹੈ ਕਿ ਮੋਬਾਈਲ ਫੋਨ ਉਨ੍ਹਾਂ ਦਾ ਕਿੰਨਾ ਨੁਕਸਾਨ ਕਰ ਰਿਹਾ ਹੈ, ਇਸ ਲਈ ਗੰਭੀਰ ਸਮੱਸਿਆ ਦੇ ਖਤਰਨਾਕ ਤੇ ਸੰਭਾਵਿਤ ਨਤੀਜਿਆਂ ਨੂੰ ਹੁਣ ਤੋਂ ਹੀ ਸਮਝਦੇ ਹੋਏ ਹਰੇਕ ਬੱਚੇ ਦੇ ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਮੋਬਾਈਲ ਫੋਨਾਂ ਦੇ ਚੁੰਗਲ 'ਚ ਕੱਢ ਕੇ ਉਸਾਰੀ ਗਤੀਵਿਧੀਆਂ ਵਾਲੇ ਪਾਸੇ ਲਗਾਉਣ। ਬੱਚਿਆਂ ਵਿਚ ਚੰਗੇ ਵਿਸ਼ਿਆਂ ਦੀਆਂ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਹਰ ਸੰਭਵ ਯਤਨ ਕਰਨਾ ਸਮੇਂ ਦੀ ਲੋੜ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਰੋਜ਼ਗਾਰ ਕੈਂਪ ਵਿਚ 113 ਵਿਦਿਆਰਥੀਆਂ ਨੇ ਲਿਆ ਭਾਗ



**ਅੰਮ੍ਰਿਤਸਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਘਰ—ਘਰ ਰੋਜ਼ਗਾਰ ਅਤੇ ਕਾਰੋਬਾਰ ਅਧੀਨ ਨੋਜਵਾਨਾਂ ਨੂੰ ਰੋਜ਼ਗਾਰ ਦੇਣ ਅਤੇ ਸਵੈ—ਰੋਜ਼ਗਾਰ ਦੇ ਕਾਬਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ—ਕਮ—ਚੇਅਰਮੈਨ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ,ਅੰਮ੍ਰਿਤਸਰ ਸ਼੍ਰੀ ਘਨਸ਼ਾਮ ਥੋਰੀ ਨੇ ਕੀਤਾ। ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਇਆ ਰੋਜ਼ਗਾਰ ਅਫਸਰ ਸ਼੍ਰੀ ਨਰੇਸ਼ ਕੁਮਾਰ ਨੇ ਦੱਸਿਆ ਕਿ 28 ਜੂਨ 2024 ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਰਣਜੀਤ ਐਵੇਨਿਊ ਅੰਮ੍ਰਿਤਸਰ ਵਿਖੇ ਰਜਿਸਟਰੇਸ਼ਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ 113 ਵਿਦਿਆਰਥੀਆਂ ਨੇ ਭਾਗ ਲਿਆ। ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਰਕਾਰੀ/ਪ੍ਰਾਈਵੇਟ ਨੋਕਰੀਆਂ ਬਾਰੇ ਜਾਣਕਾਰੀ ਦੇਣਾ ਹੈ।

ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਰੁਜਗਾਰ ਅਫਸਰ ਸ਼੍ਰੀ ਨਰੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਰੁਜਗਾਰ ਦਫਤਰ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਕਿਹਾ ਉਨ੍ਹਾਂ ਦੱਸਿਆ ਕਿ ਦਫਤਰ ਵਿਖੇ ਪਹੁੰਚ ਕੇ ਕਿਸ ਤਰ੍ਹਾਂ ਸਰਕਾਰੀ ਅਤੇ ਪ੍ਰਾਈਵੇਟ ਨੋਕਰੀਆਂ ਬਾਰੇ ਜਾਣਕਾਰੀ ਲੈ ਸਕਦੇ ਹਨ ਅਤੇ ਉਨ੍ਹਾਂ ਦੱਸਿਆ ਕਿ ਹਰ ਬੁੱਧਵਾਰ ਨੂੰ ਜਿਲ੍ਹਾ ਰੋਜਗਾਰ ਦਫਤਰ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾਂਦਾ ਹੈ। ਜਿਸ ਦਾ ਉਹ ਵੱਧ ਤੋ ਵੱਧ ਲਾਭ ਉਠਾ ਸਕਦੇ ਹਨ।ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਇਆ ਡਿਪਟੀ ਸੀ.ਈ.ਓ ਤੀਰਥਪਾਲ ਸਿੰਘ ਵਲੋਂ ਦੱਸਿਆ ਗਿਆ ਕਿ ਸਵੈ—ਰੋਜਗਾਰ ਸਬੰਧੀ ਜਾਣਕਾਰੀ ਲਈ ਇਸ ਦਫਤਰ ਵਿੱਚ ਕਿਸੇ ਵੀ ਕੰਮ ਵਾਲੇ ਦਿਨ ਵਿਜਿਟ ਕੀਤਾ ਜਾ ਸਕਦਾ ਹੈ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਫਤਰ ਦੇ ਟੈਲੀਗ੍ਰਾਮ ਪੇਜ https://tinyurl.com/dbeeasr ਨਾਲ ਜੁੜੋ ਜਾ ਦਫਤਰ ਦੇ ਮੋਬਾਇਲ ਨੰਬਰ 9915789068 ਤੇ ਸਪੰਰਕ ਕਰ ਸਕਦੇ ਹੋ।ਇਸ ਮੌਕੇ ਉਹਨ੍ਹਾਂ ਨਾਲ ਸੰਸਥਾ ਦੇ ਪ੍ਰਿੰਸੀਪਲ ਸ਼੍ਰੀ ਸੰਜੀਵ ਸ਼ਰਮਾ, ਸ਼੍ਰੀ ਰਾਜੇਸ਼ ਬਾਹਰੀ, ਪੰਜਾਬ ਸਕਿੱਲ ਡਿਵੈਲਪਮੈਂਅ ਮਿਸ਼ਨ ਅਤੇ ਕਰੀਅਰ ਕਾਉਂਸਲਰ ਸ਼੍ਰੀ ਗੋਰਵ ਕੁਮਾਰ, ਸ਼੍ਰੀਮਤੀ ਸੋਨਮ ਕਪੂਰ, ਸ਼੍ਰੀ ਦੀਪਕ ਕੁਮਾਰ ਆਦਿ ਰੁਜ਼ਗਾਰ ਦਫਤਰ ਦੇ ਕਰਮਚਾਰੀ ਮੌਜੂਦ ਸਨ।

# ਝੋਨੇ ਦੀ ਸਿੱਧੀ ਬਿਜਾਈ ਤਕਨੀਕ ਅਪਣਾਉਣ ਵਾਲੇ ਕਿਸਾਨ 30 ਜੂਨ ਤੱਕ ਆਨਲਾਈਨ ਪੋਰਟਲ ਤੇ ਨਾਮ ਦਰਜ ਕਰਾਉਣ : ਮੁੱਖ ਖੇਤੀਬਾੜੀ ਅ.ਫਸਰ

## ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਸਨਮਾਨ ਰਾਸ਼ੀ ਵਜੋਂ ਪ੍ਰਤੀ ਹੈਕਟੇਅਰ 3750/- ਰੁਪਏ ਦਿੱਤੇ ਜਾਣਗ

**ਫ਼ਰੀਦਕੋਟ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਲਵਾਈ ਲਈ ਮਜ਼ਦੂਰਾਂ ਦੀ ਘਾਟ ਅਤੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਨੂੰ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਦੀ ਵਰਤੋਂ ਕਰਨ ਨੂੰ ਪਹਿਲ ਦੇਣੀ ਚਾਹੀਦੀ ਅਤੇ ਇਸ ਤਕਨੀਕ ਨੂੰ ਉਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਝੋਨੇ/ਬਾਸਮਤੀ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਸਨਮਾਨ ਰਾਸ਼ੀ ਵਜੋਂ ਪ੍ਰਤੀ ਹੈਕਟੇਅਰ 3750/- ਰੁਪਏ ਦਿੱਤੇ ਜਾਣਗੇ। ਬਲਾਕ ਫ਼ਰੀਦਕੋਟ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕਰਦਿਆਂ ਪਿੰਡ ਭਾਣਾ ਵਿਚ ਅਗਾਂਹਵਧੂ ਕਿਸਾਨ ਭਜਨ ਸਿੰਘ ਦੇ ਖੇਤਾਂ ਵਿਚ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਡਾ.ਅਮਰੀਕ ਸਿੰਘ ਮੁੱਖ ਖੇਤੀਬਾੜੀ ਅ.ਫਸਰ ਨੇ ਦੱਸਿਆ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਅਪਣਾਉਣ ਤੋਂ ਪਹਿਲਾਂ ਖੇਤੀ ਮਾਹਿਰਾਂ ਜਾਂ ਇਸ ਤਕਨੀਕ ਦਾ ਤਜਰਬਾ ਰੱਖਦੇ ਕਿਸਾਨਾਂ ਨਾਲ ਸੰਪਰਕ ਕਰ ਲੈਣਾ ਚਾਹੀਦਾ ਤਾਂ ਜੋਂ ਇਸ ਤਕਨੀਕ ਦੀਆਂ ਬਾਰੀਕੀਆਂ ਦਾ ਪਤਾ ਲਗ ਸਕੇ।

ਉਨ੍ਹਾਂ ਕਿਹਾ ਕਿ ਹਰੇਕ ਕਿਸਾਨ ਨੂੰ ਆਪਣੇ ਕੁੱਲ ਮਾਲਕੀ ਰਕਬੇ ਦੇ 10-20 ਫੀਸਦੀ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਮਜ਼ਦੂਰੀ,ਸਮੇਂ,ਖੇਤੀ ਲਾਗਤ ਖਰਚੇ ਅਤੇ ਜ਼ਮੀਨ ਹੇਠਲੇ ਪਾਣੀ ਦੀ ਬੱਚਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਹੁਣ ਝੋਨੇ ਦੀਆ ਪੱਕਣ ਵਿੱਚ ਘੱਟ ਸਮਾਂ ਲੈਣ ਵਾਲੀ ਕਿਸਮ ਪੀ ਆਰ 126 ਕਿਸਮ ਜਾਂ ਬਾਸਮਤੀ ਦੀਆ ਕਿਸਮਾਂ ਪੂਸਾ 1509 ਜਾਂ ਸੀ ਐਸ ਆਰ 30 ਦੀ ਸਿੱਧੀ ਬਿਜਾਈ ਤਕਨੀਕ ਨਾਲ ਬਿਜਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਨਦੀਨਾਂ ਦੀ ਰੋਕਥਾਮ ਲਈ ਨਦੀਨ ਨਾਸ਼ਕ ਦਵਾਈਆਂ ਦੀ ਵਰਤੋਂ ਜ਼ਰੂਰ ਕੀਤੀ ਜਾਵੇ ਅਤੇ ਬਿਜਾਈ ਤੋਂ 24 ਘੰਟਿਆਂ ਦੇ ਵਿੱਚ-ਵਿੱਚ ਇਕ ਲੀਟਰ ਪੈਂਡੀਮੈਥਾਲੀਨ ਨੂੰ 200 ਲੀਟਰ ਪਾਣੀ ਚ ਘੋਲ ਕੇ ਪ੍ਰਤੀ ਏਕੜ ਦਾ ਪੁੱਠੀ ਪੈਰੀਂ ਸ਼ਾਮ ਵੇਲੇ ਛਿੜਕਾਅ ਕੀਤਾ ਜਾਵੇ । ਉਨ੍ਹਾਂ ਦੱਸਿਆ ਕਿ ਸਿੱਧੀ ਬਿਜਾਈ ਸਿਰਫ ਦਰਮਿਆਨੀ ਤੋਂ ਭਾਰੀਆਂ ਜ਼ਮੀਨਾਂ ਵਿਚ ਹੀ ਕੀਤੀ ਜਾਵੇ ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਤਕਨੀਕ ਨੂੰ ਉਤਸ਼ਾਹਿਤ ਕਰਨ ਲਈ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਅਪਣਾਉਣ ਵਾਲੇ ਕਿਸਾਨਾਂ ਨੂੰ ਪ੍ਰਤੀ ਹੈਕਟੇਅਰ 3750/- ਰੁਪਏ ਬਤੌਰ ਸਨਮਾਨ ਰਾਸ਼ੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਰਾਸ਼ੀ ਨੂੰ ਪ੍ਰਾਪਤ ਕਰਨ ਲਈ ਸਿੱਧੀ ਬਿਜਾਈ ਤਕਨੀਕ ਅਪਣਾਉਣ ਵਾਲੇ ਕਿਸਾਨਾਂ ਨੂੰ ਮੋਬਾਇਲ ਜਾਂ ਕੰਪਿਊਟਰ ਦੀ ਮਦਦ ਨਾਲ http://agrimachinerypb.com ਤੇ ਜਾ ਕੇ ਮਿਤੀ 30 ਜੂਨ 2024 ਤੱਕ ਬਿਨੇਪੱਤਰ ਦਾਖਲ/ਐਡਿਟ ਜਾਂ ਤਬਦੀਲੀ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਇਸ ਸਕੀਮ ਸੰਬੰਧੀ ਵਧੇਰੇ ਜਾਣਕਾਰੀ ਲੈਣ ਲਈ ਖੇਤੀ ਅਧਿਕਾਰੀਆਂ ਜਾਂ ਟੋਲ ਫਰੀ ਨੰਬਰ 1800 180 1551 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਅਗਾਂਹਵਧੂ ਕਿਸਾਨ ਭਜਨ ਸਿੰਘ ਨੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਦਸਿਆ ਕਿ ਕਰੋਨਾ ਦੌਰਾਨ 2 ਏਕੜ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਅਪਣਾ ਕੇ ਝੋਨੇ ਦੀ ਬਿਜਾਈ ਕੀਤੀ ਗਈ ਸੀ ,ਜਿਸ ਤੋਂ ਪਹਿਲੇ ਸਾਲ ਕੁਝ ਰਹਿਣ ਕਾਰਨ ਆਮ ਵਿਧੀ ਨਾਲ ਲਵਾਈ ਕੀਤੇ ਝੋਨੇ ਤੋਂ ਝਾੜ ਘੱਟ ਮਿਲਿਆ ਸੀ ਪਰ ਖਰਚਾ ਘਟ ਹੋਣ ਕਾਰਨ ਕੋਈ ਵਿੱਤੀ ਨੁਕਸਾਨ ਨਹੀਂ ਹੋਇਆ ।



ਉਨ੍ਹਾਂ ਦੱਸਿਆ ਕਿ ਖੇਤੀ ਮਾਹਿਰਾਂ ਦੀ ਸਲਾਹ ਨਾਲ ਅਤੇ ਕੁਝ ਆਪਣੇ ਤਜ਼ਰਬਿਆਂ ਨਾਲ ਇਸ ਵਿਧੀ ਵਿਚ ਸਫਲਤਾ ਹਾਸਲ ਕੀਤੀ ਅਤੇ ਇਸ ਸਾਲ 12 ਏਕੜ ਰਕਬੇ ਵਿੱਚ ਇਸ ਤਕਨੀਕ ਨਾਲ ਝੋਨੇ ਦੀ ਬਿਜਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਵਿਧੀ ਨਾਲ ਮਜ਼ਦੂਰੀ ,ਸਮਾਂ ਅਤੇ ਪੈਸੇ ਦੀ ਵੱਡੀ ਬੱਚਤ ਹੁੰਦੀ ਹੈ। ਉਨ੍ਹਾਂ ਕਿਸਾਨਾਂ ਨੂੰ ਇਹ ਤਕਨੀਕ ਅਪਣਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਸ੍ਰੀ ਲਖਵੀਰ ਸਿੰਘ,ਰੁਪਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ,ਦਵਿੰਦਰ ਪਾਲ ਸਿੰਘ ਖ਼ੇਤੀਬਾੜੀ ਵਿਸਥਾਰ ਅਫ਼ਸਰ, ਹਰਮਨਦੀਪ ਸਿੰਘ ਆਰ ਜੀ ਆਰ ਸੈਲ ਅਤੇ ਹੋਰ ਕਿਸਾਨ ਹਾਜ਼ਰ ਸਨ।

# ਸੀਟੂ ਵਰਕਰਾਂ ਨੂੰ 2 ਜੁਲਾਈ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ-ਮੋਹਾਲੀ ਪੁੱਜਣ ਦੀ ਅਪੀਲ : ਚੰਦਰ ਸ਼ੇਖਰ



**ਮਾਛੀਵਾੜਾ ਸਾਹਿਬ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਇੱਥੇ ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ ਸੀਟੂ ਦੀ ਆਲ ਇੰਡੀਆ ਸਕੱਤਰ ਭੈਣ ਊਸ਼ਾ ਰਾਣੀ ਸੂਬਾ ਪ੍ਰਧਾਨ ਸਾਥੀ ਮਹਾਂ ਸਿੰਘ ਰੌੜੀ ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ ਨੇ ਸਾਂਝੇ ਬਿਆਨ ਵਿੱਚ ਸੀਟੂ ਦੇ ਵਰਕਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਂਉਦੀ 2 ਜੁਲਾਈ ਨੂੰ ਸਵੇਰੇ 10 ਵਜੇ ਤੱਕ ਫੇਜ਼ -8 ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫ਼ਤਰ ਪਹੁੰਚਣਾ ਯਕੀਨੀ ਬਣਾਉਣ।

ਸੀਟੂ ਦੀ ਸੂਬਾ ਕਮੇਟੀ ਵੱਲੋਂ ਬੋਰਡ ਦੇ 15-20 ਸਾਲਾਂ ਤੋਂ ਡੇਲੀ ਵੇਜ ਵਰਕਰਜ ਵਜੋਂ ਕੰਮ ਕਰਦੇ ਕਾਮਿਆਂ ਨੂੰ ਪੰਜਾਬ ਸਰਕਾਰ ਵੱਲੋਂ ਤੈਅਸ਼ੁਦਾ ਘੱਟੋ -ਘੱਟ ਉਜ਼ਰਤਾਂ ਦੀ ਅਦਾਇਗੀ ਕਰਵਾਉਣ , ਸਫ਼ਾਈ ਮਜ਼ਦੂਰ ਯੂਨੀਅਨ ਦੇ ਬਰਖ਼ਾਸਤ ਕੀਤੇ ਆਗੂਆਂ ਨੂੰ ਬਹਾਲ ਕਰਾਉਣ, ਗੈਰ ਕਾਨੂੰਨੀ ਠੇਕੇਦਾਰੀ ਸਿਸਟਮ ਨੂੰ ਖ਼ਤਮ ਕਰਵਾ ਕੇ ਉਨ੍ਹਾਂ ਨੂੰ ਰੈਗੂਲਰ ਕਰਵਾਉਣ, ਉਨ੍ਹਾਂ ਦੇ ਬਣਦੇ ਲਾਭ, ਜਿਵੇਂ ਪ੍ਰਾਵੀਡੈਂਟ ਫੰਡ,ਈ. ਐਸ.ਆਈ,ਗ੍ਰੈਚੁਇਟੀ,ਬੋਨਸ ਆਦਿ ਮੰਗਾਂ ਮੰਨਵਾਉਣ ਲਈ ਲੰਮੇ ਸਮੇਂ ਤੋਂ ਲੜੀ ਜਾ ਰਹੀ ਲੜਾਈ ਵਿੱਚ ਸੀਟੂ ਵੱਲੋਂ ਭਰਵੇਂ ਸਮਰਥਨ ਦਾ ਅਰੰਭ ਕੀਤਾ ਜਾਵੇਗਾ।

ਸੀਟੂ ਆਗੂਆਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਬਾਅਦ ਵਿੱਚ ਧਰਨਾਕਾਰੀ ਪ੍ਰਦਰਸ਼ਨ ਦੇ ਰੂਪ ਵਿੱਚ ਫੇਜ਼ -10 ਵਿੱਚ ਸਥਿਤ ਪੰਜਾਬ ਦੇ ਕਿਰਤ ਕਮਿਸ਼ਨਰ ਦੇ ਦਫ਼ਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਨਗੇ। ਲੇਬਰ ਕਮਿਸ਼ਨਰ ਤੋਂ ਮੰਗ ਕੀਤੀ ਜਾਵੇਗੀ ਕਿ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਵੱਲੋਂ ਕਿਰਤ ਕਾਨੂੰਨਾਂ ਦੀ ਉਲੰਘਣਾ ਕਰਨ ਵਿਰੁੱਧ ਸਖ਼ਤ ਅਤੇ ਠੋਸ ਕਦਮ ਚੁੱਕੇ , ਘੱਟੋ- ਘੱਟ ਉਜ਼ਰਤਾਂ ਵਿਚ ਰੋਕੀ ਹੋਈ ਮਹਿੰਗਾਈ ਭੱਤੇ ਦੀ ਕਿਸ਼ਤ ਫੌਰੀ ਜਾਰੀ ਕਰੇ, ਘੱਟੋ- ਘੱਟ ਉਜ਼ਰਤਾਂ ਦੇ ਵਾਧੇ ਨੂੰ ਯਕੀਨੀ ਬਣਾਵੇ, ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਖੇਤ ਮਜ਼ਦੂਰਾਂ ਦੇ ਬਰਾਬਰ 430ਰੁਪਏ.70 ਪੈਸੇ ਕਰਨ ਦਾ ਐਲਾਨ ਕਰੇ, ਕਿਰਤੀਆਂ ਲਈ ਬਣੀਆਂ ਤਿੰਨ ਧਿਰੀ ਕਮੇਟੀਆਂ ਦੀਆਂ ਮੀਟਿੰਗਾਂ ਯਕੀਨੀ ਬਣਾਵੇ, ਨਿਰਮਾਣ ਮਜ਼ਦੂਰਾਂ ਦੇ ਲਾਭਾਂ ਵਿੱਚ ਕੀਤੀਆਂ ਕਟੌਤੀਆਂ ਰੱਦ ਕਰੇ, ਆਂਗਨਵਾੜੀ, ਮਿਡ -ਡੇ-ਮੀਲ, ਆਸ਼ਾ ਵਰਕਰਾਂ ਨੂੰ ਸੁਪਰੀਮ ਕੋਰਟ ਵੱਲੋਂ ਲਾਗੂ ਕੀਤੀ ਗ੍ਰੈਚਿਉਟੀ ਨੂੰ ਲਾਗੂ ਕਰੇ,4 ਲੇਬਰ ਕੋਡਜ ਉੱਤੇ ਅਮਲ ਨੂੰ ਰੋਕਣ ਦਾ ਐਲਾਨ ਕਰੇ, ਫੂਡ ਦੀਆਂ ਏਜੰਸੀਆਂ ਵਿੱਚੋਂ ਠੇਕੇਦਾਰੀ ਸਿਸਟਮ ਬੰਦ ਕਰਨ ਦਾ ਐਲਾਨ ਕਰੇ , ਪੇਂਡੂ ਚੌਕੀਦਾਰਾਂ ਨੂੰ ਘੱਟੋ ਘੱਟ ਉਜ਼ਰਤਾਂ ਦੇ ਘੇਰੇ ਵਿੱਚ ਸ਼ਾਮਲ ਕਰਨ ਦਾ ਐਲਾਨ ਕਰੇ,ਅਤੇ ਹੋਰਨਾਂ ਭਖਦੀਆਂ ਮੰਗਾਂ ਦੀ ਪੂਰਤੀ ਲਈ ਮੰਗ ਕੀਤੀ ਜਾਵੇਗੀ। ਸੀਟੂ ਦੇ ਸੂਬਾਈ ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਦੋਵੇਂ ਅਦਾਰਿਆਂ ਦੇ ਅਧਿਕਾਰੀਆਂ ਦਾ ਰਵਈਆ ਦੇਖ ਕੇ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ।

# ਜਲੰਧਰ 'ਚ ਆਮ ਆਦਮੀ ਪਾਰਟੀ ਨੂੰ ਮਿਲਿਆ ਵੱਡਾ ਹੁਲਾਰਾ, ਐਸ.ਸੀ ਕਮਿਸ਼ਨ ਪੰਜਾਬ ਦੇ ਮੈਂਬਰ ਰਾਜ ਕੁਮਾਰ ਮਲੋਈ ਆਪਣੇ ਸਾਥੀਆਂ ਸਮੇਤ ਹੋਏ 'ਆਪ' 'ਚ ਸ਼ਾਮਲ

**ਜਲੰਧਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੂੰ ਵੱਡਾ ਹੁਲਾਰਾ ਮਿਲਿਆ ਹੈ। ਸ਼ਨੀਵਾਰ ਨੂੰ ਐਸ.ਸੀ ਕਮਿਸ਼ਨ ਪੰਜਾਬ ਦੇ ਮੈਂਬਰ ਰਾਜ ਕੁਮਾਰ ਮਲੋਈ ਆਪਣੇ ਸੈਂਕੜੇ ਸਾਥੀਆਂ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਉੱਥੇ ਹੀ 'ਆਪ' ਨੇ ਸ਼ਿਵ ਸੈਨਾ ਸਮਾਜਵਾਦੀ ਨੂੰ ਵੱਡਾ ਝਟਕਾ ਦਿੱਤਾ ਹੈ। ਪਾਰਟੀ ਦੇ ਰਾਸ਼ਟਰੀ ਪ੍ਰਧਾਨ ਕਮਲੇਸ਼ ਭਾਰਦਵਾਜ ਅਤੇ ਰਾਸ਼ਟਰੀ ਚੇਅਰਮੈਨ ਹਨੀ ਭਾਰਦਵਾਜ ਆਪਣੇ ਸੈਂਕੜੇ ਸਾਥੀਆਂ ਨਾਲ 'ਆਪ' ਵਿੱਚ ਸ਼ਾਮਲ ਹੋ ਗਏ।

ਮੁੱਖ ਮੰਤਰੀ ਭਗਵੰਤ ਮਾਨ ਨੇ ਰਸਮੀ ਤੌਰ 'ਤੇ ਸਾਰੇ ਆਗੂਆਂ ਨੂੰ ਪਾਰਟੀ 'ਚ ਸ਼ਾਮਲ ਕੀਤਾ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਸ਼ਾਮਲ ਹੋਏ ਸਾਰੇ ਆਗੂਆਂ ਨੇ ਸੀ.ਐਮ. ਮਾਨ ਨੂੰ 'ਆਪ' ਉਮੀਦਵਾਰ ਮੋਹਿੰਦਰ ਭਗਤ ਦੀ ਜਿੱਤ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ।

ਇਸ ਮੌਕੇ ਆਪਣੇ ਬਿਆਨ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜਲੰਧਰ ਵਿੱਚ ਆਮ ਆਦਮੀ ਪਾਰਟੀ ਬਹੁਤ ਮਜ਼ਬੂਤ ਹੈ। ਸਾਡੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲੋਕ ਲਗਾਤਾਰ 'ਆਪ' ਨਾਲ ਜੁੜ ਰਹੇ ਹਨ ਅਤੇ ਸਾਡਾ ਸਮਰਥਨ ਕਰ ਰਹੇ ਹਨ। ਮਾਨ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਜਲੰਧਰ ਦੇ ਲੋਕਾਂ ਵੱਲੋਂ ਆਮ



ਆਦਮੀ ਪਾਰਟੀ ਨੂੰ ਭਰਵਾਂ ਸਮਰਥਨ ਮਿਲ ਰਿਹਾ। ਉਨ੍ਹਾਂ ਦਾਅਵਾ ਕੀਤਾ ਇੱਥੋਂ ਦੇ ਲੋਕ ਭਾਰੀ ਬਹੁਮਤ ਨਾਲ 'ਆਪ' ਉਮੀਦਵਾਰ ਮਹਿੰਦਰ ਭਗਤ ਨੂੰ ਜਿਤਾਉਣਗੇ ਅਤੇ ਧੋਖੇਬਾਜ਼ਾਂ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ, ਕਿਉਂਕਿ ਸਾਡਾ ਉਮੀਦਵਾਰ ਬਹੁਤ ਪੜ੍ਹਿਆ-ਲਿਖਿਆ, ਯੋਗ ਅਤੇ ਇਮਾਨਦਾਰ ਹੈ। ਉਨ੍ਹਾਂ ਦੀਆਂ ਦੋ ਪੀੜ੍ਹੀਆਂ ਨੇ ਜਲੰਧਰ ਦੇ ਲੋਕਾਂ ਦੀ ਸੇਵਾ ਕੀਤੀ ਹੈ।

# ਚੀ.ਫ ਐਡੀਟਰ ਕਮਲਜੀਤ ਸਿੰਘ ਛੇਹਰਟਾ ਪ੍ਰੈੱਸ ਵੈਲਫੇਅਰ ਸੁਸਾਇਟੀ ਦੇ ਦਫ਼ਤਰ ਇੰਚਾਰਜ਼ ਨਿਯੁਕਤ



**ਅੰਮ੍ਰਿਤਸਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਲਜੀਤ ਸਿੰਘ ਨੂੰ ਲਗਾਇਆ ਦਫ਼ਤਰ ਇੰਚਾਰਜ ਸਰਵਣ ਸਿੰਘ ਰੰਧਾਵਾ/ ਹਰਪਾਲ ਸਿੰਘ ਭੰਗੂ ਅਤੇ ਚੇਅਰਮੈਨ ਜਤਿੰਦਰ ਸਿੰਘ ਬੇਦੀ , ਮੁੱਖ ਦਫਤਰ ਦਾ ਚਾਰਜ ਸੰਭਾਲਣਗੇ।

ਸੌਂਪੀ ਜ਼ਿਮੇਵਾਰੀ , ਰੇਸ਼ਮ ਸਿੰਘ ਸਰਪ੍ਰਸਤ 2 ਜੁਲਾਈ ਦਲਬੀਰ ਸਿੰਘ ਗੁਮਾਨਪੁਰਾ ਅੰਮ੍ਰਿਤਸਰ ਪ੍ਰੈਸ ਵੈਲਫੇਅਰ ਸੁਸਾਇਟੀ ਛੇਹਰਟਾ ਦੇ ਸੂਬਾ ਸਕੱਤਰ ਪੰਜਾਬ ਦੇ ਸਰਵਣ ਸਿੰਘ ਰੰਧਾਵਾ ਤੇ ਪੰਜਾਬ ਪ੍ਰਧਾਨ ਹਰਪਾਲ ਸਿੰਘ ਭੰਗੂ ਵੱਲੋਂ ਪ੍ਰੈਸ ਮੀਡੀਆ ਪੰਜਾਬ ਟੂਡੇ ਦੇ ਸੂਝਵਾਨ ਤੇ ਹੋਣਹਾਰ ਚੀਫ਼ ਐਡੀਟਰ ਕਮਲਜੀਤ ਸਿੰਘ ਨੂੰ ਪ੍ਰੈਸ ਵੈਲਫੇਅਰ ਸੁਸਾਇਟੀ ਛੇਹਰਟਾ ਦੇ ਮੁੱਖ ਦਫਤਰ ਵਿਖੇ ਅੱਜ ਦਫ਼ਤਰ ਦਾ ਇੰਚਾਰਜ ਲਗਾਇਆ ਗਿਆ।

# ਚੈੱਕ ਰਿਪਬਲਿਕ ਵਿਖੇ ਪੰਜਾਬੀ ਯੂਨੀਵਰਸਿਟੀ ਦੇ ਪੈਰਾ ਤੀਰਅੰਦਾਜ਼ਾਂ ਨੇ ਜਿੱਤੇ ਸੋਨ ਤ.ਗਮੇ



**ਪਟਿਆਲਾ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੈੱਕ ਰਿਪਬਲਿਕ ਵਿਖੇ ਹੋਏ ਤੀਰਅੰਦਾਜ਼ੀ ਵਿਸ਼ਵ ਰੈਂਕਿੰਗ ਟੂਰਨਾਮੈਂਟ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਪੈਰਾ ਤੀਰਅੰਦਾਜ਼ ਹਰਵਿੰਦਰ ਸਿੰਘ ਅਤੇ ਪੂਜਾ ਨੇ ਰਿਕਰਵ ਮਿਕਸ ਟੀਮ ਈਵੈਂਟ ਦੇ ਫ਼ਾਈਨਲ ਵਿੱਚ ਪੋਲੈਂਡ ਦੀ ਟੀਮ ਨੂੰ ਹਰਾ ਕੇ ਸੋਨ ਤਗ਼ਮਾ ਭਾਰਤ ਦੀ ਝੋਲ਼ੀ ਪਾਇਆ ਹੈ। ਪਰੀ-ਕੁਆਰਟਰ ਫ਼ਾਈਨਲ ਵਿੱਚ ਯੂ. ਐੱਸ. ਏ., ਕੁਆਰਟਰ ਫ਼ਾਈਨਲ ਵਿੱਚ ਜਪਾਨ ਅਤੇ ਸੈਮੀ ਫ਼ਾਈਨਲ ਵਿੱਚ ਚੀਨ ਨੂੰ ਹਰਾਉਣ ਤੋਂ ਬਾਅਦ ਇਹ ਮਿਕਸ ਟੀਮ ਪੋਲੈਂਡ ਦੀ ਟੀਮ ਨਾਲ਼ ਭਿੜੀ ਸੀ। ਇਸ ਪ੍ਰਾਪਤੀ ਦੇ ਨਾਲ਼ ਹੀ ਪੂਜਾ ਨੇ ਰਿਕਰਵ ਵਿਮੈਨ ਟੀਮ ਵਿੱਚ ਸੋਨ ਤਗ਼ਮਾ ਅਤੇ ਹਰਵਿੰਦਰ ਸਿੰਘ ਨੇ ਕਾਂਸੀ ਤਗ਼ਮਾ ਵੀ ਜਿੱਤ ਲਿਆ ਹੈ। ਵਾਈਸ ਚਾਂਸਲਰ ਸ੍ਰੀ ਕਮਲ ਕਿਸ਼ੋਰ ਯਾਦਵ ਅਤੇ ਖੇਡ ਵਿਭਾਗ ਦੀ ਡਾਇਰੈਕਟਰ ਪ੍ਰੋ. ਅਜੀਤਾ ਨੇ ਦੋਹਾਂ ਖਿਡਾਰੀਆਂ ਅਤੇ ਉਨ੍ਹਾਂ ਦੇ ਕੋਚ ਸੁਰਿੰਦਰ ਸਿੰਘ ਰੰਧਾਵਾ ਨੂੰ ਇਸ ਪ੍ਰਾਪਤੀ ਉੱਤੇ ਵਧਾਈ ਦਿੱਤੀ ਅਤੇ ਪੈਰਾ ਓਲਿੰਪਕਸ ਪੈਰਿਸ ਲਈ ਸ਼ੁਭ-ਕਾਮਨਾਵਾਂ ਦਿੱਤੀਆਂ।

ਕੋਚ ਸੁਰਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਪੰਜਾਬੀ ਯੂਨੀਵਰਸਿਟੀ ਤੋਂ ਇਹ ਦੋ ਪੈਰਾ ਤੀਰਅੰਦਾਜ਼ ਹੁਣ 2024 ਦੀਆਂ ਪੈਰਾ ਓਲਿੰਪਕਸ ਪੈਰਿਸ ਵਿੱਚ ਸ਼ਿਰਕਤ ਕਰਨਗੇ।

# ਝੋਨੇ ਦੀ ਸਿੱਧੀ ਬਿਜਾਈ ਵਿੱਚ ਫਾਜ਼ਿਲਕਾ ਪੰਜਾਬ ਵਿੱਚ ਮੋਹਰੀ-ਡਿਪਟੀ ਕਮਿਸ਼ਨਰ

**ਫਾਜ਼ਿਲਕਾ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਵਿੱਚ ਫਾਜ਼ਿਲਕਾ ਜ਼ਿਲ੍ਹਾ ਪੰਜਾਬ ਵਿੱਚ ਮੋਹਰੀ ਚੱਲ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸਾਲ 2024-25 ਦੌਰਾਨ ਫਾਜ਼ਿਲਕਾ ਜ਼ਿਲ੍ਹੇ ਵਿੱਚ 4447 ਕਿਸਾਨਾਂ ਨੇ ਪੋਰਟਲ ਅਪਲਾਈ ਕੀਤਾ ਹੈ ਜੋ ਕਿ 48,164 ਏਕੜ ਰਕਬਾ ਰਜਿਸਟਰ ਹੋਇਆ ਹੈ। ਜਿਸ ਕਾਰਨ ਫਾਜ਼ਿਲਕਾ ਪੰਜਾਬ ਵਿੱਚ ਪਹਿਲੇ ਨੰਬਰ ਤੇ ਚੱਲ ਰਿਹਾ ਹੈ ਤੇ ਸ੍ਰੀ ਮੁਕਤਸਰ ਸਾਹਿਬ ਦਾ 45,040 ਏਕੜ ਰਕਬਾ ਰਜਿਸਟਰ ਹੋਇਆ ਹੈ ਜਿਸ ਕਾਰਨ ਉਹ ਦੂਜੇ ਨੰਬਰ ਤੇ ਚੱਲ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਜਿਸ ਕਿਸਾਨ ਨੇ ਵੀ ਝੋਨੇ ਦੀ ਸਿੱਧੀ ਬਿਜਾਈ ਕੀਤੀ ਹੈ, ਉਹ 30 ਜੂਨ ਤੱਕ ਅਪਣੀ ਰਜਿਸਟੇਸ਼ਨ Agrimachinerypb.Com ਪੋਰਟਲ ਤੇ ਕਰ ਲੈਣ।ਜੇਕਰ ਕਿਸੇ ਕਿਸਾਨ ਨੂੰ ਇਸ ਸਬੰਧੀ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਦਫਤਰ ਮੁੱਖ ਖੇਤੀਬਾੜੀ ਫਾਜਿਲਕਾ, ਬਲਾਕ ਖੇਤੀਬਾੜੀ ਅਫਸਰ ਫਾਜਿਲਕਾ, ਜਲਾਲਾਬਾਦ, ਅਬੋਹਰ, ਖੂਈਆ ਸਰਵਰ ਜਾਂ ਆਪਣੇ ਪਿੰਡ ਦੇ ਸਬੰਧਤ ਖੇਤੀਬਾੜੀ ਵਿਕਾਸ ਅਫਸਰ ਨਾਲ ਸੰਪਰਕ ਕਰ ਸਕਦੇ ਹਨ।



ਉਨ੍ਹਾਂ ਕਿਹਾ ਕਿ ਜ਼ਮੀਨਦੋਜ਼ ਪਾਣੀ ਦੀ ਬਚੱਤ ਲਈ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸਾਹਿਤ ਕਰਨ ਲਈ 1500 ਰੁਪਏ ਪ੍ਰਤੀ ਏਕੜ ਦੀ ਪ੍ਰੋਤਸਾਹਨ ਰਾਸ਼ੀ ਪੰਜਾਬ ਸਰਕਾਰ ਦੀ ਇੱਕ ਅਹਿਮ ਸਕੀਮ ਹੈ। ਉਨ੍ਹਾਂ ਕਿਹਾ ਕਿ ਸਿੱਧੀ ਬਿਜਾਈ ਕਰਨ ਨਾਲ ਜਿੱਥੇ ਪਾਣੀ ਦੀ ਬਚਤ ਹੁੰਦੀ ਹੈ ਉੱਥੇ ਹੀ 1500 ਰੁਪਏ ਦੀ ਪ੍ਰਤਸਾਹਨ ਰਾਸ਼ੀ ਵੀ ਮਿਲੇਗੀ।ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਪਾਣੀ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ।ਪਾਣੀ ਇੱਕ ਵਡਮੁੱਲੀ ਦਾਤ ਹੈ ਇਸ ਤੋਂ ਬਿਨਾਂ ਕੋਈ ਵੀ ਜਿੰਦਾ ਨਹੀਂ ਰਹਿ ਸਕਦਾ, ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਸ ਕੁਦਰਤੀ ਖਜ਼ਾਨੇ ਨੂੰ ਬਚਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਾ ਚਾਹੀਦਾ ਹੈ ਤੇ ਅਜਿਹਾ ਤਾ ਹੀ ਸੰਭਵ ਹੈ ਜੇਕਰ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਕਰਨ।

# ਨਰੋਏ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਨਸ਼ਿਆਂ ਤੋਂ ਬਚ ਕੇ ਰਹਿਣ ਦੀ ਲੋੜ : ਗੁਰਪ੍ਰੀਤ ਸਿੰਘ ਗਿੱਲ



**ਹੁਸ਼ਿਆਰਪੁਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ ਦਫ਼ਤਰ (ਵਿਕਾਸ) ਦੇ ਬੀ. ਆਰ. ਜੀ. ਐਫ ਮੀਟਿੰਗ ਹਾਲ 'ਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ ਦੀ ਅਗਵਾਈ ਹੇਠ ਨਸ਼ਿਆਂ ਖਿਲਾਫ਼ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ।ਇਸ ਸੈਮੀਨਾਰ ਵਿਚ ਆਰ.ਸੇਟੀ ਦੇ ਕੰਪਿਊਟਰਾਈਜ਼ਡ ਅਕਾਊਂਟਿੰਗ ਦੇ ਸਿਖਿਆਰਥੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਕ ਨਰੋਏ ਅਤੇ ਸਿਹਤਮੰਦ ਦੀ ਸਮਾਜ ਦੀ ਸਿਰਜਣਾ ਲਈ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਚੰਗੇ ਵਿਚਾਰਾਂ ਅਤੇ ਉੱਚ ਵਿੱਦਿਆ ਨਾਲ ਹੀ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਇਸ ਮੌਕੇ ਮਹਿੰਦਰ ਸਿੰਘ ਰਾਣਾ ਨੇ ਇਕ ਵਿਸ਼ੇਸ਼ ਪੀ.ਪੀ.ਟੀ ਰਾਹੀਂ ਸਿਖਿਆਰਥੀਆਂ ਨੂੰ ਨਸ਼ੇ ਦੇ ਮੰਦੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਅਤੇ ਇਸ ਤੋਂ ਦੂਰ ਰਹਿਣ ਲਈ ਸੁਝਾਅ ਦਿੱਤੇ। ਡਾਇਰੈਟਰ ਪੀ. ਐਨ. ਬੀ ਆਰ. ਸੇਟੀ ਰਜਿੰਦਰ ਕੁਮਾਰ ਭਾਟੀਆ ਨੇ ਵੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚ ਕੇ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਰੁਜ਼ਗਾਰ ਅ.ਫਸਰ ਸੰਦੀਪ ਕੁਮਾਰ, ਮਿਸ ਸਾਕਸ਼ੀ ਜੋਸ਼ੀ, ਅਨੂੰ ਕੁਮਾਰ ਅਤੇ ਆਰ. ਸੇਟੀ ਦਾ ਸਟਾਫ ਹਾਜ਼ਰ ਸੀ।

# ਸੜਕ ਸੁਰੱਖਿਆ ਫੋਰਸ ਪਟਿਆਲਾ ਰੇਂਜ ਦੇ ਜਵਾਨ ਬਣ ਰਹੇ ਹਨ ਸੜਕੀ ਹਾਦਸਿਆਂ ਦੇ ਜ਼ਖਮੀਆਂ ਲਈ ਮਸੀਹਾ

**ਪਟਿਆਲਾ, 2 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਜੀ,ਏ ਡੀ ਜੀ ਪੀ ਟ੍ਰੈਫਿਕ ਏ ਐਸ ਰਾਏ, ਸੀਨੀਅਰ ਕਪਤਾਨ ਪੁਲਿਸ ਸੜਕ ਸੁਰੱਖਿਆ ਫੋਰਸ ਗਗਨਅਜੀਤ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੜਕ ਸੁਰੱਖਿਆ ਫੋਰਸ ਪਟਿਆਲਾ ਰੇਂਜ ਅ.ਫਸਰ ਇੰਸਪੈਕਟਰ ਰਾਮਕੇਸ ਦੀ ਟੀਮ ਸੜਕੀ ਹਾਦਸਿਆਂ ਦੋਰਾਨ ਜ਼ਖਮੀਆਂ ਲਈ ਮਸੀਹਾ ਬਣ ਕੇ ਮਦਦ ਕਰ ਰਹੇ ਹਨ ਅਤੇ ਅਨੇਕਾਂ ਸੜਕੀ ਹਾਦਸਿਆਂ ਦੋਰਾਨ ਜ਼ਖਮੀਆਂ ਨੂੰ ਮੁਢਲੀ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜਾਨ ਬਚਾ ਚੁੱਕੇ ਹਨ, ਇਸ ਸਬੰਧੀ ਇੱਕ ਰਾਹਗੀਰ ਤੋਂ ਇਤਲਾਹ ਮਿਲਣ 'ਤੇ ਐਸ.ਐਸ.ਐਫ ਦੀ ਟੀਮ ਮੌਕੇ 'ਤੇ ਪਹੁੰਚੀ ਜਿੱਥੇ ਇੰਡੀਅਨ ਆਇਲ ਪੈਟਰੋਲ ਪੰਪ, ਘੱਗਾ ਬੱਸ ਸਟੈਂਡ ਨੇੜੇ ਦੋ ਮੋਟਰਸਾਈਕਲ ਸਵਾਰ ਜ਼ਖ਼ਮੀ ਹੋ ਗਏ। ਮੁਢਲੀ ਸਹਾਇਤਾ ਤੁਰੰਤ ਦਿੱਤੀ ਗਈ, ਅਤੇ ਜ਼ਖਮੀਆਂ ਦੇ ਸੁਰੱਖਿਅਤ ਘਰ ਵਾਪਸੀ ਨੂੰ ਯਕੀਨੀ ਬਣਾਉਣ ਲਈ ਪਰਿਵਾਰਕ ਮੈਂਬਰਾਂ ਨਾਲ ਸੰਪਰਕ ਕੀਤਾ ਗਿਆ। ਇਸ ਮੌਕੇ ਸੜਕ ਸੁਰੱਖਿਆ ਫੋਰਸ ਪਟਿਆਲਾ ਰੇਂਜ ਦੇ ਇੰਸਪੈਕਟਰ ਰਾਮਕੇਸ ਅਤੇ ਸਹਾਇਕ ਇੰਨਚਾਰਜ ਏ ਐਸ ਆਈ ਹੀਰਾ ਸਿੰਘ ਨੇ ਕਿਹਾ ਕਿ ਉਹਨਾਂ ਦੀ ਫੋਰਸ ਦਿਨ ਰਾਤ ਪਬਲਿਕ ਦੀ ਸਹਾਇਤਾ ਲਈ ਤਿਆਰ ਹੈ।

# ਦਰਗਾਹ ਪੀਰ ਬਾਬਾ ਚਮਰੌੜ ਸ਼ਾਹ ਜੀ ਦਾ ਸਲਾਨਾ ਮੇਲਾ ਤੇ ਭੰਡਾਰਾ ਕਰਵਾਇਆ

**ਮਾਛੀਵਾੜਾ ਸਾਹਿਬ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹਿਰ ਵਿਖੇ ਦਰਗਾਹ ਪੀਰ ਬਾਬਾ ਚਮਰੌੜ ਸ਼ਾਹ ਜੀ ਦਾ ਸਲਾਨਾ ਮੇਲਾ ਅਤੇ ਭੰਡਾਰਾ ਵਾਲਮੀਕਿ ਮਹੁੱਲਾ, ਨੇੜੇ ਕੋਆਪ੍ਰੇਟਿਵ ਸੁਸਾਇਟੀ ਮਾਛੀਵਾੜਾ ਸਾਹਿਬ ਵਿਖੇ ਕਰਵਾਇਆ ਗਿਆ। ਜਿਸ ਵਿੱਚ ਸਵੇਰ ਤੋਂ ਹੀ ਸੰਗਤਾਂ ਦੂਰੋ ਨੇੜੇ ਨਤਮਸਤਕ ਹੋਣ ਲਈ ਪਹੁੰਚੀਆਂ।

ਪ੍ਰਬੰਧਕਾਂ ਵਿੱਚੋਂ ਮੇਲੇ ਸੰਬੰਧੀ ਜਾਣਕਾਰੀ ਦਿੰਦਿਆ ਨੰਬਰਦਾਰ ਰੌਸ਼ਨ ਹੰਸ ਨੇ ਦੱਸਿਆ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਮੂਹ ਸ਼ਹਿਰ ਨਿਵਾਸੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਲਾਨਾ ਮੇਲਾ ਅਤੇ ਭੰਡਾਰਾ ਕਰਵਾਇਆ ਗਿਆ। ਜਿਸ ਵਿੱਚ ਸਭ ਤੋਂ ਪਹਿਲਾਂ ਸਵੇਰੇ ਮੀਆਂ ਭੂਰੇ ਸ਼ਾਹ ਜੀ ਵੱਲੋਂ ਪੀਰ ਬਾਬਾ ਜੀ ਦੀ ਅਰਦਾਸ ਬੇਨਤੀ ਕੀਤੀ ਗਈ, ਉਪਰੰਤ ਝੰਡਾ ਚੜਾਉਣ ਦੀ ਰਸਮ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ (ਰਜਿ) ਐੱਨ.ਜੀ.ਓ ਦੇ ਪ੍ਰਧਾਨ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ ਵੱਲੋਂ ਕੀਤੀ ਗਈ।

# ਪੇਂਡੂ ਯੂਥ ਕਲੱਬਾਂ ਨੂੰ ਆਉਂਦੀਆਂ ਦਰਪੇਸ਼ ਮੁਸ਼ਕਲਾਂ ਸਬੰਧੀ ਪਰਮਿੰਦਰ ਭਲਵਾਨ ਨੇ ਵਿੱਤ ਮੰਤਰੀ ਪੰਜਾਬ ਨਾਲ ਕੀਤੀ ਮੁਲਾਕਾਤ

**ਪਟਿਆਲਾ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਪਾਵਰ ਹਾਊਸ ਯੁਵਕ ਸੇਵਾਵਾਂ ਕਲੱਬ ਰਣਜੀਤ ਨਗਰ ਦੇ ਚੇਅਰਮੈਨ ਅਤੇ ਸਰਪ੍ਰਸਤ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਅਤੇ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਵੱਲੋਂ ਪੰਜਾਬ ਸਰਕਾਰ ਵਿਚ ਨੰਬਰ ਦੋ ਕੈਬਨਿਟ ਮੰਤਰੀ ਮਾਨਯੋਗ ਵਿੱਤ ਮੰਤਰੀ ਪੰਜਾਬ ਸਰਕਾਰ ਹਰਪਾਲ ਸਿੰਘ ਚੀਮਾ ਨਾਲ ਪੇਂਡੂ ਯੂਥ ਕਲੱਬਾਂ ਨੂੰ ਆਉਂਦੀਆਂ ਦਰਪੇਸ਼ ਮੁਸ਼ਕਲਾਂ ਸਬੰਧੀ ਮੁਲਾਕਾਤ ਕੀਤੀ ਇਸ ਮੌਕੇ ਪਰਮਿੰਦਰ ਭਲਵਾਨ ਨੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੱਸਿਆ ਕਿ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਪਿਛਲੇ 12 ਸਾਲਾਂ ਤੋਂ ਨਸ਼ਿਆਂ ਵਿਰੁੱਧ ਤਕਰੀਬਨ 2000 ਤੋਂ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਵੱਖ ਵੱਖ ਪਿੰਡਾਂ ਕਸਬਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆ ਵਿਚ ਕਰ ਚੁੱਕੀ ਹੈ ਅਤੇ ਇਹ ਮੁਹਿਮ ਲਗਾਤਾਰ ਜਾਰੀ ਹੈ



ਅਤੇ ਨੋਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰ ਰਹੀ ਹੈ, ਇਸ ਤੋਂ ਇਲਾਵਾ ਤਿੰਨ ਲੱਖ ਤੋਂ ਉੱਪਰ ਮੁਫ਼ਤ ਸੈਨਟਰੀ ਪੈਡ ਔਰਤਾਂ ਅਤੇ ਲੜਕੀਆਂ ਨੂੰ ਵੱਖ ਵੱਖ ਸਲੱਮ ਏਰੀਏ, ਪਿੰਡਾਂ ਸ਼ਹਿਰਾਂ ਵਿੱਚ ਵੰਡੇ ਜਾ ਚੁੱਕੇ ਹਨ, ਉਹਨਾਂ ਦੱਸਿਆ ਕਿ ਖੁਦ 90 ਵਾਰ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵਲੋਂ 80 ਵਾਰ ਅਤੇ ਸਟੇਟ ਐਵਾਰਡੀ ਰੁਪਿੰਦਰ ਕੌਰ ਵੱਲੋ 8 ਵਾਰ ਖੂਨਦਾਨ ਕੀਤਾ ਅਤੇ ਸੋਲਾ ਦੇਸਾ ਵਿਚ ਖੂਨਦਾਨ ਕੈਂਪ ਲਗਾਏ ਅਤੇ ਭਾਰਤ ਦੇ ਵੱਖ ਵੱਖ ਰਾਜਾਂ ਵਿਚ ਖੂਨਦਾਨ ਕੈਪਾ ਰਾਹੀਂ ਤਕਰੀਬਨ 40000 ਹਜ਼ਾਰ ਤੋਂ ਉੱਪਰ ਬਲੱਡ ਵੱਖ ਵੱਖ ਬਲੱਡ ਬੈਂਕਾਂ ਨੂੰ ਇੱਕਤਰ ਕਰਕੇ ਦਿੱਤਾ ਜਾ ਚੁੱਕਾ ਹੈ, ਇਸ ਤੋਂ ਇਲਾਵਾ ਉਹਨਾਂ ਦੇ ਟੀਮ ਮੈਂਬਰ ਯੂ ਐਨ ਵਲੰਟੀਅਰ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵਲੋਂ ਹੁਣ ਤੱਕ 150 ਦੇ ਕਰੀਬ ਲੋੜਵੰਦਾਂ ਮਰੀਜ਼ਾਂ ਨੂੰ ਟਰਾਈਸਾਈਕਲ ਅਤੇ ਵੀਲਚੇਅਰ ਵੰਡੀਆਂ ਜਾ ਚੁਕੀਆਂ ਹਨ। ਇਸ ਤੋਂ ਇਲਾਵਾ ਵਾਤਾਵਰਨ ਨੂੰ ਬਚਾਉਣ ਲਈ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ, ਲੋੜਵੰਦ ਮਰੀਜ਼ਾਂ ਦੀ ਮਦਦ, ਲੋੜਵੰਦ ਲੜਕੀਆਂ ਦੀ ਪੜ੍ਹਾਈ ਲਈ ਮਦਦ, ਲੋੜਵੰਦ ਲੜਕੀਆਂ ਦੇ ਵਿਆਹਾਂ ਵਿਚ ਮਦਦ, ਲੋੜਵੰਦ ਲੜਕੀਆਂ ਦੇ ਲਈ ਮੁਫ਼ਤ ਸਿਲਾਈ ਕਢਾਈ ਅਤੇ ਬਿਊਟੀ ਪਾਰਲਰ ਕੋਰਸ ਕਰਵਾਉਣੇ ਇਹ ਸਾਰੇ ਕੰਮ ਬਗੈਰ ਕਿਸੇ ਸਰਕਾਰੀ ਮਦਦ ਦੇ ਕੀਤੇ ਜਾ ਰਹੇ ਹਨ, ਪਰਮਿੰਦਰ ਭਲਵਾਨ ਨੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੂੰ ਪੇਂਡੂ ਯੂਥ ਕਲੱਬਾਂ ਨੂੰ ਆਉਂਦੀਆਂ ਦਰਪੇਸ਼ ਮੁਸ਼ਕਲਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਆਦਾ ਤਰ ਯੂਥ ਕਲੱਬ ਪਿੰਡਾਂ ਵਿਚ ਖ਼ਤਮ ਹੋ ਚੁੱਕੇ ਹਨ ਇਸ ਮੁੱਖ ਕਾਰਨ ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਲੱਗੇ ਅਧਿਕਾਰੀਆਂ ਵਲੋਂ ਨੋਜਵਾਨਾਂ ਨਾਲ ਕੋਈ ਤਾਲਮੇਲ ਨਾ ਰੱਖਣਾ ਸਰਕਾਰ ਵੱਲੋਂ ਨੋਜਵਾਨਾਂ ਲਈ ਆਉਂਦੀਆਂ ਸਕੀਮਾਂ ਬਾਰੇ ਜਾਣਕਾਰੀ ਨਾ ਦੇਣਾ ਇਸ ਲਈ ਨੋਜਵਾਨਾ ਵਲੋਂ ਪਿੰਡਾਂ ਵਿਚ ਬਣੇ ਯੂਥ ਕਲੱਬ ਖਤਮ ਹੋ ਰਹੇ ਹਨ ਜ਼ਿਆਦਾਤਰ ਕਲੱਬ ਸਿਰਫ਼ ਕਾਗਜ਼ਾਂ ਵਿਚ ਰਜਿਸਟਰ ਹਨ ਉਹਨਾਂ ਮੰਗ ਕੀਤੀ ਕਿ ਹਰ ਜ਼ਿਲ੍ਹੇ ਪੱਧਰ ਤੇ ਅਚਾਨਕ ਚੈਕਿੰਗ ਕਰ ਕੇ ਯੂਵਕ ਸੇਵਾਵਾਂ ਵਿਭਾਗ ਦੇ ਜ਼ਿਲਾ ਅਧਿਕਾਰੀਆਂ ਤੋਂ ਯੂਥ ਕਲੱਬਾ ਜਾਣਕਾਰੀ ਹਾਸਲ ਕੀਤੀ ਜਾਵੇ, ਉਹਨਾਂ ਕਿਹਾ ਕਿ ਯੂਥ ਕਲੱਬਾਂ ਰਾਹੀਂ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਨੂੰ ਬਹੁਤ ਵੱਡਾ ਹੁਲਾਰਾ ਮਿਲ ਸਕਦਾ ਹੈ ਜੇਕਰ ਯੂਥ ਕਲੱਬਾਂ ਨੂੰ ਪਿੰਡ ਪੱਧਰ ਐਕਟਿਵ ਕੀਤਾ ਜਾਵੇ,ਇਸ ਮੌਕੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਉਹੋ ਇਸ ਸਬੰਧੀ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਨਾਲ ਗੱਲਬਾਤ ਕਰਨਗੇ ਅਤੇ ਯੂਥ ਕਲੱਬਾਂ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ ਕਿਉਂਕਿ ਮੁੱਖ ਮੰਤਰੀ ਪੰਜਾਬ ਜੀ ਦਾ ਮੁੱਖ ਟੀਚਾ ਨੋਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ, ਖੇਡਾਂ ਵੱਲ ਪ੍ਰੇਰਿਤ ਕਰਨਾ ਹੈ ਉਹਨਾਂ ਕਿਹਾ ਕਿ ਕੰਮ ਨਾ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਕਾਰਵਾਈ ਵੀ ਕੀਤੀ ਜਾਵੇਗੀ, ਉਨ੍ਹਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਉਨ੍ਹਾਂ ਦੀ ਟੀਮ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਵੱਖ ਵੱਖ ਖੇਤਰਾਂ ਵਿਚ ਕੀਤੇ ਜਾ ਰਹੇ ਸਮਾਜ ਸੇਵੀ ਕਾਰਜ ਸ਼ਲਾਘਾਯੋਗ ਹਨ ਸਭ ਤੋਂ ਸ਼ਲਾਘਾਯੋਗ ਕਦਮ ਇਹਨਾਂ ਦੀ ਟੀਮ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਹੈ ਉਹਨਾਂ ਕਿਹਾ ਕਿ ਉਹ ਹਰ ਵੇਲੇ ਸਮਾਜ ਸੇਵੀ ਕਾਰਜਾਂ ਲਈ ਹਰ ਸੰਭਵ ਮਦਦ ਕਰਨ ਲਈ ਤਿਆਰ ਹਨ, ਇਸ ਮੌਕੇ ਸਤਨਾਮ ਸਿੰਘ ਸਾਬਕਾ ਸਰਪੰਚ ਮੈਦੇਵਾਸ, ਤਪਿੰਦਰ ਸਿੰਘ ਸੋਹੀ ਓ ਐਸ ਡੀ ਵਿੱਤ ਮੰਤਰੀ ਪੰਜਾਬ, ਯਾਦ ਸੰਧੂ,ਵੀ ਹਾਜ਼ਰ ਸਨ।

# ਸੀਟੀ ਗਰੁੱਪ ਦੀ ਗ੍ਰੀਨ ਇਨੀਸ਼ੀਏਟਿਵ: ਨਵੇਂ ਵਿਦਿਆਰਥੀਆਂ ਅਤੇ ਪਰਿਵਾਰਾਂ ਦਾ ਸੁਆਗਤ ਕਰਨ ਲਈ ਬੂਟੇ ਦਿੱਤੇ ਗਏ



**ਜਲੰਧਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵਵਿਆਪੀ ਵਾਤਾਵਰਣ ਸੰਬੰਧੀ ਮੁੱਦਿਆਂ ਨੂੰ ਹੱਲ ਕਰਨ ਦੇ ਉਦੇਸ਼ ਨਾਲ ਇੱਕ ਪਹਿਲਕਦਮੀ ਵਿੱਚ, ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਸਾਰੇ ਨਵੇਂ ਸ਼ਾਮਲ ਹੋਣ ਵਾਲਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਬੂਟੇ ਵੰਡੇ। ਇਹ ਪਹਿਲਕਦਮੀ ਜਲਵਾਯੂ ਪਰਿਵਰਤਨ ਜਾਗਰੂਕਤਾ, ਪਾਣੀ ਦੀ ਸੰਭਾਲ, ਅਤੇ ਜੰਗਲਾਂ ਦੀ ਕਟਾਈ ਦਾ ਮੁਕਾਬਲਾ ਕਰਨ ਦੀ ਲੋੜ ਦੇ ਮਹੱਤਵ ਨੂੰ ਰੇਖਾਂਕਿਤ ਕਰਦੀ ਹੈ।

ਇਹਨਾਂ ਗਲੋਬਲ ਚੁਣੌਤੀਆਂ ਦੀ ਜ਼ਰੂਰੀਤਾ ਨੂੰ ਸਮਝਦੇ ਹੋਏ, ਸੀਟੀ ਗਰੁੱਪ ਨੇ ਕਮਿਊਨਿਟੀ ਨੂੰ ਸਿੱਖਿਅਤ ਅਤੇ ਸ਼ਾਮਲ ਕਰਨ ਲਈ ਇੱਕ ਸਰਗਰਮ ਕਦਮ ਚੁੱਕਿਆ ਹੈ।ਬੂਟੇ ਵੰਡਣ ਦੇ ਨਾਲ-ਨਾਲ ਜਲਵਾਯੂ ਤਬਦੀਲੀ, ਪਾਣੀ ਦੀ ਕਮੀ ਅਤੇ ਜੰਗਲਾਂ ਦੀ ਕਟਾਈ ਬਾਰੇ ਵਿਆਪਕ ਜਾਗਰੂਕਤਾ ਸੈਸ਼ਨ ਕਰਵਾਏ ਗਏ।

ਇਹ ਸੈਸ਼ਨ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਾਤਾਵਰਣ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਲਈ ਸੂਚਿਤ ਕਰਨ ਅਤੇ ਪ੍ਰੇਰਿਤ ਕਰਨ ਲਈ ਤਿਆਰ ਕੀਤੇ ਗਏ ਸਨ।

ਮਾਪਿਆਂ ਅਤੇ ਵਿਦਿਆਰਥੀਆਂ ਨੇ ਇਸ ਸਾਰਥਕ ਉਪਰਾਲੇ ਲਈ ਧੰਨਵਾਦ ਪ੍ਰਗਟ ਕਰਦੇ ਹੋਏ ਬੜੇ ਉਤਸ਼ਾਹ ਨਾਲ ਬੂਟੇ ਪ੍ਰਾਪਤ ਕੀਤੇ।

ਡਾ: ਵਨੀਤ ਠਾਕੁਰ, ਐਡਮਿਸ਼ਨਜ਼ ਦੇ ਡਾਇਰੈਕਟਰ ਨੇ ਟਿੱਪਣੀ ਕੀਤੀ, ÷ਇਹ ਪਹਿਲਕਦਮੀ ਸਿਰਫ਼ ਰੁੱਖ ਲਗਾਉਣ ਬਾਰੇ ਨਹੀਂ ਹੈ, ਇਹ ਜਾਗਰੂਕਤਾ ਅਤੇ ਜ਼ਿੰਮੇਵਾਰੀ ਦੇ ਬੀਜ ਬੀਜਣ ਬਾਰੇ ਹੈ। ਵਿਦਿਆਰਥੀਆਂ ਅਤੇ ਮਾਪਿਆਂ ਦੋਵਾਂ ਦੇ ਸਕਾਰਾਤਮਕ ਹੁੰਗਾਰੇ ਨੂੰ ਦੇਖ ਕੇ ਇਹ ਖੁਸ਼ੀ ਦੀ ਗੱਲ ਹੈ ਕਿ ਅਸੀਂ ਇਕੱਠੇ ਮਿਲ ਕੇ ਇੱਕ ਕਰ ਸਕਦੇ ਹਾਂ।



ਪਦਮਾਨਾਭਾਸਵਾਮੀ ਮੰਦਰ, ਕੇਰਲਾ-



ਮੀਨਾਕਸ਼ੀ ਅੰਮਾ ਮੰਦਰ, ਤਾਮਿਲਨਾਡੂ

# ਭਾਰਤ ਦੇ ਅਮੀਰ ਧਰਮ ਅਸਥਾਨ

**ਬਲਰਾਜ ਸਿੰਘ ਸਿੱਧੂ**
**ਐਸ਼ ਪੀ**

ਨੋਟਬੰਦੀ ਵੇਲੇ ਇੱਕ ਮੁੱਦਾ ਬਹੁਤ ਜੋਰ ਸ਼ੋਰ ਨਾਲ ਉੱਠਿਆ ਸੀ ਕਿ ਸ਼ਾਇਦ ਧਾਰਮਿਕ ਸੰਸਥਾਨਾਂ ਦੇ ਚੜ੍ਹਾਵੇ ਨਾਲ ਕਾਲੇ ਧੰਨ ਵਾਲਿਆਂ ਦੀ ਮਦਦ ਕੀਤੀ ਜਾ ਸਕਦੀ ਹੈ। ਧੰਨ ਕੁਬੇਰ ਅਜਿਹੇ ਸੰਸਥਾਨਾਂ ਦੇ ਪ੍ਰਬੰਧਕਾਂ ਦੀ ਮਿਲੀ ਭੁਗਤ ਨਾਲ ਚੁੱਪ ਚੁਪੀਤੇ ਆਪਣੇ ਪੁਰਾਣੇ ਨੋਟ ਨਵਿਆਂ ਵਿੱਚ ਤਬਦੀਲ ਕਰਵਾ ਸਕਦੇ ਹਨ। ਭਾਰਤ ਵਿੱਚ ਧਰਮ ਸਥਾਨਾਂ ਜਾਂ ਡੇਰਿਆਂ ਦੀ ਆਮਦਨ ?ਤੇ ਕੋਈ ਇਨਕਮ ਟੈਕਸ ਆਦਿ ਨਹੀਂ ਲੱਗਦਾ। ਅਰਬਾਂ ਖਰਬਾਂ ਰੁਪਿਆ ਬਿਨਾਂ ਕਿਸੇ ਟੈਕਸ ਜਾਂ ਆਡਿਟ ਦੇ ਖਪ ਜਾਂਦਾ ਹੈ। ਸਰਕਾਰ ਦਾ ਜਿਆਦਾਤਰ ਧਾਰਮਿਕ ਸੰਸਥਾਨਾਂ ਦੇ ਕੰਮ ਕਾਜ ਉੱਪਰ ਕਿਸੇ ਕਿਸਮ ਦਾ ਕੋਈ ਕੰਟਰੋਲ ਨਹੀਂ ਹੈ। ਵੈਸੇ ਹੁਣ ਤੱਕ ਕਿਸੇ ਧਾਰਮਿਕ ਸਥਾਨ ਦੁਆਰਾ ਕਿਸੇ ਧਨਾਢ ਦੇ ਨੋਟ ਬਦਲਣ ਦਾ ਮਾਮਲਾ ਸਾਹਮਣੇ ਨਹੀਂ ਆਇਆ। ਭਾਰਤ ਦੇ ਧਾਰਮਿਕ ਸਥਾਨਾਂ ਨੂੰ ਹਰ ਸਾਲ ਅਰਬਾਂ ਰੁਪਿਆ ਚੜ੍ਹਾਵਾ ਚੜ੍ਹਦਾ ਹੈ। ਭਾਰਤ ਦੇ ਦਸ ਸਭ ਤੋਂ ਵੱਧ ਅਮੀਰ ਧਾਰਮਿਕ ਸੰਸਥਾਨ ਇਸ ਪ੍ਰਕਾਰ ਹਨ।

**1 ਪਦਮਾਨਾਭਾਸਵਾਮੀ ਮੰਦਰ, ਕੇਰਲਾ**- ਇਹ ਪੁਰਾਤਨ ਮੰਦਰ ਭਗਵਾਨ ਵਿਸ਼ਣੂੰ ਨੂੰ ਸਮਰਪਿਤ ਹੈ ਅਤੇ ਈਸਾ ਤੋਂ ਕਈ ਸਦੀਆਂ ਪਹਿਲਾਂ ਦਾ ਨਿਰਮਿਤ ਹੈ। ਬ੍ਰਹਮ ਪੁਰਾਣ, ਮਤਸਿਆ ਪੁਰਾਣ, ਸਕੰਦ ਪੁਰਾਣ ਅਤੇ ਭਗਵਤ ਪੁਰਾਣ ਆਦਿ ਕਈ ਪ੍ਰਾਚੀਨ ਗ੍ਰੰਥਾਂ ਵਿੱਚ ਇਸ ਦਾ ਵੇਰਵਾ ਆਉਂਦਾ ਹੈ। ਕੇਰਲਾ ਦੇ ਥਿਰੂਵੰਨਤਾਪੁਰਮ ਸ਼ਹਿਰ ਵਿੱਚ ਸਥਿੱਤ ਇਹ ਮੰਦਰ ਦੁਨੀਆਂ ਦਾ ਸਭ ਤੋਂ ਦੌਲਤਮੰਦ ਮੰਦਰ ਹੈ। 2011 ਵਿੱਚ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਨਾਲ ਇਸ ਦੇ ਸਦੀਆਂ ਤੋਂ ਬੰਦ ਗੁਪਤ ਤਹਿਖਾਨੇ ਖੋਲ੍ਹੇ ਗਏ ਤਾਂ ਦੁਨੀਆਂ ਇਸ ਦੇ ਖਜ਼ਾਨੇ ਵੇਖ ਕੇ ਚਕਾਚੌਂਧ ਰਹਿ ਗਈ। ਹਨੇਰੇ ਸਿਲ੍ਹੇ ਤਹਿਖਾਨਿਆਂ ਵਿੱਚ ਸੋਨੇ, ਚਾਂਦੀ, ਹੀਰਿਆਂ, ਮੋਤੀਆਂ, ਪੁਖਰਾਜ, ਨੀਲਮ, ਮਾਣਕ, ਪੰਨੇ ਆਦਿ ਕੀਮਤੀ ਪੱਥਰਾਂ ਅਤੇ ਧਾਤਾਂ ਦੇ ਢੇਰ ਲੱਗੇ ਹੋਏ ਸਨ। ਸੋਨੇ ਦੀਆਂ ਮੂਰਤੀਆਂ, ਚੇਨਾਂ, ਸਿੱਕੇ, ਮੁਕਟ ਅਤੇ ਹਾਰ ਆਦਿ ਠੂਸ ਠੂਸ ਕੇ ਭਰੇ ਹੋਏ ਸਨ। ਕਈ ਕਰੋੜ ਦੇ ਸੋਨੇ ਦੇ ਸਿੱਕੇ ਤਾਂ ਰੋਮਨ ਸਾਮਰਾਜ ਦੇ ਸਨ। ਇਸ ਖਜ਼ਾਨੇ ਦੀ ਮਾਰਕੀਟ ਕੀਮਤ ਇੱਕ ਲੱਖ ਕਰੋੜ ਰੁਪਏ ਆਂਕੀ ਗਈ ਹੈ। ਜੇ ਇਸ ਮਾਲ ਦੀ ਇਤਿਹਾਸਕ ਅਤੇ ਪੁਰਾਤਨ ਮਹੱਤਤਾ ਨੂੰ ਵਾਚਿਆ ਜਾਵੇ ਤਾਂ ਇਸ ਦੀ ਕੀਮਤ ਸੌ ਗੁਣਾ ਹੋਰ ਵੱਧ ਜਾਵੇਗੀ। ਅਜੇ 8 ਵਿੱਚੋਂ ਸਿਰਫ 5 ਤਹਿਖਾਨੇ ਖੋਲ੍ਹੇ ਗਏ ਹਨ।

**2 ਤਿਰੂਮਲਾ ਤਿਰੂਪਤੀ ਵੈਂਕਟੇਸ਼ਵਰਾ ਮੰਦਰ, ਆਂਧਰਾ ਪ੍ਰਦੇਸ਼**- ਇਹ ਮੰਦਰ ਵੀ ਭਗਵਾਨ ਵਿਸ਼ਣੂੰ ਨੂੰ ਸਮਰਪਿਤ ਹੈ ਅਤੇ ਸੰਨ 300 ਈਸਵੀ ਦੇ ਆਸ ਪਾਸ ਬਣਿਆ ਸੀ। ਇਸ ਮੰਦਰ ਦੀ ਗੋਲਕ ਤੋਂ ਸਲਾਨਾ ਆਮਦਨ ਕਰੀਬ 1700 ਕਰੋੜ ਅਤੇ ਖਜ਼ਾਨੇ ਦੀ ਕੀਮਤ 650 ਕਰੋੜ ਰੁਪਏ ਆਂਕੀ ਗਈ ਗਈ ਹੈ। ਇਹ ਮੰਦਰ ਤਿਰੂਮਲਾ ਦੇ ਪਹਾੜੀ ਸ਼ਹਿਰ ਵਿੱਚ ਸਥਿੱਤ ਹੈ। ਇਥੇ ਸੰਸਾਰ ਦੇ ਕਿਸੇ ਵੀ ਧਾਰਮਿਕ ਸਥਾਨ ਤੋਂ ਵੱਧ ਸ਼ਰਧਾਲੂ ਰੋਜ਼ਾਨਾ ਆਉਂਦੇ (50000 ਤੋਂ ਇੱਕ ਲੱਖ) ਹਨ। ਇਥੇ ਦੂਰ ਦੂਰ ਤੋਂ ਲੋਕ ਮੁੰਡਨ ਕਰਵਾਉਣ ਆਉਂਦੇ ਹਨ। ਹਰ ਸਾਲ 40 ਕਰੋੜ ਰੁਪਏ ਤਾਂ ਸਿਰਫ ਉਹ ਵਾਲ ਵੇਚ ਕੇ ਹੀ ਮੰਦਰ ਦੀ ਤਿਜ਼ੋਰੀ ਵਿੱਚ ਆਉਂਦੇ ਹਨ। ਵਿਦੇਸ਼ਾਂ ਵਿੱਚ ਇਹ ਵਾਲ ਵਿੱਗ ਆਦਿ ਬਣਾਉਣ ਦੇ ਕੰਮ ਆਉਂਦੇ ਹਨ। ਵੈਂਕਟੇਸ਼ਵਰ ਦੇਵਤੇ ਦੀ ਮੂਰਤੀ ਦੇ ਗਹਿਣੇ 10 ਕਵਿੰਟਲ ਸੋਨੇ ਦੇ ਬਣੇ ਹੋਏ ਹਨ। ਪ੍ਰਸ਼ਾਦ ਦੇ ਲੱਡੂ ਵੇਚ ਕੇ ਹਰ ਸਾਲ ਡੇਢ ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਅਮਿਤਾਭ ਬੱਚਨ ਨੇ ਇਥੇ 51 ਲੱਖ ਰੁਪਏ ਦਾਨ ਕੀਤੇ ਸਨ।

**3 ਸਾਈਂ ਬਾਬਾ ਮੰਦਰ, ਸ਼ਿਰਡੀ, ਮਹਾਂਰਾਸ਼ਟਰ**- ਸਾਂਈ ਬਾਬਾ ਦੀ ਯਾਦ ਵਿੱਚ ਬਣਿਆ ਇਹ ਮੰਦਰ 1922 ਈਥ ਵਿੱਚ ਉਸਾਰਿਆ ਗਿਆ ਸੀ। ਇਹ ਸ਼ਿਰਡੀ ਨਾਮ ਦੇ ਕਸਬੇ ਵਿੱਚ ਮੁੰਬਈ ਤੋਂ ਕਰੀਬ 296 ਕਿਥਮੀਥ ਦੂਰ ਸਥਿੱਤ ਹੈ। ਸਾਈਂ ਬਾਬਾ ਬਾਰੇ ਇਹ ਪਤਾ ਨਹੀਂ ਹੈ ਕਿ ਉਹ ਹਿੰਦੂ ਸਨ ਜਾਂ ਮੁਸਲਮਾਨ, ਪਰ ਉਹਨਾਂ ਦੀਆਂ ਸਿਖਿਆਵਾਂ ਇਸਲਾਮ ਅਤੇ ਹਿੰਦੂ ਧਰਮਾਂ ਦੇ ਚੰਗੇ ਗੁਣਾਂ ਦਾ ਨਿਚੋੜ ਹਨ। ਉਹਨਾਂ ਨੇ ਆਪਣੇ ਅਨੁਆਈਆਂ ਨੂੰ ਸਭ ਨਾਲ ਪਿਆਰ ਕਰਨ, ਮਾਫ ਕਰ ਦੇਣ, ਦਾਨ ਕਰਨ ਅਤੇ ਸੰਤੋਖੀ ਜੀਵਨ ਬਿਤਾਉਣ ਦੀ ਸਿੱਖਿਆ ਦਿੱਤੀ। ਹਰ ਜ਼ਾਤ, ਧਰਮ ਅਤੇ ਫਿਰਕੇ ਦੇ ਕਰੀਬ 30-35000 ਸ਼ਰਧਾਲੂ ਇਥੇ ਰੋਜ਼ਾਨਾ ਹਾਜ਼ਰੀ ਭਰਨ ਲਈ ਆਉਂਦੇ ਹਨ। ਸਲਾਨਾ ਚੜ੍ਹਾਵਾ 600 ਕਰੋੜ ਰੁਪਏ ਦੇ ਲਗਭਗ ਹੈ। ਇਸ ਤੋਂ ਇਲਾਵਾ ਇਸ ਦੇ ਖਜ਼ਾਨੇ ਵਿੱਚ ਸ਼ਰਧਾਲੂਆਂ ਦੁਆਰਾ ਭੇਂਟ ਕੀਤੇ 35 ਕਰੋੜ ਦੇ ਸੋਨੇ ਚਾਂਦੀ ਦੇ ਗਹਿਣੇ ਮੌਜੂਦ ਹਨ।



ਸੋਮਨਾਥ ਮੰਦਰ, ਗੁਜਰਾਤ

**4 ਮੰਦਰ ਮਾਤਾ ਵੈਸ਼ਣੋ ਦੇਵੀ, ਜੰਮੂ ਕਸ਼ਮੀਰ**- ਮਾਤਾ ਵੈਸ਼ਣੋ ਦੇਵੀ ਮੰਦਰ ਬਹੁਤ ਹੀ ਪ੍ਰਚੀਨ ਹੈ। ਇਥੇ ਹਰ ਸਾਲ ਇੱਕ ਕਰੋੜ ਤੋਂ ਵੱਧ ਸ਼ਰਧਾਲੂ ਦਰਸ਼ਨ ਕਰਨ ਲਈ ਜਾਂਦੇ ਹਨ ਤੇ ਸਲਾਨਾ ਚੜ੍ਹਾਵਾ 500 ਕਰੋੜ ਰੁਪਏ ਦੇ ਕਰੀਬ ਹੈ। ਪਹਿਲਾਂ ਇਸ ਦਾ ਕੰਟਰੋਲ ਪੰਡਿਆਂ ਦੇ ਕੋਲ ਹੁੰਦਾ ਸੀ ਪਰ ਹੁਣ ਇਸ ਦਾ ਪ੍ਰਬੰਧ ਸ਼ਰਾਈਨ ਬੋਰਡ ਕਰਦਾ ਹੈ। ਜੰਮੂ ਕਸ਼ਮੀਰ ਦੇ ਗਵਰਨਰ ਇਸ ਬੋਰਡ ਦੇ ਚੇਅਰਮੈਨ ਹਨ। ਇਸ ਬੋਰਡ ਨੇ ਇਸ ਮੰਦਰ ਦੇ ਪ੍ਰਬੰਧਾਂ ਦੇ ਸੁਧਾਰ ਵਿੱਚ ਬੇਮਿਸਾਲ ਕੰਮ ਕੀਤੇ ਹਨ।

**5 ਸੋਮਨਾਥ ਮੰਦਰ, ਗੁਜਰਾਤ**- ਇਹ ਮੰਦਰ ਪ੍ਰਭਾਸ ਪੱਟਨ ਸ਼ਹਿਰ ਵਿੱਚ ਗੁਜਰਾਤ ਦੇ ਪੱਛਮੀ ਤੱਟ ਤੇ ਸਥਿੱਤ ਹੈ। ਇਹ ਭਗਵਾਨ ਸ਼ਿਵ ਦੇ 12 ਜਯੋਤੀ ਲਿੰਗਾਂ ਵਿੱਚੋਂ ਪਹਿਲਾ ਹੈ ਤੇ ਚੰਦਰ ਦੇਵਤੇ ਨੂੰ ਸਮਰਪਿਤ ਹੈ। ਹਜ਼ਾਰਾਂ ਸਾਲ ਪੁਰਾਣੇ ਇਹ ਮੰਦਰ ਨੂੰ ਮਹਿਮੂਦ ਗਜ਼ਨਵੀ ਸਮੇਤ ਅਨੇਕਾਂ ਧਾੜਵੀਆਂ ਦੁਆਰਾ ਲੁੱਟਿਆ ਅਤੇ ਤਬਾਹ ਕੀਤਾ ਗਿਆ ਹੈ। ਮੌਜੂਦਾ ਮੰਦਰ ਦਾ ਨਿਰਮਾਣ 1951 ਈ ਵਿੱਚ ਕੀਤਾ ਗਿਆ ਸੀ। 2012 ਵਿੱਚ ਸੂਰਤ ਅਤੇ ਮੁੰਬਈ ਦੇ ਦੋ ਵਪਾਰੀਆਂ ਨੇ ਇਥੇ 36 ਕਿੱਲੋ ਸੋਨਾ ਦਾਨ ਕੀਤਾ ਸੀ। ਇਸ ਮੰਦਰ ਦੀ ਸਲਾਨਾ ਆਮਦਨ ਕਰੀਬ 125 ਕਰੋੜ ਰੁਪਏ ਦੇ ਕਰੀਬ ਹੈ।

**6. ਹਰਿਮੰਦਰ ਸਾਹਿਬ, ਸ਼੍ਰੀ ਅੰਮ੍ਰਿਤਸਰ**- ਹਰਿਮੰਦਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਇਥੇ ਦਾ ਲੰਗਰ ਸੰਸਾਰ ਦੀ ਸਭ ਤੋਂ ਵੱਡੀ ਫਰੀ ਕਿਚਨ ਹੈ। ਹਰਿਮੰਦਰ ਸਾਹਿਬ ਦਾ ਸਲਾਨਾ ਸਲਾਨਾ ਚੜ੍ਹਾਵਾ 85-90 ਕਰੋੜ ਰੁਪਏ ਦੇ ਲਗਭਗ ਹੈ।

**7. ਜਗਨਨਾਥ ਪੁਰੀ, ਉੜੀਸਾ**- ਇਹ ਮੰਦਰ ਉੜੀਸਾ ਦੇ ਪੁਰੀ ਸ਼ਹਿਰ ਵਿੱਚ ਸਥਿੱਤ ਹੈ। ਇਸ ਦਾ ਨਿਰਮਾਣ ਗੰਗਾ ਵੰਸ਼ ਦੇ ਰਾਜੇ ਅਨੰਤਵਰਮਨ ਦੇਵ ਨੇ 12ਵੀਂ ਸਦੀ ਵਿੱਚ ਕਰਾਇਆ ਸੀ। ਇਹ ਹਿੰਦੂਆਂ ਦੇ ਚਾਰ ਧਾਮਾਂ ਵਿੱਚੋਂ ਇੱਕ ਹੈ। ਇਸ ਦੀ ਸਲਾਨਾ ਆਮਦਨ 45 ਕਰੋੜ ਰੁਪਏ ਦੇ ਕਰੀਬ ਹੈ। ਇਸ ਦੀ ਪ੍ਰਸਿੱਧੀ ਕਾਰਨ ਇਸ ਨੂੰ ਹਮਲਾਵਰਾਂ ਨੇ ਹੁਣ ਤੱਕ 18 ਵਾਰ ਲੁੱਟਿਆ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਇਥੇ ਕਾਫੀ ਸੋਨਾ ਦਾਨ ਕੀਤਾ ਸੀ। ਉਸ ਨੇ ਇੱਕ ਵਾਰ ਕੋਹਿਨੂਰ ਹੀਰਾ ਵੀ ਇਥੇ ਦਾਨ ਕਰਨ ਦਾ ਮਨ ਬਣਾਇਆ ਸੀ ਪਰ ਅਚਾਨਕ ਮੌਤ ਹੋ ਜਾਣ ਕਾਰਨ ਗੱਲ ਵਿੱਚੇ ਰਹਿ ਗਈ। ਮੰਦਰ ਦੇ ਖਜ਼ਾਨੇ ਵਿੱਚ ਪੰਜ ਕੁਵਿੰਟਲ ਦੇ ਕਰੀਬ ਸੋਨੇ ਅਤੇ 22 ਕਵਿੰਟਲ ਦੇ ਕਰੀਬ ਚਾਂਦੀ ਦੀਆਂ ਵਸਤੂਆਂ ਹਨ। ਇਸ ਦੇ 200 ਕਰੋੜ ਦੇ ਕਰੀਬ ਰੁਪਏ ਬੈਂਕਾਂ ਵਿੱਚ ਜਮ੍ਹਾਂ ਹਨ ਜਿਸ ਦੇ ਵਿਆਜ ਤੋਂ ਰੋਜ਼ਾਨਾ ਦੇ ਖਰਚੇ ਚਲਾਏ ਜਾਂਦੇ ਹਨ।

**8. ਸਿੱਧੀ ਵਿਨਾਇਕ ਮੰਦਰ, ਮੁੰਬਈ** - ਭਗਵਾਨ ਗਣੇਸ਼ ਨੂੰ ਸਮਰਪਿਤ ਇਹ ਮੰਦਰ 1801 ਈ. ਵਿੱਚ ਇੰਦੌਰ ਦੀ ਦਾਰਸ਼ਨਿਕ ਮਹਾਰਾਣੀ ਅਹਿਲਿਆ ਬਾਈ ਹੋਲਕਰ ਨੇ ਬਣਵਾਇਆ ਸੀ। ਇਹ ਮੁੰਬਈ ਦਾ ਸਭ ਤੋਂ ਅਮੀਰ ਮੰਦਰ ਹੈ। ਇਥੇ ਰੋਜ਼ਾਨਾ 25000 ਤੇ ਤਿਉਹਾਰਾਂ ਤੇ ਦੋ ਲੱਖ ਸ਼ਰਧਾਲੂ ਆਉਂਦੇ ਹਨ। ਇਸ ਦੀ ਸਲਾਨਾ ਆਮਦਨ 25 ਤੋਂ 30 ਕਰੋੜ ਰੁਪਏ ਹੈ। ਕਲਕੱਤਾ ਦੇ ਇੱਕ ਸ਼ਰਧਾਲੂ ਵਪਾਰੀ ਨੇ ਇਥੇ ਭਗਵਾਨ ਗਣੇਸ਼ ਦੀ ਮੂਰਤੀ ਲਈ 5 ਕਿੱਲੋ ਸੋਨੇ ਦੀ ਪਾਲਕੀ ਭੇਂਟ ਕੀਤੀ ਸੀ। ਇਸ ਮੰਦਰ ਨੂੰ ਇੱਕ ਵਿਵਾਦਮਈ ਟਰੱਸਟ ਚਲਾਉਂਦਾ ਹੈ ਜਿਸ ?ਤੇ ਮੰਦਰ ਦੇ ਪੈਸੇ ਨੂੰ ਦੁਰਪਯੋਗ ਕਰਨ ਦੇ ਇਲਜ਼ਾਮ ਲੱਗਦੇ ਰਹਿੰਦੇ ਹਨ।

**9. ਕਾਸ਼ੀ ਵਿਸ਼ਵਨਾਥ ਮੰਦਰ, ਯੂਪੀ** - ਵਾਰਾਣਸੀ (ਬਨਾਰਸ) ਵਿੱਚ ਸਥਿੱਤ ਭਗਵਾਨ ਸ਼ਿਵ ਦਾ ਇਹ ਮੰਦਰ ਹਜ਼ਾਰਾਂ ਸਾਲ ਪੁਰਾਣਾ ਹੈ। ਇਹ ਮੰਦਰ ਨੂੰ ਧਾੜਵੀਆਂ ਦੁਆਰਾ ਕਈ ਵਾਰ ਲੁੱਟਿਆ ਤੇ ਤਬਾਹ ਕੀਤਾ ਗਿਆ ਹੈ। ਇਸ ਦੇ ਗੁੰਬਦ ਅਤੇ ਮੀਨਾਰ ਸੋਨੇ ਨਾਲ ਮੜ੍ਹੇ ਹੋਏ ਹਨ। ਇਸ ਦੀ ਸਲਾਨਾ ਆਮਦਨ ਕਰੀਬ 15 ਕਰੋੜ ਹੈ। ਇਸ ਦੇ ਦੋ ਗੁੰਬਦਾਂ ਨੂੰ ਸੋਨੇ ਨਾਲ ਮੜ੍ਹਵਾਉਣ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਮੁਗਲ ਸਮਰਾਟ ਔਰੰਗਜ਼ੇਬ ਨੇ ਇਸ ਮੰਦਰ ਨੂੰ ਬਿਲਕੁਲ ਨੇਸਤਾਨਾਬੂਦ ਕਰ ਦਿੱਤਾ ਸੀ। ਮੌਜੂਦਾ ਮੰਦਰ ਦੀ ਉਸਾਰੀ ਵੀ ਇੰਦੌਰ ਦੀ ਮਰਾਠਾ ਮਹਾਰਾਣੀ ਅਹੱਲਿਆ ਬਾਈ ਹੌਲਕਰ ਨੇ 1780 ਈਥ ਵਿੱਚ ਕਰਵਾਈ ਸੀ।

**10. ਮੀਨਾਕਸ਼ੀ ਅੰਮਾ ਮੰਦਰ, ਤਾਮਿਲਨਾਡੂ** - ਇਹ ਮੰਦਰ ਮਦੁਰਾਈ ਵਿੱਚ ਸਥਿੱਤ ਹੈ। ਮਦੁਰਾਈ ਨੂੰ ਮੰਦਰਾਂ ਦਾ ਸ਼ਹਿਰ ਕਿਹਾ ਜਾਂਦਾ ਹੈ। ਵੈਸੇ ਤਾਂ ਇਹ ਮੰਦਰ ਬਹੁਤ ਪ੍ਰਾਚੀਨ ਹੈ ਪਰ ਮੌਜੂਦਾ ਇਮਾਰਤ ਦੀ ਉਸਾਰੀ ਮਦੁਰਾਈ ਸਟੇਟ ਦੇ ਪ੍ਰਧਾਨ ਮੰਤਰੀ ਅਰਿਅੰਤ ਮੁਦਲੀਆਰ ਨੇ 1569 ਈਸਵੀ ਵਿੱਚ ਕਰਵਾਈ ਸੀ। ਇਥੇ ਰੋਜ਼ਾਨਾ 15000 ਦੇ ਕਰੀਬ ਸ਼ਰਧਾਲੂ ਆਉਂਦੇ ਹਨ ਤੇ ਸਲਾਨਾ ਆਮਦਨ 10 ਕਰੋੜ ਰੁਪਏ ਦੇ ਕਰੀਬ ਹੈ। ਮੰਦਰ ਦੀ ਇਮਾਰਤ ਦੇ ਬਾਹਰਲੇ ਪਾਸੇ ਦੋ ਸੁਨਹਿਰੇ ਵਿਮਾਨਾਂ ਤੋਂ ਇਲਾਵਾ 33000 ਸ਼ਾਨਦਾਰ ਮੂਰਤੀਆਂ ਖੁਦੀਆਂ ਹੋਈਆਂ ਹਨ। ਵਿਸ਼ਵ ਦੇ ਆਧੁਨਿਕ ਸੱਤ ਅਜੂਬੇ ਚੁਣਨ ਲਈ ਜਿਹੜੇ 30 ਸਮਾਰਕਾਂ ਦੀ ਚੋਣ ਕੀਤੀ ਗਈ ਸੀ, ਇਹ ਵੀ ਉਹਨਾਂ ਵਿੱਚ ਸ਼ਾਮਲ ਸੀ। ਹਰੇਕ ਇਨਸਾਨ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਧਾਰਮਿਕ ਸਥਾਨਾਂ ਨੂੰ ਦਾਨ ਦੇਣ ਦਾ ਹੱਕ ਹੈ। ਪਰ ਇਹ ਵੀ ਜਰੂਰੀ ਹੈ ਕਿ ਧਾਰਮਿਕ ਸਥਾਨਾਂ ਦੇ ਨਾਲ ਨਾਲ ਗਰੀਬਾਂ, ਮਜ਼ਬੂਰਾਂ ਅਤੇ ਬੇਸਹਾਰਿਆਂ ਦਾ ਵੀ ਖਿਆਲ ਰੱਖਿਆ ਜਾਵੇ। ਉਹਨਾਂ ਦੀ ਵੀ ਜਥਾ ਸ਼ਕਤੀ ਮਦਦ ਕੀਤੀ ਜਾਵੇ।

# ਹਾਏ ਬਾਪੂ ਅੱਗੇ ਤੋਂ ਨਹੀਂ....

**ਮੇਜਰ ਸਿੰਘ ਨਾਭਾ**

'ਵਿਗੜਿਆਂ ਤਿਗੜਿਆਂ ਦਾ ਡੰਡਾ ਪੀਰ' ਦੀ ਕਹਾਵਤ ਹੁਣ ਪੁਰਾਣੀ ਹੋ ਗਈ ਲੱਗਦੀ ਹੈ। ਇਨਸਾਨ ਨੂੰ ਡੰਡੇ ਨਾਲ ਸੁਧਾਰਨ ਦੀ ਗੱਲ ਹੁਣ ਦੂਰ ਦੀ ਗੱਲ ਹੈ। ਜਿਵੇਂ ਕਿ ਅਮਰੀਕਾ ਨੇ ਆਪਣੀ ਤਾਕਤ ਨੂੰ ਦੁਨੀਆਂ ਵਿਚ ਮਨਵਾਉਣ ਲਈ ਕਈ ਦੇਸ਼ਾਂ ਨਾਲ ਗੱਲਬਾਤ ਦੀ ਥਾਂ ਸ਼ਕਤੀ ਨੂੰ ਵਰਤਣ ਦਾ ਖਮਿਆਜ਼ਾ ਦੇਖ ਹੀ ਲਿਆ ਹੈ। ਸਕੂਲਾਂ ਵਿਚ ਬੱਚੇ ਨੂੰ ਸੁਧਾਰਨ ਦੀ ਗੱਲ ਲਈਏ ਤਾਂ ਸਿੱਖਿਆ ਮਾਹਿਰਾਂ ਅਨੁਸਾਰ ਨਵੀਂ ਸਿੱਖਿਆ ਨੀਤੀ ਅੰਦਰ ਡੰਡੇ ਨਾਂ ਦੀ ਕੋਈ ਚੀਜ਼ ਨਹੀਂ। ਹੈ ਵੀ ਠੀਕ ਅੱਜ ਦਾ ਬੱਚੇ ਬੜਾ ਸੈਂਸੇਟਿਵ ਹੈ ਉਸ ਉੱਪਰ ਹਰੇਕ ਗੱਲ ਦਾ ਕੋਈ ਨਾ ਕੋਈ ਪ੍ਰਭਾਵ ਜ਼ਰੂਰ ਪੈਂਦਾ ਹੈ।

ਸ਼ਾਇਦ ਇਹ 1972 ਦੀ ਗੱਲ ਹੈ ਜਦੋਂ ਮੈਂ ਸਰਕਾਰੀ ਹਾਈ ਸਕੂਲ ਦੰਦਰਾਲਾ ਢੀਂਡਸਾ ਵਿਖੇ ਨੌਂਵੀਂ ਸ਼੍ਰੇਣੀ ਵਿਚ ਪੜ੍ਹਦਾ ਸੀ। ਮੇਰੇ ਦੋਸਤ ਗੁਰਪ੍ਰੀਤ ਦਾ ਪਿਤਾ ਮੇਰੀ ਸੁਰਤ ਸੰਭਲਣ ਤੋਂ ਪਹਿਲਾਂ ਦਾ ਹੀ ਪਿੰਡ ਦਾ ਸਰਪੰਚ ਬਣਿਆ ਹੋਇਆ ਸੀ। ਪਿੰਡ ਵਿਚ ਤਕੜੇ ਲਾਣੇ ਵਜੋਂ ਜਾਣਿਆ ਜਾਂਦਾ ਸੀ। ਇਕ ਦਿਨ ਗੁਰਪ੍ਰੀਤ ਨਾਲ ਦੇ ਮੁੰਡਿਆਂ ਨਾਲ ਸਕੂਲੋਂ ਕੰਧ ਟੱਪ ਕੇ ਫਿਰਨੀ ਦੇ ਨੇੜਲੇ ਖੂਹ ਤੇ ਚਲਿਆ ਗਿਆ। ਅਚਾਨਕ ਗੁਰਪ੍ਰੀਤ ਦਾ ਪਿਤਾ ਉਧਰੋਂ ਦੀ ਲੰਘ ਰਿਹਾ ਸੀ ਤਾਂ ਉਥੇ ਗੁਰਪ੍ਰੀਤ ਨੂੰ ਦੇਖ ਦੇ ਕ੍ਰੋਧ ਵਿਚ ਆ ਗਿਆ। ਉਸ ਨੂੰ ਉਥੋਂ ਨੇੜਿਓਂ ਇਕ ਤੂਤ ਦੀ ਛਟੀ ਮਿਲ ਗਈ। ਬਸ ਫੇਰ ਤਾਂ ਗੁਰਪ੍ਰੀਤ ਨੂੰ ਬਾਹਰੋਂ

ਕੁੱਟਦੇ ਕੁੱਟਦੇ ਲਿਆ ਕੇ ਸਕੂਲ ਵਿਚ ਹੈੱਡਮਾਸਟਰ ਸਾਹਮਣੇ ਗਿੱਟਿਆਂ ਨੂੰ ਛਾਂਗਦਿਆਂ ਲੇਰਾਂ ਕਢਵਾ ਦਿੱਤੀਆਂ। ਗੁਰਪ੍ਰੀਤ ਦੇ ਬੋਲ ?ਹਾਏ, ਬਾਪੂ, ਅੱਗੇ ਤੋਂ ਨਹੀਂਥਥਥਥ' ਸੁਣਦਿਆਂ ਸਾਰੇ ਸਕੂਲ ਦੇ ਬੱਚਿਆਂ ਦੇ ਸਵਾਸ ਅੰਦਰ ਨੂੰ ਚਲੇ ਗਏ। ਹੈੱਡਮਾਸਟਰ ਤੋਂ ਵੱਖਰੀ ਕੁਟਾਈ ਕਰਵਾਈ। ਪਰ ਜਦੋਂ ਮੈਂ ਅੱਜ ਦੇ ਮਾਪਿਆਂ ਅਤੇ ਬੱਚਿਆਂ ਵੱਲ ਵੇਖਦਾ ਹਾਂ ਤਾਂ ਨਾ ਤਾਂ ਮਾਪੇ ਦਾ ਹੀ ਏਨਾ ਜ਼ੇਰਾ ਏ ਤੇ ਨਾ ਹੀ ਬੱਚੇ ਅੰਦਰ ਹੀ ਏਨੀ ਬਰਦਾਸ਼ਤ ਸ਼ਕਤੀ ਹੈ।

ਮੈਟ੍ਰਿਕ ਪਾਸ ਕਰਨ ਤੋਂ ਬਾਅਦ ਅਸੀਂ ਤਿੰਨ ਮੁੰਡਿਆਂ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖਲਾ ਲੈ ਲਿਆ। ਪਿੰਡ ਤੋਂ ਸ਼ਹਿਰ ਤਕਰੀਬਨ 16-17 ਕਿਲੋਮੀਟਰ ਸੀ। ਅਸੀਂ ਸਾਇਕਲਾਂ ਉੱਪਰ ਹੀ ਕਾਲਜ ਜਾਂਦੇ। ਪੰਜਾਬ ਸਟੂਡੈਂਟਸ ਯੂਨੀਅਨ (ਪੀਥਐਸ਼ਯੂ) ਦਾ ਇਨ੍ਹਾਂ ਦਿਨਾਂ ਵਿਚ ਬਹੁਤ ਜ਼ੋਰ ਸੀ। ਵਿਦਿਆਥੀਆਂ ਦੀ ਇਕ ਮੰਗ ਕਨਸੈਸ਼ਨਲ ਰੇਟ 'ਤੇ ਸਟੂਡੈਂਟਸ ਬਸ ਪਾਸ ਬਨਾਉਣ ਦੀ ਸਰਕਾਰ ਨੇ ਮੰਨ ਲਈ। ਹੁਣ ਅਸੀਂ ?ਬਸ ਪਾਸ' ਬਣਾ ਕੇ ਕਾਲਜ ਨੂੰ ਬਸ ਰਾਹੀਂ ਜਾਣ ਲੱਗ ਪਏ। ਭਾਵੇਂ ਬਸਾਂ ਦੇ ਰੂਟ ਸੀਮਿਤ ਹੀ ਸੀ। ਬਸਾਂ ਰਾਹੀਂ ਜਾਣਾ ਸਾਈਕਲਾਂ ਤੇ ਜਾਣ ਨਾਲੋਂ ਜ਼ਿਆਦਾ ਸਮਾਂ ਬਰਬਾਦ ਕਰਦਾ ਸੀ ਕਿਉਂਕਿ ਜਾਣ ਵੇਲੇ ਕਾਫੀ ਸਮਾਂ ਪਹਿਲਾਂ ਜਾਣਾ ਪੈਂਦਾ ਇਸੇ ਤਰ੍ਹਾਂ ਵਾਪਸੀ ਤੇ ਕਾਫੀ ਸਮਾਂ ਬਸਾਂ ਦੀ ਉਡੀਕ ਕਰਨੀ ਪੈਂਦੀ। ਸਰਦੀਆਂ ਵਿਚ ਜ਼ਿਆਦਾ ਠੰਡ ਅਤੇ ਦਿਨ ਛੋਟੇ ਹੋਣ ਕਾਰਨ ਮੈਂ ਤੇ ਗੁਰਪ੍ਰੀਤ ਨੇ ਪਿੰਡ ਦੇ ਸੀਨੀਅਰ ਮੁੰਡਿਆਂ ਵਾਂਗ ਸ਼ਹਿਰ ਹੀ ਕਿਰਾਏ ਤੇ ਕਮਰਾ ਲੈ ਲਿਆ। ਰੋਟੀ ਤੇ ਦੁੱਧ ਪਿੰਡੋਂ ਆ ਜਾਂਦਾ ਸੀ। ਸਾਨੂੰ ਹਫਤੇ ਦਾ ਖਰਚ 20 ਤੋਂ 25 ਰੁਪਏ ਤੱਕ ਹੀ ਮਿਲਦਾ, ਜਿਸ ਨਾਲ ਅਸੀਂ ਆਪਣੇ ਸਾਰੇ ਖਰਚ ਚਲਾਉਂਦੇ, ਵਿਚੋਂ ਹੀ ਫਿਲਮ ਭੀ ਵੇਖ ਲੈਂਦੇ।

ਗੁਰਪ੍ਰੀਤ ਦੇ ਵੱਡੇ ਭਰਾ ਦਾ ਵਿਆਹ ਹੋ ਚੁੱਕਾ ਸੀ ਉਸ ਨੂੰ ਵਿਆਹ 'ਚ 'ਰਾਜਦੂਤ' ਮੋਟਰ ਸਾਈਕਲ ਮਿਲਿਆ ਸੀ। ਸ਼ਾਇਦ ਪਿੰਡ ਵਿਚ ਉਸ ਸਮੇਂ ਕਿਸੇ। ਵੀ ਘਰ ਸਕੂਟਰ ਜਾਂ ਮੋਟਰਸਾਈਕਲ ਨਹੀਂ ਸੀ। ਯੂਨੀਵਰਸਿਟੀ ਵੱਲੋਂ ਕੁਝ ਕਲਾਸਾਂ ਦੀ ਸਵੇਰੇ ਅਤੇ ਕੁਝ ਦੀ ਸ਼ਾਮ ਨੂੰ ਸਾਲਾਨਾ ਪ੍ਰੀਖਿਆ ਲਈ ਜਾਂਦੀ ਸੀ। ਪਹਿਲੇ ਸਾਲ ਪ੍ਰੈਪ ਦੇ ਪੇਪਰ ਸਵੇਰੇ ਹੋਣ ਕਾਰਨ ਪਿੰਡੋਂ ਆਉਣ ਜਾਣ ਦੀ ਕੋਈ ਦਿੱਕਤ ਨਾ ਆਈ। ਪਰ ਸ਼ਾਇਦ ਬੀਥਏਥ ਭਾਗ ਦੂਜਾ ਦੇ ਪੇਪਰ ਸ਼ਾਮ ਨੂੰ ਪਹਿਲੀ ਵਾਰ ਆਏ। ਸ਼ਾਮ ਦੇ ਪੇਪਰ ਹੋਣ ਕਾਰਨ ਪਿੰਡ ਨੂੰ ਜਾਣ ਦਾ ਬਸ ਸਮਾਂ 5 ਵਜੇ ਤੋਂ ਬਾਅਦ ਨਹੀਂ ਸੀ। ਇਸ ਤਰ੍ਹਾਂ 5 ਵਜੇ ਤੱਕ ਪੇਪਰ ਦੇ ਕੇ ਬਸ ਨਹੀਂ ਜਾ ਸਕਦੇ ਸੀ। ਗੁਰਪ੍ਰੀਤ ਦਾ ਪਿਤਾ ਸਾਨੂੰ ਦੋਵਾਂ ਨੂੰ ਮੋਟਰਸਾਈਕਲ ਤੇ ਆਪ ਪੇਪਰ ਦਿਵਾਉਣ ਆਇਆ ਜਿਵੇਂ ਕਿ ਅੱਜ ਲੜਕੀਆਂ ਨੂੰ ਮਾਪੇ ਪੇਪਰ ਦਿਵਾਉਣ ਆਉਂਦੇ ਹਨ। ਗੁਰਪ੍ਰੀਤ ਭਾਵੇਂ ਮੋਟਰ ਸਾਈਕਲ ਚਲਾਉਣਾ ਜਾਣਦਾ ਸੀ ਪਰ ਉਸ ਦੀ ਏਨੀ ਜ਼ੁਅਰੱਤ ਨਹੀਂ ਸੀ ਕਿ ਮੋਟਰਸਾਈਕਲ ਮੰਗ ਲੈਂਦਾ।

ਐਮਥਏਥ 'ਚ ਪੜ੍ਹਦੇ ਗੁਰਪ੍ਰੀਤ ਦਾ ਰਿਸ਼ਤਾ ਕੈਨੇਡਾ 'ਚ ਹੋ ਗਿਆ। ਜਦੋਂ ਉਹ ਪਹਿਲੀ ਵਾਰ ਭਾਰਤ ਆਇਆ ਤਾਂ ਕੰਮ ਕਾਰ ਬਾਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਸਟੋਰਾਂ 'ਤੇ ਸਮਾਨ ਗੱਡੀ ਰਾਹੀਂ ਪਹੁੰਚਾਉਣ ਦਾ ਕੰਮ ਕਰਦਾ ਹੈ। ਭਾਵੇਂ ਉਸ ਲਈ ਆਪਣੇ ਦੇਸ਼ ਵਿਚ ਹੀ ਵਧੀਆ ਕਾਰੋਬਾਰ ਚਲਾਉਣ ਲਈ ਵਿੱਤੀ ਹਾਲਤ ਚੰਗੀ ਸੀ ਪਰ ਉਧਰਲੇ ਅਨੁਸ਼ਾਸ਼ਤ ਸਮਾਜ ਤੋਂ ਏਨਾ ਜ਼ਿਆਦਾ ਪ੍ਰਭਾਵਿਤ ਹੈ ਕਿ ਉਹ ਹੁਣ ਉਧਰ ਦਾ ਹੀ ਬਣ ਕੇ ਰਹਿ ਗਿਆ ਹੈ। ਅੱਜ ਜਦੋਂ ਹੁਣ ਦੇ ਪਾੜ੍ਹਿਆਂ ਬਾਰੇ ਸੋਚੀਦਾ ਹੈ ਤਾਂ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਉੱਠਦੇ ਹਨ ਤੇ ਜਵਾਬ ਮੰਗਦੇ ਹਨ ਕਿ ਅੱਜ ਬੱਚਿਆਂ ਅੰਦਰ ਮਾਂ-ਬਾਪ, ਅਧਿਆਪਕ ਪ੍ਰਤੀ ਵਤੀਰਾ ਏਨਾ ਕਿਉਂ ਬਦਲ ਚੁੱਕਾ ਹੈ ?

ਅੱਜ ਦੇ ਬੱਚੇ ਨੂੰ ਭਾਵੇਂ ਮਾਪੇ ਮੋਟਰ ਸਾਈਕਲ, ਮੋਬਾਈਲ, ਕੰਪਿਊਟਰ ਭਾਵ ਹਰ ਸਹੂਲਤ ਦੇਣ ਦੀ ਕੋਸ਼ਿਸ਼ ਕਰਦੇ ਹਨ ਪਰ ਬੱਚਿਆਂ ਅੰਦਰ ਸਤਿਕਾਰ, ਸਹਿਣਸ਼ੀਲਤਾ ਦੀ ਭਾਵਨਾ ਅਲੋਪ ਹੁੰਦੀ ਜਾਪਦੀ ਹੈ। ਅਧਿਆਪਕ ਅਤੇ ਮਾਪੇ ਬੱਚੇ ਨੂੰ ਸਰੀਰਕ ਸਜ਼ਾ ਤਾਂ ਕੀ, ਉਸ ਦੇ ਕਸੂਰ ਤੇ ਕਿੰਤੂ ਪ੍ਰੰਤੂ ਜਾਂ ਬੁਰਾ ਭਲਾ ਕਹਿਣ ਤੋਂ ਵੀ ਸੰਕੋਚ ਕਰਨ ਲੱਗ ਪਏ ਹਨ ਕਿਉਂਕਿ ਕਈ ਥਾਵਾਂ ਤੇ ਬੱਚਿਆਂ ਨੇ ਬਿਨਾਂ ਸੋਚੇ ਸਮਝੇ ਗਲਤ ਕਦਮ ਚੁੱਕੇ ਹਨ। ਇਸ ਲਈ ਅੱਜ ਅਧਿਆਪਕ ਅਤੇ ਮਾਪਿਆਂ ਲਈ ਅੱਜ ਦਾ ਬੱਚਾ ਵੱਡੀ ਚੁਣੌਤੀ ਬਣ ਕੇ ਸਾਹਮਣੇ ਆ ਰਿਹਾ ਹੈ ਜਿਸ ਬਾਰੇ ਸਾਡੇ ਸਮਾਜ ਤੇ ਸਰਕਾਰ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਕਿਹੜੇ ਕਾਰਨ ਪੈਦਾ ਹੋਏ ਹਨ ਅਤੇ ਉਨ੍ਹਾਂ ਨੂੰ ਕਿਵੇਂ ਹੱਲ ਕੀਤਾ ਜਾ ਸਕੇਗਾ।

# ਵਕਤ ਸਿਰ ਪੇਟ ਦੇ ਕੈਂਸਰ ਦਾ ਪਤਾ ਲਗਾਓ ਅਤੇ ਬਿਨਾਂ ਅਪਰੇਸ਼ਨ ਇਲਾਜ ਕਰਵਾਓ

ਪੇਟ ਵਿਚ ਕਿਸੇ ਵੀ ਕੋਸ਼ਿਕਾ (ਸੈਲ) ਦਾ ਗੈਰ-ਸਧਾਰਨ ਜਾਂ ਗੈਰ-ਕੰਟਰੋਲ ਤਰੀਕੇ ਨਾਲ ਵਧਣ ਨੂੰ ਆਸਾਨ ਭਾਸ਼ਾ ਵਿਚ ਪੇਟ ਦਾ ਕੈਂਸਰ ਕਿਹਾ ਜਾਂਦਾ ਹੈ। ਇਹ ਪੇਟ ਦੀਆਂ ਅੰਦਰੂਨੀ ਪਰਤਾਂ ਵਿਚ ਫੈਲਦਾ ਹੋਇਆ ਹੌਲੀ-ਹੌਲੀ ਬਾਹਰੀ ਪਰਤਾਂ 'ਤੇ ਆਉਂਦਾ ਹੈ। ਇਸ ਕਰਕੇ ਸ਼ੁਰੂਆਤ ਵਿਚ ਇਸ ਬਿਮਾਰੀ ਦਾ ਪਤਾ ਵੀ ਨਹੀਂ ਲੱਗਦਾ।



**ਲੱਛਣਾਂ ਦੀ ਨਾ ਕਰੋ ਅਣਦੇਖੀ**

ਪੇਟ ਦੇ ਕੈਂਸਰ ਦੀ ਸ਼ੁਰੂਆਤ ਅਵਸਥਾ ਵਿਚ ਲੱਛਣ ਜਲਦੀ ਸਾਹਮਣੇ ਨਹੀਂ ਆਉਂਦੇ। ਇਸਦੇ ਲੱਛਣ ਕਾਫੀ ਹੱਦ ਤੱਕ ਅਲਸਰ ਅਤੇ ਹੋਰ ਪੇਟ ਦੇ ਵਿਕਾਰਾਂ ਵਰਗੇ ਹੁੰਦੇ ਹਨ, ਇਹਨਾਂ ਲੱਛਣਾਂ ਦੇ ਪ੍ਰਗਟ ਹੋਣ ਤੇ ਚੌਕਸ ਹੋ ਜਾਣਾ ਚਾਹੀਦਾ ਹੈ।

ਅਕਸਰ ਬਦਹਜ਼ਮੀ ਦੀ ਸਮੱਸਿਆ ਰਹਿਣਾ।
ਪੇਟ ਵਿਚ ਅਕਸਰ ਦਰਦ ਮਹਿਸੂਸ ਕਰਨਾ।
ਭੁੱਖ ਵਿਚ ਕਮੀ ਮਹਿਸੂਸ ਹੋਣਾ।
ਕਾਲੇ ਰੰਗ ਦਾ ਮਲ ਨਿਕਲਣਾ।
ਖਾਣੇ ਤੋਂ ਬਾਅਦ ਉਲਟੀ ਹੋਣਾ।
ਵਜਨ ਦਾ ਘੱਟ ਹੁੰਦੇ ਜਾਣਾ।
ਖੂਨ ਦੀ ਕਮੀ (ਅਨੀਮੀਆ) ਤੋਂ ਪੀੜਤ ਹੋਣਾ।

**ਮਰਜ਼ ਦਾ ਆਧੁਨਿਕ ਇਲਾਜ**- ਜੇਕਰ ਸਮਾਂ ਰਹਿੰਦੇ ਇਹਨਾਂ ਸਮੱਸਿਆਵਾਂ ਵਿਚ ਸੁਧਾਰ ਨਾ ਹੋਵੇ ਤਾਂ ਗੈਸਟ੍ਰੋਐਂਟ੍ਰੋਲਾਜੀ ਮਾਹਿਰ ਤੋਂ ਸਲਾਹ ਲੈਣ ਵਿਚ ਦੇਰੀ ਨਾ ਕਰੋ। ਮਾਹਿਰ ਡਾਕਟਰ ਕੈਂਸਰ ਦਾ ਸ਼ੰਕਾ ਹੋਣ ਤੇ ਐਂਡੋਸਕੋਪੀ ਕਰਦੇ ਹਨ। ਇਸ ਨਾਲ ਕੈਂਸਰ ਹੋਣ ਦੀ ਜਾਣਕਾਰੀ ਮਿਲ ਜਾਂਦੀ ਹੈ। ਸ਼ੁਰੂਆਤੀ ਅਵਸਥਾ ਵਿਚ ਪੇਟ ਦੇ ਕੈਂਸਰ ਦਾ ਪਤਾ ਲੱਗ ਜਾਵੇ ਤਾਂ ਅਪਰੇਸ਼ਨ ਤੋਂ ਬਿਨਾਂ ਐਂਡੋਸਕੋਪਿਕ ਵਿਧੀ (ਈ. ਐਮ. ਆਰਥ ਜਾਂ ਈ. ਐਸ਼ ਡੀ.) ਨਾਲ ਇਲਾਜ ਕੀਤਾ ਜਾ ਸਕਦਾ ਹੈ। ਕੈਂਸਰ ਦਾ ਪਤਾ ਲੱਗਣ ਤੋਂ ਬਾਅਦ ਐਂਡੋਸਕੋਪਿਕ ਅਲਟਰਾਸਾਊਂਡ (ਈ. ਯੂ. ਐਸ਼) ਦੇ ਜ਼ਰੀਏ ਬਿਮਾਰੀ ਦੀ ਡੂੰਘਾਈ ਨਾਲ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਐਂਡੋਸਕੋਪਿਕ ਸਰਜਨ ਪੇਟ ਦੇ ਕੈਂਸਰ ਗ੍ਰਸਤ ਭਾਗ ਨੂੰ ਅਪਰੇਸ਼ਨ ਤੋਂ ਬਿਨਾਂ ਕੱਢ ਦਿੰਦੇ ਹਨ। ਇਸ ਪ੍ਰਕਿਰਿਆ ਵਿਚ ਐਂਡੋਸਕੋਪ ਅਤੇ ਦੂਜੇ ਉਪਕਰਨਾਂ ਦੀ ਮਦਦ ਨਾਲ ਕੈਂ ਟਿਸ਼ੂ ਨੂੰ ਪਾਚਨ ਤੰਤਰ ਤੋਂ ਹਟਾ ਦਿੱਤਾ ਜਾਂਦਾ ਹੈ। ਇਸ ਪ੍ਰਕਿਰਿਆ ਦੁਆਰਾ ਬਿਨਾਂ ਅਪਰੇਸ਼ਨ ਪੇਟ ਦੇ ਕੈਂਸਰ ਬਾਰੇ ਡੂੰਘਾਈ ਵਿਚ ਜਾਣਕਾਰੀ ਹਾਸਲ ਕਰਕੇ ਇਲਾਜ ਕੀਤਾ ਜਾਂਦਾ ਹੈ। ਸੀਟੀ ਸਕੈਨ ਅਤੇ ਐਕਸਰੇ ਵਾਂਗ ਇਸ ਵਿਚ ਰੈਡੀਏਸ਼ਨ ਨਹੀਂ ਹੁੰਦਾ।

ਰਵਾਇਤੀ ਐਂਡੋਸਕੋਪੀ ਵਿਚ ਡਾਕਟਰ ਅਤੇ ਸਰਜਨ ਰੋਗੀ ਦੇ ਪੇਟ ਦੀ ਸਿਰਫ ਸਭ ਤੋਂ ਅੰਦਰੂਨੀ ਪਰਤ (ਲਾਈਨਿੰਗ) ਨੂੰ ਹੀ ਦੇਖ ਸਕਦੇ ਹਨ ਪਰ ਮਾਹਿਰ ਡਾਕਟਰਾਂ ਨੂੰ ਈ. ਯੂ. ਐਸ਼ ਪੇਟ ਦੀਆਂ ਸਾਰੀਆਂ ਪਰਤਾਂ ਦੇਖਣ ਵਿਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਪੇਟ ਦੇ ਬਾਹਰ ਦੇ ਅੰਗਾਂ ਨੂੰ ਵੀ ਚੰਗੀ ਤਰ੍ਹਾਂ ਦੇਖਿਆ ਜਾ ਸਕਦਾ ਹੈ। ਈਥ ਐਸ਼ ਯੂਥ ਪ੍ਰਕਿਰਿਆ ਅਲਟਰਾਸਾਊਂਡ ਅਤੇ ਐਂਡੋਸਕੋਪੀ ਵਿਧੀ ਦਾ ਮੇਲ ਹੈ। ਰੋਗ ਦੀ ਡਾਈਗ੍ਰੋਸਿਸ ਕਰਕੇ ਇਸੇ ਪ੍ਰਕਿਰਿਆ ਦੇ ਜ਼ਰੀਏ ਰੋਗ ਦਾ ਸਟੀਕ ਅਤੇ ਕਾਮਯਾਬ ਇਲਾਜ ਸੰਭਵ ਹੈ। ਇਸ ਪ੍ਰਕਿਰਿਆ ਦੀ ਮਦਦ ਨਾਲ ਗੈਸਟ੍ਰਿਕ ਕੈਂਸਰ ਦੀ ਸ਼ੁਰੂਆਤੀ ਅਵਸਥਾ ਦਾ ਪਤਾ ਲਗਾ ਕੇ ਸਹੀ ਇਲਾਜ ਸੰਭਵ ਹੈ ਪੇਟ ਦੇ ਕੈਂਸਰ ਬਾਰੇ ਜਲਦੀ ਪਤਾ ਲਗਾ ਕੇ ਇਲਾਜ ਕਰਵਾਉਣਾ ਜ਼ਰੂਰੀ ਹੈ। ਜਦੋਂ ਤੱਕ ਰੋਗੀ ਇਲਾਜ ਦੇ ਲਈ ਡਾਕਟਰ ਕੋਲ ਜਾਂਦੇ ਹਨ, ਉਦੋਂ ਤੱਕ ਬਿਮਾਰੀ ਅਡਵਾਂਸ ਸਟੇਜ ਤੱਕ ਪਹੁੰਚ ਚੁੱਕੀ ਹੁੰਦੀ ਹੈ। ਅਜਿਹੇ ਸਮੇਂ ਵਿਚ ਸੀਮਤ ਵਿਕਲਪਾਂ ਦੇ ਕਾਰਨ ਇਲਾਜ ਕਰਨਾ ਕਾਫੀ ਮੁਸ਼ਕਿਲ ਹੋ ਜਾਂਦਾ ਹੈ। ਇਸ ਕਰਕੇ ਬਿਮਾਰੀ ਦਾ ਸਮਾਂ ਰਹਿੰਦੇ ਪਤਾ ਲਗਾਉਣਾ ਬਹੁਤ ਜ਼ਰੂਰੀ ਹੈ। ਜੇਕਰ ਵਧੀਆ ਅੰਡੋਸਕੋਪਿਕ ਅਲਟਰਾਸਾਊਂਡ ਮਸ਼ੀਨਾਂ ਲੋੜੀਂਦੀ ਮਾਤਰਾ ਵਿਚ ਉਪਲਬਧ ਹੋਣਗੀਆਂ ਤਾਂ ਪੇਟ ਨਾਲ ਜੁੜੇ ਕੈਂਸਰ ਦੀ ਮੌਤ ਦਰ ਵਿਚ ਕਮੀ ਹੋਣ ਦੀ ਸੰਭਾਵਨਾ ਵੱਧ ਸਕਦੀ ਹੈ। ਅਜਿਹਾ ਇਸ ਕਰਕੇ ਕਿਉਂਕਿ ਰੋਗੀ ਨੂੰ ਬਿਮਾਰੀ ਦਾ ਜਲਦੀ ਪਤਾ ਲੱਗ ਜਾਵੇਗਾ ਅਤੇ ਸਮਾਂ ਰਹਿੰਦੇ ਮਾਹਿਰ ਡਾਕਟਰ ਇਸਦੇ ਇਲਾਜ ਜਲਦੀ ਕਰ ਸਕਣਗੇ।

# ਜਰਮਨ ਵਿਚ ਤਿਆਰ ਹੋਏ ਇਹ ਖੂਬਸੂਰਤ ਰੋਬੋਟ- ਜੋ ਤੁਹਾਡੇ ਨਾਲ ਕਰਦੇ ਹਨ ਗੱਲਾਂ

ਜਰਮਨੀ ਵਿਚ ਇਕ ਕੰਪਨੀ ਨੇ ਅਜਿਹੇ ਅਨੋਖੇ [illegible] ਕੀਤੇ ਹਨ, ਜਿਹਨਾਂ ਨੂੰ ਪੰਛੀ, ਤਿਤਲੀਆਂ, [illegible] ਅਤੇ ਮੱਛੀਆਂ ਦੀ ਸ਼ਕਲ ਪ੍ਰਦਾਨ ਕੀਤੀ ਗਈ ਹੈ। ਕੰਪਨੀ ਇਹਨਾਂ ਰੋਬੋਟਸ ਦੇ ਕਈ ਵੀਡੀਓ ਵੀ ਜਾਰੀ ਕਰ ਚੁੱਕੀ ਹੈ। ਇਹਨਾਂ ਵੀਡੀਓ ਵਿਚ ਸਮੁੰਦਰ ਵਿਚ ਤੈਰਨ ਵਾਲੇ ਪੈਂਗਵਿਨ ਅਜਿਹੇ ਦਿਖਾਈ ਦੇ ਰਹੇ ਹਨ, ਜਿਵੇਂ ਉਹ ਪਾਣੀ ਵਿਚ ਉਡ ਰਹੇ ਹੋਣ। ਸਮੁੰਦਰ 'ਤੇ ਤੈਰਨ ਵਾਲੀ ਪਿਆਰੀ ਜਿਹੀ ਜੈਲ ਫਿਸ਼ ਵੀ ਕੁਝ ਅਜਿਹਾ ਹੀ ਦਿਖਾਵਾ ਕਰਦੀ ਹੈ।



ਆਮ ਤੌਰ ਤੇ ਤਿਤਤਲੀ ਤੋਂ ਕਾਫੀ ਵੱਡੇ ਆਕਾਰ ਦੀਆਂ ਇਹ ਤਿਤਲੀਆਂ ਹਵਾ ਵਿਚ ਆਪਣੀ ਮਨਚਾਹੀ ਦਿਸ਼ਾ ਵਿਚ ਉਡਾਣ ਭਰਦੀਆਂ ਹਨ। ਇਹਨਾਂ ਰੋਬੋਟਸ ਨੂੰ ਰਿਮੋਟ ਦੇ ਜ਼ਰੀਏ ਉਡਾਇਆ ਜਾਂਦਾ ਹੈ। ਕੰਪਨੀ ਦਾ ਦਾਅਵਾ ਹੈ ਕਿ ਉਸਦੇ ਬਣਾਏ ਗਏ ਰੋਬੋਟ ਜੈਲੀ ਫਿਸ਼ ਬਹੁਤ ਹੀ ਛੋਟੀ ਜਿਹੀ ਬੈਟਰੀ ਦਾ ਇਸਤੇਮਾਲ ਕਰਦੀ ਹੈ, ਫਿਰ ਵੀ ਇਹ ਤਿੰਨ ਘੰਟੇ ਤੱਕ ਉਡ ਸਕਦੀ ਹੈ। ਜਦਕਿ ਰੋਬੋਟ6ਤਿਤਲੀਆਂ ਉਡਦੇ ਹੋਏ ਇਕ ਦੂਜੇ ਨੂੰ ਇਲੈਕਟ੍ਰਿਕ ਸਿਗਨਲ ਭੇਜ ਕੇ ਗੱਲ ਵੀ ਕਰ ਸਕਦੀਆਂ ਹਨ। ਇਸ ਤਕਨੀਕ ਦੇ ਕਾਰਨ ਤਿਤਲੀਆਂ ਹੋਣ ਜਾਂ ਰੋਬੋਟ ਪੈਂਗਵਿਨ, ਉਡਦੇ ਹੋਏ ਵੀ ਹਵਾ ਵਿਚ ਨਹੀਂ ਟਕਰਾਉਂਦੇ। ਇਸ ਨਾਲ ਭਵਿੱਖ ਵਿਚ ਉਡਣ ਵਾਲੇ ਰੋਬੋਟਸ ਦੇ ਟਕਰਾਉਣ ਦਾ ਸ਼ੰਕਾ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ।

## ਸੰਪਾਦਕੀ

### ਹਾਲੀਆ ਚੋਣ ਨਤੀਜੇ ਅਤੇ ਸਰਕਾਰ

ਹਾਲੀਆ ਚੋਣ ਨਤੀਜਿਆਂ ਕਰ ਕੇ ਸਿਆਸਤ ਅਤੇ ਭਾਜਪਾ ਦੇ ਹਿੰਦੂਤਵੀ ਕਿਲ੍ਹੇ ਉੱਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਕੜ ਨੂੰ ਕੰਬਣੀ ਛਿੜੀ ਹੋਈ ਹੈ ਅਤੇ 18ਵੀਂ ਲੋਕ ਸਭਾ ਦੇ ਆਉਣ ਵਾਲੇ ਮੌਨਸੂਨ ਸੈਸ਼ਨ ਤੋਂ ਆਉਣ ਵਾਲੀਆਂ ਚੀਜ਼ਾਂ ਦਾ ਟ੍ਰੇਲਰ ਮਿਲ ਜਾਵੇਗਾ। ਉਂਝ, ਬਾਕੀ ਦੁਨੀਆ ਵਿੱਚ ਖੇਡੀ ਜਾ ਰਹੀ ਮਹਾਂ ਖੇਡ ਜਿੱਥੇ ਅਮਰੀਕਾ, ਰੂਸ ਤੇ ਚੀਨ ਖਾਸ ਧੁਰੇ ਬਣੇ ਹੋਏ ਹਨ, ਵਿੱਚ ਇਹ ਗੱਲ ਦੇਖਣ ਵਾਲੀ ਹੋਵੇਗੀ ਕਿ ਗੜਬੜਜ਼ਦਾ ਖਿੱਤੇ ਅੰਦਰ ਸਥਿਰ ਸ਼ਕਤੀ ਬਣੇ ਹੋਣ ਦੇ ਭਾਰਤ ਦੇ ਨਿਸ਼ਚੇ ਨੂੰ ਇਹ ਦੇਸ਼ ਕਿਸ ਨਜ਼ਰ ਨਾਲ ਦੇਖਦੇ ਹਨ। ਸਭ ਤੋਂ ਪਹਿਲਾਂ ਜਿ ?ਕਰ ਛੇੜਦੇ ਹਾਂ ਮਹੱਤਵਪੂਰਨ ਮਾਮਲੇ ਦਾ; 79 ਸਾਲਾ ਸਾਬਕਾ ਇੰਟੈਲੀਜੈਂਸ ਮੁਖੀ ਅਜੀਤ ਡੋਵਾਲ ਨੇ ਕੌਮੀ ਸੁਰੱਖਿਆ ਸਲਾਹਕਾਰ (ਐੱਨਐੱਸਏ) ਵਜੋਂ ਆਪਣੇ ਤੀਜੇ ਕਾਰਜਕਾਲ ਦੀ ਸ਼ੁਰੂਆਤ ਕਰਦਿਆਂ ਪਿਛਲੇ ਹਫ਼ਤੇ ਦੇ ਸ਼ੁਰੂ ਵਿੱਚ ਨਵੀਂ ਦਿੱਲੀ ਵਿੱਚ ਆਪਣੇ ਅਮਰੀਕੀ ਹਮਰੁਤਬਾ ਜੇਕ ਸੁਲੀਵਨ ਨਾਲ ਮੁਲਾਕਾਤ ਕੀਤੀ ਤਾਂ ਕਿ ਅਮਰੀਕਾ ਤੋਂ ਭਾਰਤ ਨੂੰ ਖਾਸ ਤਕਨਾਲੋਜੀਆਂ ਦੇ ਤਬਾਦਲੇ ਦੀ ਅਹਿਮੀਅਤ ਨੂੰ ਉਜਾਗਰ ਕੀਤਾ ਜਾ ਸਕੇ।

ਉਂਝ, ਇਸ ਮੀਟਿੰਗ ਬਾਰੇ ਅਹਿਮ ਚਰਚਾ ਉਹ ਸੀ ਜੋ ਵਫ਼ਦਾਂ ਦੀ ਵਾਰਤਾ ਤੋਂ ਪਹਿਲਾਂ ਵਾਪਰੀ ਸੀ ਜਦੋਂ ਡੋਵਾਲ ਅਤੇ ਸੁਲੀਵਨ ਬਿਨਾਂ ਕਿਸੇ ਸਟਾਫ, ਨੋਟ ਲੈਣ ਵਾਲਿਆਂ ਤੋਂ ਬਗ਼ੈਰ ਮਿਲੇ ਸਨ ਅਤੇ ਕਮਰੇ ਵਿੱਚ ਹੋਰ ਕੋਈ ਨਹੀਂ ਸੀ। ਬਿਨਾਂ ਸ਼ੱਕ, ਉੱਥੇ ਲੈਂਪ ਬੇਸ ਵਿੱਚ ਜਾਂ ਕਿਸੇ ਮਹਿੰਗੀ ਕਲਾ ਕਿਰਤ ਦੇ ਪਿੱਛੇ ਕੋਈ ਰਿਕਾਰਡਿੰਗ ਯੰਤਰ ਛੁਪਾ ਕੇ ਰੱਖੇ ਹੋਣਗੇ ਜਿਨ੍ਹਾਂ ਬਾਰੇ ਅਸੀਂ ਜੇਮਸ ਬਾਂਡ ਦੀਆਂ ਫਿਲਮਾਂ ਦੇ ਦਿਨਾਂ ਤੋਂ ਜਾਣਦੇ ਹਾਂ; ਤੇ ਦੋਵਾਂ ਨੇ ਆਪੋ-ਆਪਣੇ ਅਹਿਲਕਾਰਾਂ ਨਾਲ ਆਪਣੀ ਵਾਰਤਾ ਦੇ ਮੁੱਖ ਨੁਕਤਿਆਂ ਬਾਰੇ ਸੋਚ ਵਿਚਾਰ ਕੀਤੀ ਹੋਵੇਗੀ। ਉਂਝ, ਕਿਸੇ ਨੂੰ ਮੁਗਾਲਤਾ ਨਾ ਹੋ ਜਾਵੇ, ਆਈਸੀਈਟੀ ਵਜੋਂ ਜਾਣੀਆਂ ਜਾਂਦੀਆਂ ਖਾਸ ਤਕਨਾਲੋਜੀਆਂ ਸਬੰਧੀ ਕੋਈ ਵੀ ਗੱਲਬਾਤ ਜਾਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਜਾਂ ਸੁਲੀਵਨ ਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐੱਸ ਜੈਸ਼ੰਕਰ ਨਾਲ ਅੱਧੇ ਘੰਟੇ ਦੀ 'ਚਾਏ ਪੇ ਚਰਚਾ' ਵਿੱਚੋਂ ਕੋਈ ਵੀ ਮੁਲਾਕਾਤ ਇੰਨੀ ਮਹੱਤਵਪੂਰਨ ਨਹੀਂ ਹੋਣੀ ਸੀ ਜਿੰਨਾ ਅਹਿਮ ਇਹ ਨੋਟ ਸੀ (ਕਿ ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਅਤੇ ਚੀਨ ਬਾਰੇ ਅਮਰੀਕਾ ਦੇ ਚੋਟੀ ਦੇ ਰਾਜਦੂਤ ਕਰਟ ਕੈਂਪਬੈਲ ਵੀ ਦਿੱਲੀ ਵਿਚ ਮੌਜੂਦ ਸਨ)। ਤੇ ਇਹ ਇਸ ਕਰ ਕੇ ਹੈ ਕਿਉਂਕਿ ਦਿੱਲੀ ਵਿਚ ਸਾਰੇ ਉੱਚ ਪੱਧਰੀ ਸਫ਼ਾਰਤੀ ਰਾਬਤਿਆਂ ਲਈ ਮੁਕੱਰਰ ਅਤੇ ਬਹੁਤ ਹੀ ਸੋਹਣੇ ਢੰਗ ਨਾਲ ਸਜਾਏ ਹੈਦਰਾਬਾਦ ਭਵਨ ਵਿੱਚ ਜਦੋਂ ਸਾਰੀਆਂ ਟੱਲੀਆਂ ਤੇ ਸੀਟੀਆਂ ਦੀ ਗੂੰਜ ਅਤੇ ਸ਼ਾਨਦਾਰ ਭੋਜ ਦੀ ਮਹਿਕ ਮੱਠੀ ਪੈ ਗਈ ਤਾਂ ਗੱਲ ਉਸ ਸਖ਼ਤ ਕਵਾਇਦ 'ਤੇ ਆ ਟਿਕੀ ਜਿਸ ਵਿੱਚ ਇਹ ਵਾਚਿਆ ਜਾਂਦਾ ਹੈ ਕਿ ਕੋਈ ਸ਼ਾਲੀਨਤਾ ਦਾ ਪੱਲਾ ਛੱਡੇ ਬਗ਼ੈਰ ਕਿੰਨੀ ਦ੍ਰਿੜਤਾ ਨਾਲ ਡਟਿਆ ਰਹਿੰਦਾ ਹੈ। ਯਕੀਨਨ, ਮੁਲਾਕਾਤ ਦਾ ਕੁਝ ਸਮਾਂ ਨਿਊ ਯਾਰਕ ਵਿੱਚ ਖ਼ਾਲਿਸਤਾਨ ਪੱਖੀ ਕਾਰਕੁਨ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਲਈ ਭਾਰਤ ਦੀ ਤਥਾਕਥਿਤ ਕੋਸ਼ਿਸ਼ 'ਤੇ ਸ਼ਰਫ ਹੋਇਆ ਹੋਵੇਗਾ। ਜਦੋਂ ਡੋਵਾਲ ਤੇ ਸੁਲੀਵਨ ਦਿੱਲੀ ਵਿੱਚ ਚਰਚਾ ਕਰ ਰਹੇ ਸਨ, ਉਦੋਂ ਹੀ ਚੈੱਕ ਅਧਿਕਾਰੀ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਅਮਰੀਕੀਆਂ ਦੇ ਹਵਾਲੇ ਕਰ ਰਹੇ ਸਨ ਅਤੇ ਜਿਸ ਬਾਰੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਸ ਨੂੰ ਸਹਿ ਸਾਜ਼ਿ ?ਸ਼ੀ 'ਸੀਸੀ-1' ਨੇ ਗੰਢਿਆ ਸੀ ਅਤੇ 'ਸੀਸੀ-1' ਬਾਰੇ 'ਵਾਸ਼ਿ ?ਗਟਨ ਪੋਸਟ' ਅਖ਼ਬਾਰ ਨੇ ਹਾਲ ਹੀ ਵਿੱਚ ਖੁਲਾਸਾ ਕੀਤਾ ਸੀ ਕਿ ਇਹ ਸ਼ਖ਼ਸ ਭਾਰਤ ਦੀ ਸੂਹੀਆ ਏਜੰਸੀ 'ਰਾਅ' ਦਾ ਵਿਕਰਮ ਯਾਦਵ ਨਾਂ ਦਾ ਅਫਸਰ ਸੀ। ਇੱਥੋਂ ਤੱਕ ਅਸੀਂ ਇਹ ਸਭ ਜਾਣਦੇ ਹਾਂ, ਅਸੀਂ ਇਹ ਵੀ ਜਾਣਦੇ ਹਾਂ ਕਿ ਜਦੋਂ ਇਸ ਮਾਮਲੇ ਦੀ ਦੁਰਗੰਧ ਫੈਲਣ ਲੱਗੀ ਸੀ ਤਾਂ ਭਾਰਤੀਆਂ ਨੇ ਅਮਰੀਕੀਆਂ ਨੂੰ ਸ਼ਾਂਤ ਕਰਨ ਲਈ ਯਾਦਵ ਨੂੰ ਉਸ ਦੇ ਪਿੱਤਰੀ ਕੇਡਰ ਸੀਆਰਪੀਐੱਫ ਵਿੱਚ ਵਾਪਸ ਭੇਜ ਦਿੱਤਾ ਸੀ। ਸਮਝਿਆ ਜਾਂਦਾ ਹੈ ਕਿ ਉਹ ਛੱਤੀਸਗੜ੍ਹ ਵਿੱਚ ਵਾਪਸ ਆ ਗਿਆ ਹੈ ਅਤੇ ਇਹ ਵੀ ਸੁਣਨ ਵਿੱਚ ਆਇਆ ਹੈ ਕਿ ਮਾਓਵਾਦੀ ਰੰਗਰੂਟਾਂ ਨੂੰ ਮਾਰਨ ਵਿੱਚ ਰੁੱਝਿਆ ਹੋਇਆ ਹੈ। ਇਸ ਕਥਿਤ ਹੱਤਿਆ ਦੀ ਸੁਪਾਰੀ ਪਿਛਲੇ ਸਾਲ 22 ਜੂਨ ਤੱਕ ਸਿਰੇ ਚਾੜ੍ਹੀ ਜਾਣੀ ਸੀ ਜੋ ਅਮਰੀਕੀਆਂ ਨੇ ਠੁੱਸ ਕਰ ਦਿੱਤੀ ਸੀ ਜਿਸ ਕਰ ਕੇ ਪੰਨੂ ਜਿਊਂਦਾ ਹੈ। ਹਾਲੀਆ ਲੋਕ ਸਭਾ ਚੋਣਾਂ ਵਿੱਚ ਉਹ ਕੁਝ ਆਡੀਓ ਟੇਪਾਂ ਭੇਜਣ ਜੋਗਾ ਹੀ ਰਹਿ ਗਿਆ ਸੀ ਜਿਨ੍ਹਾਂ ਵਿੱਚ ਉਹ ਖਡੂਰ ਸਾਹਿਬ ਹਲਕੇ ਤੋਂ ਚੋਣ ਲੜ ਰਹੇ ਅੰਮ੍ਰਿਤਪਾਲ ਸਿੰਘ ਜਿਹੇ ਗਰਮ ਖਿਆਲੀਆਂ (ਰੈਡੀਕਲਾਂ) ਨੂੰ ਜਿਤਾਉਣ ਦੀਆਂ ਅਪੀਲਾਂ ਕਰਦਾ ਸੀ; ਬਿਨਾਂ ਸ਼ੱਕ, ਅੰਮ੍ਰਿਤਪਾਲ ਜਿੱਤ ਗਿਆ ਪਰ ਇਸ ਪਿੱਛੇ ਵੱਖਵਾਦੀ ਭਾਵਨਾਵਾਂ ਉਕਸਾਉਣ ਦੀ ਕਿਸੇ ਕੋਸ਼ਿਸ਼ ਦਾ ਨਹੀਂ ਸਗੋਂ ਪੰਜਾਬੀਆਂ ਦੇ ਦਿੱਲੀ ਖ਼ਿ ?ਲਾਫ਼ ਗੁੱਸੇ ਦਾ ਜਿਆਦਾ ਯੋਗਦਾਨ ਹੈ। ਅਸਲ ਗੱਲ ਇਹ ਹੈ ਕਿ ਪੰਨੂ ਭਾਵੇਂ ਜਿਊਂਦਾ ਰਹੇ ਜਾਂ ਨਾ ਪਰ ਉਸ ਦੇ ਆਖੇ ਦਾ ਕੋਈ ਅਸਰ ਨਹੀਂ ਹੈ।

ਸੁਲੀਵਨ ਅਤੇ ਡੋਵਾਲ ਨੇ ਵੀ ਆਪੋ-ਆਪਣੇ ਢੰਗ ਨਾਲ ਇਨ੍ਹਾਂ ਪੱਖਾਂ 'ਤੇ ਝਾਤ ਮਾਰੀ ਹੋਵੇਗੀ। ਡੋਵਾਲ ਮੁਆਫ਼ੀ ਮੰਗਣ ਵਾਲਿਆਂ 'ਚੋਂ ਨਹੀਂ ਹੈ; ਆਤਮ-ਸਨਮਾਨ ਵਾਲਾ ਕੋਈ ਵੀ ਇੰਟੈਲੀਜੈਂਸ ਅਫਸਰ ਅਜਿਹਾ ਨਹੀਂ ਕਰਦਾ ਅਤੇ ਦੁਆ ਕਰੋ ਕਿ ਉਹ ਅਜਿਹਾ ਨਾ ਹੀ ਕਰੇ ਪਰ ਸਾਰੀਆਂ ਧਿਰਾਂ ਇਹ ਜਾਣਦੀਆਂ ਹਨ ਕਿ ਵੱਡੇ ਦਾਈਏ ਵਾਲੀ ਇਸ ਖੇਡ ਵਿੱਚ ਸਾਰੇ ਦੇਸ਼ ਇੱਕ ਦੂਜੇ ਦੇ ਦਿਮਾਗ, ਗੁਰਦੇ ਅਤੇ ਜ਼ੋਰ ਦੀ ਅਜ਼ਮਾਇਸ਼ ਕਰਦੇ ਰਹਿੰਦੇ ਹਨ ਪਰ ਭਾਰਤ ਦਾ ਪੱਲੜਾ ਅੱਜ ਥੋੜ੍ਹਾ ਜਿਹਾ ਹਲਕਾ ਹੋ ਗਿਆ ਹੈ। ਬਹਰਹਾਲ, ਭਾਰਤੀਆਂ ਦੀ ਯਾਦਦਾਸ਼ਤ ਬਹੁਤ ਲੰਮੀ ਹੁੰਦੀ ਹੈ। 'ਰਾਅ' ਏਜੰਟ ਰਾਬਿੰਦਰ ਸਿੰਘ ਦਾ ਮਾਮਲਾ ਅਜੇ ਭੁੱਲਿਆ ਨਹੀਂ ਹੋਣਾ ਜਿਸ ਨੂੰ 2004 ਵਿੱਚ ਅਮਰੀਕੀਆਂ ਨੇ ਗੰਢ ਲਿਆ ਸੀ। ਦਿੱਲੀ ਵਿੱਚ ਕਿਸੇ ਨੂੰ ਨਹੀਂ ਭੁੱਲਿਆ ਕਿ ਕਿਵੇਂ ਉਸ ਨੂੰ ਨੇਪਾਲ ਰਸਤੇ ਬਾਹਰ ਕੱਢਿਆ ਗਿਆ ਸੀ ਹਾਲਾਂਕਿ ਉਦੋਂ ਤੱਕ ਦੋਵੇਂ ਮੁਲਕ ਇੱਕ ਦੂਜੇ ਦੇ 'ਸੁਭਾਵਿਕ ਸਹਿਯੋਗੀ' ਹੋਣ ਦੀਆਂ ਕਸਮਾਂ ਖਾਣ ਲੱਗ ਪਏ ਸਨ। ਤੁਹਾਡੇ 'ਚੋਂ ਜਿਹੜੇ ਪਾਠਕ ਜਾਸੂਸੀ ਫਿਲਮਾਂ ਦੇਖਣ ਦੇ ਸ਼ੌਕੀਨ ਹਨ, ਜੇ ਉਨ੍ਹਾਂ ਪਹਿਲਾਂ ਨਹੀਂ ਦੇਖੀ ਤਾਂ ਅੱਜ ਉਨ੍ਹਾਂ ਨੂੰ ਵਿਸ਼ਾਲ ਭਾਰਦਵਾਜ ਦੀ ਫਿਲਮ 'ਖ਼ੁਫ਼ੀਆ' ਦੇਖਣੀ ਚਾਹੀਦੀ ਹੈ ਤਾਂ ਸਮਝ ਆਵੇਗਾ ਕਿ ਅਸਲ ਕਹਾਣੀ ਕਿਤੇ ਵੱਧ ਗੰਦੀ, ਦਿਲ ਢਾਹੂ ਅਤੇ ਸਿਆਹ ਹੁੰਦੀ ਹੈ। ਹੁਣ ਜਦੋਂ ਮੋਦੀ ਨੇ ਤੀਜੀ ਵਾਰ ਅਹੁਦਾ ਸੰਭਾਲ ਲਿਆ ਹੈ ਤਾਂ ਵਧੇਰੇ ਅਹਿਮ ਸਵਾਲ ਇਹ ਹੈ ਕਿ ਭਾਰਤ ਅਮਰੀਕਾ ਤੋਂ ਕਿਸ ਤਰ੍ਹਾਂ ਦੇ ਰਿਸ਼ਤੇ ਦੀ ਤਵੱਕੋ ਕਰਦਾ ਹੈ; ਇਸੇ ਤਰ੍ਹਾਂ ਅਮਰੀਕਾ ਕਿਹੋ ਜਿਹੇ ਸਬੰਧ ਰੱਖਣਾ ਚਾਹੁੰਦਾ ਹੈ, ਇਸ ਦੇ ਨਾਲ ਹੀ ਛੋਟਾ ਜਿਹਾ ਮਾਮਲਾ ਇਹ ਹੈ ਕਿ ਨਵੀਂ ਦਿੱਲੀ ਰੂਸ ਨਾਲ ਆਪਣੇ ਸਬੰਧਾਂ ਨੂੰ ਖੁੱਲ੍ਹ ਕੇ ਪ੍ਰਗਟਾ ਰਹੀ ਹੈ ਤੇ ਕਿਉਂਕਿ ਇਸ ਨੂੰ ਉੱਥੋਂ ਸਸਤਾ ਤੇਲ ਮਿਲ ਰਿਹਾ ਹੈ ਤੇ ਜੋ ਨੰਗੇ ਚਿੱਟੇ ਰੂਪ ਵਿੱਚ ਯੂਰੋਪ ਦੀਆਂ ਰਿਫਾਈਨਰੀਆਂ ਨੂੰ ਭੇਜਿਆ ਜਾ ਰਿਹਾ ਹੈ। ਦੋ ਸਾਲ ਪਹਿਲਾਂ ਯੂਕਰੇਨ ਅਤੇ ਰੂਸ ਦੀ ਜੰਗ ਛਿੜਨ ਤੋਂ ਬਾਅਦ ਯੂਰੋਪ ਨੂੰ ਸਸਤਾ ਰੂਸੀ ਤੇਲ ਮਿਲਣਾ ਬੰਦ ਹੋ ਗਿਆ ਸੀ। ਤੇਲ ਤੋਂ ਇਲਾਵਾ ਭਾਰਤ ਦੀ ਰੂਸੀ ਹਥਿਆਰਾਂ ਦੀ ਨਿਰਭਰਤਾ ਵੀ ਬਣੀ ਹੋਈ ਹੈ।

ਇਸੇ ਕਰ ਕੇ ਦਿੱਲੀ ਨੇ ਯੂਕਰੇਨ ਦੇ ਸਵਾਲ 'ਤੇ ਮੱਧ ਮਾਰਗ ਅਪਣਾਇਆ ਹੋਇਆ ਹੈ। ਲਿਹਾਜ਼ਾ, ਇਸ ਗੱਲ ਦੇ ਆਸਾਰ ਬਣ ਰਹੇ ਹਨ ਕਿ ਮੋਦੀ ਅਕਤੂਬਰ ਮਹੀਨੇ 'ਬਰਿਕਸ' ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਰੂਸ ਦੇ ਸ਼ਹਿਰ ਕਜ਼ਾਨ ਜਾਣਗੇ ਜੋ 1552 ਵਿਚ ਰੂਸੀ ਆਰਥੋਡੌਕਸ ਜ਼ਾਰ 'ਇਵਾਨ ਦਿ ਟੈਰੀਬਲ' ਦੀ ਮੰਗੋਲਾਂ 'ਤੇ ਜਿੱਤ ਦਾ ਪ੍ਰਤੀਕ ਹੈ। ਬਰਿਕਸ ਹੁਣ ਬ੍ਰਾਜ਼ੀਲ, ਰੂਸ, ਭਾਰਤ, ਚੀਨ ਤੇ ਦੱਖਣੀ ਅਫਰੀਕਾ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਇਸ ਵਿਚ ਯੂਏਈ ਅਤੇ ਸਾਊਦੀ ਅਰਬ ਜਿਹੇ ਨਵੇਂ ਖਿਡਾਰੀ ਵੀ ਸ਼ਾਮਿਲ ਹੋ ਗਏ ਹਨ। ਗੌਰਤਲਬ ਹੈ ਕਿ 1526 ਵਿਚ ਬਾਬਰ ਹਿੰਦੋਸਤਾਨ ਦਾ ਬਾਦਸ਼ਾਹ ਬਣ ਗਿਆ ਸੀ ਜਿਸ ਤੋਂ 26 ਸਾਲਾਂ ਬਾਅਦ ਇਵਾਨ ਦੀ ਇਹ ਇਤਿਹਾਸਕ ਜਿੱਤ ਹੋਈ ਸੀ।

ਪੂਤਿਨ ਦਸੰਬਰ 2021 ਵਿੱਚ ਦਿੱਲੀ ਆਏ ਸਨ ਅਤੇ ਉਸ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਮਾਸਕੋ ਨਹੀਂ ਗਏ ਜਿਸ ਕਰ ਕੇ ਉਨ੍ਹਾਂ ਦਾ ਇਹ ਦੌਰਾ ਕਰਨਾ ਬਣਦਾ ਹੈ ਅਤੇ ਖ਼ਾਸਕਰ ਇਸ ਗੱਲੋਂ ਵੀ ਕਿ ਉਹ ਜੁਲਾਈ ਮਹੀਨੇ ਕਜ਼ਾਖ਼ਸਤਾਨ ਦੀ ਰਾਜਧਾਨੀ ਅਸਤਾਨਾ ਵਿੱਚ ਚੀਨ ਦੀ ਅਗਵਾਈ ਵਾਲੇ ਸ਼ੰਘਾਈ ਸਹਿਯੋਗ ਸੰਘ (ਐੱਸਸੀਓ) ਦੇ ਸਿਖਰ ਸੰਮੇਲਨ ਵਿੱਚ ਨਹੀਂ ਜਾ ਰਹੇ। ਬਿਨਾਂ ਸ਼ੱਕ, ਪੂਤਿਨ ਅਸਤਾਨਾ ਜਾਣਗੇ ਕਿਉਂਕਿ ਕਿਸੇ ਵੇਲੇ ਕਜ਼ਾਖ਼ਸਤਾਨ ਰੂਸ ਦਾ ਕਰੀਬੀ ਹਿੱਸਾ ਰਿਹਾ ਹੈ ਅਤੇ ਇਵੇਂ ਹੀ ਸ਼ੀ ਜਿਨਪਿੰਗ ਵੀ ਉੱਥੇ ਪਹੁੰਚਣਗੇ ਪਰ ਕਿਉਂਕਿ ਭਾਰਤ ਨਾਲ ਲਗਦੀ ਕੰਟਰੋਲ ਰੇਖਾ ਉੱਪਰ ਚੀਨੀ ਫ਼ੌਜੀ ਦਸਤੇ ਅਜੇ ਵੀ ਕਾਬਿਜ਼ ਹਨ ਜਿਸ ਕਰ ਕੇ ਮੋਦੀ ਸ਼ਾਇਦ ਸੋਚ ਰਹੇ ਹੋਣਗੇ ਕਿ ਸ਼ੀ ਨਾਲ ਜੱਫੀਆਂ ਪਾਉਣ ਤੋਂ ਪ੍ਰਹੇਜ ਰੱਖਣ ਵਿੱਚ ਹੀ ਭਲਾ ਹੈ। ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਜ਼ਾਨ ਜਾਣਗੇ ਤਾਂ ਅੰਦਾਜ਼ਾ ਲਾਓ ਕਿ ਉਨ੍ਹਾਂ ਦੀ ਪੈੜ ਚਾਲ 'ਤੇ ਕਿਨ੍ਹਾਂ ਦੀਆਂ ਨਜ਼ਰਾਂ ਲੱਗੀਆਂ ਹੋਣਗੀਆਂ ? ਵਾਸ਼ਿੰਗਟਨ ਡੀਸੀ ਤੋਂ ਲੈ ਕੇ ਦਿੱਲੀ, ਵਾਇਆ ਮਾਸਕੋ ਤੇ ਪੇਈਚਿੰਗ, ਇਹ ਅੱਛੀ ਖਾਸੀ ਮਹਾਂ ਖੇਡ ਚੱਲ ਰਹੀ ਹੈ।

# ਕੈਂਸਰ ਦੇ ਮਰੀਜ਼ਾਂ ਦੀ ਦੇਖਭਾਲ ਕਰਨ ਵਾਲਾ ਨਰਸਿੰਗ ਸਟਾਫ: ਮਰੀਜ਼ਾਂ ਲਈ ਦਿਲੋਂ ਸੇਵਾ ਅਤੇ ਸਮਰਪਣ



ਰੁਪਿੰਦਰ ਕੌਰ ਸਟੇਟ ਐਵਾਰਡੀ



ਕੈਂਸਰ ਦੁਨੀਆ ਭਰ ਵਿੱਚ ਮੌਤ ਦੇ ਪ੍ਰਮੁੱਖ ਕਾਰਨਾਂ ਵਿੱਚੋਂ ਇੱਕ ਹੈ, ਜੋ ਲੱਖਾਂ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਭਿਆਨਕ ਬਿਮਾਰੀ ਦੇ ਵਿਰੁੱਧ ਲੜਾਈ ਵਿੱਚ ਸਿਰਫ਼ ਡਾਕਟਰੀ ਦਖਲਅੰਦਾਜ਼ੀ ਹੀ ਨਹੀਂ, ਸਗੋਂ ਸਿਹਤ ਸੰਭਾਲ ਪੇਸ਼ੇਵਰਾਂ ਦੀ ਇੱਕ ਸਮਰਪਿਤ ਟੀਮ ਦੁਆਰਾ ਪ੍ਰਦਾਨ ਕੀਤੀ ਗਈ ਹਮਦਰਦ ਦੇਖਭਾਲ ਅਤੇ ਸਹਾਇਤਾ ਵੀ ਸ਼ਾਮਲ ਹੈ। ਇਹਨਾਂ ਵਿੱਚੋਂ, ਨਰਸਿੰਗ ਸਟਾਫ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਵਿਆਪਕ ਦੇਖਭਾਲ ਦੀ ਪੇਸ਼ਕਸ਼ ਕਰਦਾ ਹੈ ਜਿਸ ਵਿੱਚ ਮਰੀਜ਼ਾਂ ਨੂੰ ਸਰੀਰਕ, ਭਾਵਨਾਤਮਕ, ਅਤੇ ਮਨੋਵਿਗਿਆਨਕ ਸਹਾਇਤਾ ਸ਼ਾਮਲ ਹੁੰਦੀ ਹੈ। ਓਨਕੋਲੋਜੀ ਨਰਸਾਂ ਦੇ ਅਥਾਹ ਯੋਗਦਾਨ ਨੂੰ ਮਾਨਤਾ ਦੇਣਾ ਮਹੱਤਵਪੂਰਨ ਹੈ, ਕਿਉਂਕਿ ਉਹ ਅਕਸਰ ਕੈਂਸਰ ਦੇ ਵਿਰੁੱਧ ਲੜਾਈ ਵਿੱਚ ਅਣਗਿਣਤ ਹੀਰੋ ਹੁੰਦੇ ਹਨ, ਅਣਗਿਣਤ ਮਰੀਜ਼ਾਂ ਲਈ ਜੀਵਨ ਬਚਾਉਣ ਵਾਲੇ ਵਜੋਂ ਕੰਮ ਕਰਦੇ ਹਨ।

ਇਤਿਹਾਸਕ ਦ੍ਰਿਸ਼ਟੀਕੋਣ

ਓਨਕੋਲੋਜੀ ਵਿੱਚ ਨਰਸਿੰਗ ਦੀ ਭੂਮਿਕਾ ਸਾਲਾਂ ਵਿੱਚ ਮਹੱਤਵਪੂਰਨ ਰੂਪ ਵਿੱਚ ਵਿਕਸਤ ਹੋਈ ਹੈ। ਸ਼ੁਰੂ ਵਿੱਚ, ਸੀਮਤ ਸਮਝ ਅਤੇ ਇਲਾਜ ਦੇ ਵਿਕਲਪ ਉਪਲਬਧ ਹੋਣ ਦੇ ਨਾਲ, ਕੈਂਸਰ ਦੀ ਦੇਖਭਾਲ ਮੁੱਢਲੀ ਸੀ। ਹਾਲਾਂਕਿ, ਜਿਵੇਂ-ਜਿਵੇਂ ਮੈਡੀਕਲ ਸਾਇੰਸ ਨੇ ਤਰੱਕੀ ਕੀਤੀ, ਓਨਕੋਲੋਜੀ ਵਿੱਚ ਨਰਸਿੰਗ ਦੀ ਵਿਸ਼ੇਸ਼ਤਾ ਵੀ ਵਧੀ। ਕੈਂਸਰ ਦੇਖਭਾਲ ਦੇ ਇਤਿਹਾਸ ਵਿੱਚ ਮੁੱਖ ਮੀਲ ਪੱਥਰਾਂ ਵਿੱਚ ਸਮਰਪਿਤ ਕੈਂਸਰ ਇਲਾਜ ਕੇਂਦਰਾਂ ਦੀ ਸਥਾਪਨਾ ਅਤੇ ਕੀਮੋਥੈਰੇਪੀ ਅਤੇ ਰੇਡੀਏਸ਼ਨ ਥੈਰੇਪੀ ਦਾ ਵਿਕਾਸ ਸ਼ਾਮਲ ਹੈ। ਪਾਇਨੀਅਰਿੰਗ ਨਰਸਾਂ, ਜਿਵੇਂ ਕਿ ਫਲੋਰੈਂਸ ਨਾਈਟਿੰਗੇਲ, ਜਿਨ੍ਹਾਂ ਨੇ ਹਮਦਰਦੀ ਨਾਲ ਦੇਖਭਾਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਨੇ ਆਧੁਨਿਕ ਓਨਕੋਲੋਜੀ ਨਰਸਿੰਗ ਲਈ ਆਧਾਰ ਬਣਾਇਆ। ਉਨ੍ਹਾਂ ਦੇ ਯੋਗਦਾਨ ਨੇ ਕੈਂਸਰ ਦੀ ਦੇਖਭਾਲ ਲਈ ਸੰਪੂਰਨ ਪਹੁੰਚ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਜੋ ਅਸੀਂ ਅੱਜ ਦੇਖਦੇ ਹਾਂ।

ਕੈਂਸਰ ਕੇਅਰ ਵਿੱਚ ਨਰਸਿੰਗ ਸਟਾਫ ਦੀ ਭੂਮਿਕਾ

ਓਨਕੋਲੋਜੀ ਨਰਸਾਂ ਕੈਂਸਰ ਦੀ ਦੇਖਭਾਲ ਦੇ ਨਿਰੰਤਰਤਾ ਲਈ ਅਟੁੱਟ ਹਨ, ਬਹੁਤ ਸਾਰੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ ਜੋ ਮਰੀਜ਼ਾਂ ਦੀ ਭਲਾਈ ਲਈ ਜ਼ਰੂਰੀ ਹਨ। ਉਹਨਾਂ ਦੀ ਭੂਮਿਕਾ ਇਲਾਜਾਂ ਦੇ ਪ੍ਰਬੰਧਨ ਤੋਂ ਪਰੇ ਹੈ; ਉਹ ਸਰੀਰਕ, ਭਾਵਨਾਤਮਕ, ਅਤੇ ਮਨੋਵਿਗਿਆਨਕ ਸਹਾਇਤਾ ਦੀ ਪੇਸ਼ਕਸ਼ ਕਰਦੇ ਹਨ, ਇਹ ਯਕੀਨੀ ਬਣਾਉਂਦੇ ਹਨ ਕਿ ਮਰੀਜ਼ਾਂ ਨੂੰ ਸੰਪੂਰਨ ਦੇਖਭਾਲ ਮਿਲਦੀ ਹੈ।

ਵਿਆਪਕ ਦੇਖਭਾਲ: ਓਨਕੋਲੋਜੀ ਨਰਸਾਂ ਲੱਛਣਾਂ ਦਾ ਪ੍ਰਬੰਧਨ ਕਰਦੀਆਂ ਹਨ, ਦਵਾਈਆਂ ਦਾ ਪ੍ਰਬੰਧ ਕਰਦੀਆਂ ਹਨ, ਅਤੇ ਮਰੀਜ਼ ਦੀ ਤਰੱਕੀ ਦੀ ਨਿਗਰਾਨੀ ਕਰਦੀਆਂ ਹਨ। ਉਹ ਕੀਮੋਥੈਰੇਪੀ, ਰੇਡੀਏਸ਼ਨ, ਅਤੇ ਸਰਜਰੀ ਵਰਗੇ ਇਲਾਜਾਂ ਦੇ ਮਾੜੇ ਪ੍ਰਭਾਵਾਂ ਦੇ ਪ੍ਰਬੰਧਨ ਵਿੱਚ ਮਹੱਤਵਪੂਰਨ ਸਹਾਇਤਾ ਪ੍ਰਦਾਨ ਕਰਦੇ ਹਨ, ਇਹ ਯਕੀਨੀ ਬਣਾਉਂਦੇ ਹਨ ਕਿ ਮਰੀਜ਼ ਆਪਣੀ ਇਲਾਜ ਯਾਤਰਾ ਦੌਰਾਨ ਜੀਵਨ ਦੀ ਸਭ ਤੋਂ ਵਧੀਆ ਸੰਭਾਵੀ ਗੁਣਵੱਤਾ ਨੂੰ ਕਾਇਮ ਰੱਖਦੇ ਹਨ।

ਮਰੀਜ਼ਾਂ ਦੀ ਸਿੱਖਿਆ ਅਤੇ ਵਕਾਲਤ: ਨਰਸਾਂ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਿਮਾਰੀ, ਇਲਾਜ ਦੇ ਵਿਕਲਪਾਂ, ਅਤੇ ਸੰਭਾਵੀ ਮਾੜੇ ਪ੍ਰਭਾਵਾਂ ਬਾਰੇ ਸਿੱਖਿਆ ਦਿੰਦੀਆਂ ਹਨ। ਉਹ ਮਰੀਜ਼ਾਂ ਦੀਆਂ ਲੋੜਾਂ ਦੀ ਵਕਾਲਤ ਕਰਦੇ ਹਨ, ਉਹਨਾਂ ਦੀ ਗੁੰਝਲਦਾਰ ਸਿਹਤ ਸੰਭਾਲ ਪ੍ਰਣਾਲੀ ਵਿੱਚ ਨੈਵੀਗੇਟ ਕਰਨ ਵਿੱਚ ਮਦਦ ਕਰਦੇ ਹਨ ਅਤੇ ਉਹਨਾਂ ਦੀ ਦੇਖਭਾਲ ਬਾਰੇ ਸੂਚਿਤ ਫੈਸਲੇ ਲੈਂਦੇ ਹਨ।

ਦੇਖਭਾਲ ਦਾ ਤਾਲਮੇਲ: ਓਨਕੋਲੋਜੀ ਨਰਸਾਂ ਵੱਖ-ਵੱਖ ਸਿਹਤ ਸੰਭਾਲ ਪ੍ਰਦਾਤਾਵਾਂ ਵਿਚਕਾਰ ਦੇਖਭਾਲ ਦੇ ਤਾਲਮੇਲ ਵਿੱਚ ਮੁੱਖ ਭੂਮਿਕਾ ਨਿਭਾਉਂਦੀਆਂ ਹਨ। ਉਹ ਕੈਂਸਰ ਦੇ ਇਲਾਜ ਲਈ ਬਹੁ-ਅਨੁਸ਼ਾਸਨੀ ਪਹੁੰਚ ਨੂੰ ਉਤਸ਼ਾਹਿਤ ਕਰਦੇ ਹੋਏ, ਓਨਕੋਲੋਜਿਸਟਸ, ਸਰਜਨਾਂ, ਰੇਡੀਓਲੋਜਿਸਟਸ ਅਤੇ ਹੋਰ ਮਾਹਿਰਾਂ ਵਿਚਕਾਰ ਸਹਿਜ ਸੰਚਾਰ ਨੂੰ ਯਕੀਨੀ ਬਣਾਉਂਦੇ ਹਨ।

ਔਨਕੋਲੋਜੀ ਨਰਸਾਂ ਦੁਆਰਾ ਦਰਪੇਸ਼ ਰੋਜ਼ਾਨਾ ਚੁਣੌਤੀਆਂ

ਓਨਕੋਲੋਜੀ ਨਰਸਾਂ ਨੂੰ ਆਪਣੇ ਰੋਜ਼ਾਨਾ ਦੇ ਕੰਮ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਭਾਵਨਾਤਮਕ ਅਤੇ ਸਰੀਰਕ ਤੌਰ 'ਤੇ ਮੰਗ ਕਰਨ ਵਾਲੀਆਂ ਹੋ ਸਕਦੀਆਂ ਹਨ।

ਭਾਵਨਾਤਮਕ ਅਤੇ ਸਰੀਰਕ ਮੰਗਾਂ: ਜਾਨਲੇਵਾ ਬੀਮਾਰੀ ਵਾਲੇ ਮਰੀਜ਼ਾਂ ਦੀ ਦੇਖਭਾਲ ਕਰਨ ਦਾ ਭਾਵਨਾਤਮਕ ਟੋਲ ਮਹੱਤਵਪੂਰਨ ਹੋ ਸਕਦਾ ਹੈ। ਨਰਸਾਂ ਅਕਸਰ ਆਪਣੇ ਮਰੀਜ਼ਾਂ ਨਾਲ ਨਜ਼ਦੀਕੀ ਬੰਧਨ ਬਣਾਉਂਦੀਆਂ ਹਨ, ਅਤੇ ਉਹਨਾਂ ਦੇ ਸੰਘਰਸ਼ਾਂ ਦੀ ਗਵਾਹੀ ਦਿੰਦੀਆਂ ਹਨ ਅਤੇ, ਕਦੇ-ਕਦਾਈਂ, ਉਹਨਾਂ ਦੀ ਮੌਤ, ਦਿਲ ਨੂੰ ਦੁਖਦਾਈ ਹੋ ਸਕਦੀ ਹੈ।

ਗੁੰਝਲਦਾਰ ਇਲਾਜ ਪ੍ਰਣਾਲੀਆਂ ਦਾ ਪ੍ਰਬੰਧਨ ਕਰਨਾ: ਕੈਂਸਰ ਦੇ ਇਲਾਜ ਅਕਸਰ ਗੁੰਝਲਦਾਰ ਹੁੰਦੇ ਹਨ ਅਤੇ ਉਹਨਾਂ ਨੂੰ ਸੁਚੇਤ ਪ੍ਰਬੰਧਨ ਦੀ ਲੋੜ ਹੁੰਦੀ ਹੈ। ਨਰਸਾਂ ਨੂੰ ਵੱਖ-ਵੱਖ ਕੀਮੋਥੈਰੇਪੀ ਪ੍ਰੋਟੋਕੋਲਾਂ, ਰੇਡੀਏਸ਼ਨ ਸਮਾਂ-ਸਾਰਣੀਆਂ, ਅਤੇ ਪੋਸਟ-ਆਪਰੇਟਿਵ ਦੇਖਭਾਲ ਯੋਜਨਾਵਾਂ ਨੂੰ ਸੰਭਾਲਣ ਵਿੱਚ ਮਾਹਰ ਹੋਣਾ ਚਾਹੀਦਾ ਹੈ, ਇਹ ਯਕੀਨੀ ਬਣਾਉਣ ਲਈ ਕਿ ਇਲਾਜ ਸਹੀ ਅਤੇ ਸੁਰੱਖਿਅਤ ਢੰਗ ਨਾਲ ਕੀਤੇ ਜਾਂਦੇ ਹਨ।

ਮਰੀਜ਼ਾਂ ਦੀ ਮੌਤ ਦਰ ਅਤੇ ਜੀਵਨ ਦੇ ਅੰਤ ਦੀ ਦੇਖਭਾਲ ਦਾ ਮੁਕਾਬਲਾ ਕਰਨਾ: ਜੀਵਨ ਦੇ ਅੰਤ ਦੀ ਦੇਖਭਾਲ ਪ੍ਰਦਾਨ ਕਰਨਾ ਓਨਕੋਲੋਜੀ ਨਰਸਿੰਗ ਦੇ ਸਭ ਤੋਂ ਚੁਣੌਤੀਪੂਰਨ ਪਹਿਲੂਆਂ ਵਿੱਚੋਂ ਇੱਕ ਹੈ। ਨਰਸਾਂ ਨੂੰ ਲਾਜ਼ਮੀ ਤੌਰ 'ਤੇ ਬਿਮਾਰ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਹਮਦਰਦੀ ਨਾਲ ਦੇਖਭਾਲ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ, ਉਨ੍ਹਾਂ ਨੂੰ ਅਲਵਿਦਾ ਕਹਿਣ ਦੀ ਮੁਸ਼ਕਲ ਪ੍ਰਕਿਰਿਆ ਨੂੰ ਨੈਵੀਗੇਟ ਕਰਨ ਵਿੱਚ ਮਦਦ ਕਰਦੇ ਹੋਏ।

ਕੇਸ ਸਟੱਡੀਜ਼ ਅਤੇ ਨਿੱਜੀ ਕਹਾਣੀਆਂ ਅਸਲ-ਜੀਵਨ ਦੀਆਂ ਉਦਾਹਰਣਾਂ ਅਤੇ ਨਿੱਜੀ ਕਹਾਣੀਆਂ ਉਹਨਾਂ ਡੂੰਘੇ ਪ੍ਰਭਾਵ ਨੂੰ ਉਜਾਗਰ ਕਰਦੀਆਂ ਹਨ ਜੋ ਓਨਕੋਲੋਜੀ ਨਰਸਾਂ ਦਾ ਉਹਨਾਂ ਦੇ ਮਰੀਜ਼ਾਂ ਦੇ ਜੀਵਨ 'ਤੇ ਹੁੰਦਾ ਹੈ।

ਕੇਸ ਸਟੱਡੀ 1: ਛਾਤੀ ਦੇ ਕੈਂਸਰ ਨਾਲ ਜੂਝ ਰਹੀ ਇੱਕ ਜਵਾਨ ਮਾਂ ਲਈ ਇੱਕ ਨਰਸ ਦਾ ਸਮਰਪਣ, ਨਾ ਸਿਰਫ਼ ਡਾਕਟਰੀ ਦੇਖਭਾਲ ਪ੍ਰਦਾਨ ਕਰਦਾ ਹੈ, ਸਗੋਂ ਭਾਵਨਾਤਮਕ ਸਹਾਇਤਾ ਵੀ ਪ੍ਰਦਾਨ ਕਰਦਾ ਹੈ ਜਿਸਨੇ ਉਸਦੇ ਇਲਾਜ ਦੁਆਰਾ ਸਕਾਰਾਤਮਕ ਰਹਿਣ ਵਿੱਚ ਉਸਦੀ ਮਦਦ ਕੀਤੀ।

ਮਰੀਜ਼ ਪ੍ਰਸ਼ੰਸਾ ਪੱਤਰ: ਇੱਕ ਮਰੀਜ਼ ਸਾਂਝਾ ਕਰਦਾ ਹੈ ਕਿ ਕਿਵੇਂ ਉਹਨਾਂ ਦੀ ਓਨਕੋਲੋਜੀ ਨਰਸ ਦੇ ਅਟੁੱਟ ਸਮਰਥਨ ਨੇ ਉਹਨਾਂ ਦੇ ਕੈਂਸਰ ਦੇ ਸਫ਼ਰ ਵਿੱਚ ਇੱਕ ਮਹੱਤਵਪੂਰਨ ਫਰਕ ਲਿਆ, ਤਾਕਤ ਅਤੇ ਉਮੀਦ ਦੇ ਸਰੋਤ ਵਜੋਂ ਨਰਸ ਦੀ ਭੂਮਿਕਾ ਨੂੰ ਉਜਾਗਰ ਕੀਤਾ।

ਪ੍ਰੇਰਨਾਦਾਇਕ ਕਹਾਣੀਆਂ: ਨਰਸਾਂ ਦੀਆਂ ਕਹਾਣੀਆਂ ਜੋ ਉੱਪਰ ਅਤੇ ਇਸ ਤੋਂ ਅੱਗੇ ਜਾਂਦੀਆਂ ਹਨ, ਜਿਵੇਂ ਕਿ ਮਰੀਜ਼ਾਂ ਦੇ ਪਰਿਵਾਰਾਂ ਲਈ ਫੰਡਰੇਜ਼ਰ ਦਾ ਆਯੋਜਨ ਕਰਨਾ ਜਾਂ ਉਨ੍ਹਾਂ ਦੇ ਅੰਤਮ ਪਲਾਂ ਦੌਰਾਨ ਮਰੀਜ਼ ਦੇ ਨਾਲ ਰਹਿਣਾ, ਓਨਕੋਲੋਜੀ ਨਰਸਿੰਗ ਵਿੱਚ ਡੂੰਘੀ ਹਮਦਰਦੀ ਅਤੇ ਵਚਨਬੱਧਤਾ ਨੂੰ ਰੇਖਾਂਕਿਤ ਕਰਦਾ ਹੈ।

ਓਨਕੋਲੋਜੀ ਨਰਸਾਂ ਦੀ ਸਿਖਲਾਈ ਅਤੇ ਸਿੱਖਿਆ

ਉੱਚ-ਗੁਣਵੱਤਾ ਦੀ ਦੇਖਭਾਲ ਪ੍ਰਦਾਨ ਕਰਨ ਲਈ, ਓਨਕੋਲੋਜੀ ਨਰਸਾਂ ਨੂੰ ਵਿਸ਼ੇਸ਼ ਸਿਖਲਾਈ ਅਤੇ ਨਿਰੰਤਰ ਪੇਸ਼ੇਵਰ ਵਿਕਾਸ ਕਰਨਾ ਪੈਂਦਾ ਹੈ।

ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਅਤੇ ਪ੍ਰਮਾਣੀਕਰਣ: ਓਨਕੋਲੋਜੀ ਨਰਸਾਂ ਅਕਸਰ ਉੱਨਤ ਪ੍ਰਮਾਣੀਕਰਣਾਂ ਦਾ ਪਿੱਛਾ ਕਰਦੀਆਂ ਹਨ, ਜਿਵੇਂ ਕਿ ਓਨਕੋਲੋਜੀ ਸਰਟੀਫਾਈਡ ਨਰਸ (®3©) ਪ੍ਰਮਾਣ ਪੱਤਰ, ਜੋ ਕੈਂਸਰ ਦੇਖਭਾਲ ਵਿੱਚ ਉਹਨਾਂ ਦੀ ਮੁਹਾਰਤ ਨੂੰ ਪ੍ਰਮਾਣਿਤ ਕਰਦੇ ਹਨ। ਨਿਰੰਤਰ ਸਿੱਖਿਆ ਅਤੇ ਪੇਸ਼ੇਵਰ ਵਿਕਾਸ: ਓਨਕੋਲੋਜੀ ਦਾ ਖੇਤਰ ਲਗਾਤਾਰ ਵਿਕਸਤ ਹੋ ਰਿਹਾ ਹੈ, ਨਵੇਂ ਇਲਾਜ ਅਤੇ ਪ੍ਰੋਟੋਕੋਲ ਨਿਯਮਿਤ ਤੌਰ 'ਤੇ ਉਭਰ ਰਹੇ ਹਨ। ਨਵੀਨਤਮ ਤਰੱਕੀਆਂ ਅਤੇ ਵਧੀਆ ਅਭਿਆਸਾਂ ਨਾਲ ਮੌਜੂਦਾ ਰਹਿਣ ਲਈ ਨਰਸਾਂ ਨੂੰ ਜੀਵਨ ਭਰ ਸਿੱਖਣ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

ਖੋਜ ਅਤੇ ਸਬੂਤ-ਆਧਾਰਿਤ ਅਭਿਆਸ: ਬਹੁਤ ਸਾਰੀਆਂ ਓਨਕੋਲੋਜੀ ਨਰਸਾਂ ਖੋਜ ਵਿੱਚ ਸ਼ਾਮਲ ਹੁੰਦੀਆਂ ਹਨ, ਨਵੇਂ ਇਲਾਜਾਂ ਅਤੇ ਦੇਖਭਾਲ ਦੀਆਂ ਰਣਨੀਤੀਆਂ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੀਆਂ ਹਨ। ਉਹ ਇਹ ਯਕੀਨੀ ਬਣਾਉਣ ਲਈ ਸਬੂਤ-ਆਧਾਰਿਤ ਅਭਿਆਸ ਲਾਗੂ ਕਰਦੇ ਹਨ ਕਿ ਮਰੀਜ਼ਾਂ ਨੂੰ ਸਭ ਤੋਂ ਪ੍ਰਭਾਵਸ਼ਾਲੀ ਅਤੇ ਨਵੀਨਤਮ ਦੇਖਭਾਲ ਪ੍ਰਾਪਤ ਹੁੰਦੀ ਹੈ।

ਨਰਸਾਂ 'ਤੇ ਮਨੋਵਿਗਿਆਨਕ ਪ੍ਰਭਾਵ

ਓਨਕੋਲੋਜੀ ਵਿੱਚ ਕੰਮ ਕਰਨ ਦਾ ਮਨੋਵਿਗਿਆਨਕ ਪ੍ਰਭਾਵ ਡੂੰਘਾ ਹੋ ਸਕਦਾ ਹੈ, ਭਾਵਨਾਤਮਕ ਲਚਕੀਲੇਪਨ ਅਤੇ ਸਹਾਇਤਾ ਲਈ ਰਣਨੀਤੀਆਂ ਦੀ ਲੋੜ ਹੁੰਦੀ ਹੈ।

ਬਰਨਆਉਟ ਅਤੇ ਹਮਦਰਦੀ ਥਕਾਵਟ: ਓਨਕੋਲੋਜੀ ਨਰਸਿੰਗ ਦੀ ਤੀਬਰ ਪ੍ਰਕਿਰਤੀ ਬਰਨਆਉਟ ਅਤੇ ਹਮਦਰਦੀ ਥਕਾਵਟ ਦਾ ਕਾਰਨ ਬਣ ਸਕਦੀ ਹੈ। ਉੱਚ-ਗੁਣਵੱਤਾ ਦੀ ਦੇਖਭਾਲ ਪ੍ਰਦਾਨ ਕਰਨਾ ਜਾਰੀ ਰੱਖਣ ਲਈ ਨਰਸਾਂ ਨੂੰ ਆਪਣੀ ਭਾਵਨਾਤਮਕ ਤੰਦਰੁਸਤੀ ਦਾ ਪ੍ਰਬੰਧਨ ਕਰਨਾ ਚਾਹੀਦਾ ਹੈ।ਭਾਵਨਾਤਮਕ ਲਚਕਤਾ ਅਤੇ ਸਵੈ-ਸੰਭਾਲ: ਓਨਕੋਲੋਜੀ ਨਰਸਾਂ ਲਈ ਭਾਵਨਾਤਮਕ ਲਚਕਤਾ ਦਾ ਵਿਕਾਸ ਕਰਨਾ ਮਹੱਤਵਪੂਰਨ ਹੈ। ਸਾਵਧਾਨੀ, ਨਿਯਮਤ ਕਸਰਤ, ਅਤੇ ਸ਼ੌਕ ਵਰਗੇ ਅਭਿਆਸ ਨਰਸਾਂ ਨੂੰ ਆਪਣੀ ਮਾਨਸਿਕ ਸਿਹਤ ਬਣਾਈ ਰੱਖਣ ਵਿੱਚ ਮਦਦ ਕਰ ਸਕਦੇ ਹਨ। ਸਹਾਇਤਾ ਪ੍ਰਣਾਲੀਆਂ ਅਤੇ ਸਲਾਹ: ਸਹਾਇਤਾ ਪ੍ਰਣਾਲੀਆਂ ਤੱਕ ਪਹੁੰਚ, ਪੀਅਰ ਸਹਾਇਤਾ ਸਮੂਹਾਂ ਅਤੇ ਪੇਸ਼ੇਵਰ ਸਲਾਹ-ਮਸ਼ਵਰੇ ਸਮੇਤ, ਨਰਸਾਂ ਨੂੰ ਉਹਨਾਂ ਦੀ ਨੌਕਰੀ ਦੇ ਤਣਾਅ ਨਾਲ ਸਿੱਝਣ ਵਿੱਚ ਮਦਦ ਕਰਨ ਲਈ ਜ਼ਰੂਰੀ ਹੈ।

ਤਕਨੀਕੀ ਤਰੱਕੀ ਅਤੇ ਉਹਨਾਂ ਦਾ ਪ੍ਰਭਾਵ

ਕੈਂਸਰ ਦੀ ਦੇਖਭਾਲ ਵਿੱਚ ਤਕਨਾਲੋਜੀ ਇੱਕ ਵਧਦੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਓਨਕੋਲੋਜੀ ਨਰਸਾਂ ਦੀ ਸਮਰੱਥਾ ਨੂੰ ਵਧਾਉਂਦੀ ਹੈ।

# ਭਗਵੰਤ ਮਾਨ ਸਰਕਾਰ ਵੱਲੋਂ ਮੁਫਤ ਸਿਹਤ ਸਹੂਲਤਾਂ ਉਪਲੱਬਧ ਕਰਵਾਉਣ ਦਾ ਵਾਅਦਾ ਪੂਰਾ ਹੋਇਆ

**➢ ਆਮ ਲੋਕਾਂ ਨੂੰ ਘਰਾਂ ਨੇੜੇ ਮੁੱਢਲੀਆ ਸਿਹਤ ਸਹੂਲਤਾਂ ਮੁਫਤ ਉਪਲੱਬਧ ਕਰਵਾਉਣ ਲਈ ਸਹਾਈ ਸਿੱਧ ਹੋ ਰਹੇ ਹਨ ਆਮ ਆਦਮੀ ਕਲੀਨਿਕ ➢ 36655 ਮਰੀਜ਼ਾ ਦਾ ਸਫਲਤਾ ਪੂਰਵਕ ਹੋਇਆ ਮੁਫਤ ਇਲਾਜ ਤੇ 38 ਤਰਾਂ ਦੇ ਮੁਫਤ ਲੈਬ ਟੈਸਟ ਦੀ ਮਿਲ ਰਹੀ ਹੈ ਸਹੂਲਤ**

**ਸ੍ਰੀ ਅਨੰਦਪੁਰ ਸਾਹਿਬ, 2 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਘਰਾਂ ਨੇੜੇ ਮੁੱਢਲੀਆਂ ਸਿਹਤ ਸਹੂਲਤਾਂ ਟੈਸਟ ਅਤੇ ਦਵਾਈ ਦੀ ਮੁਫਤ ਸਹੂਲਤ ਉਪਲੱਬਧ ਕਰਵਾਉਣ ਲਈ ਸੂਬੇ ਵਿੱਚ ਸੈਂਕੜੇ ਆਮ ਆਦਮੀ ਕਲੀਨਿਕ ਖੋਲੇ ਗਏ ਹਨ, ਜਿੱਥੇ ਰੋਜ਼ਾਨਾ ਹਜ਼ਾਰਾ ਮਰੀਜ਼ ਬਿਨਾ ਕਿਸੇ ਖੱਜਲ ਖੁਆਰੀ ਤੋ ਆਪਣੇ ਘਰਾਂ ਨੇੜੇ ਮੁੱਢਲੀਆ ਸਿਹਤ ਸਹੂਲਤਾਂ ਟੈਸਟ ਅਤੇ ਦਵਾਈ ਦੀ ਸਹੂਲਤ ਦਾ ਲਾਭ ਪ੍ਰਾਪਤ ਕਰ ਰਹੇ ਹਨ।

ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਪੰਜਾਬ ਸਰਕਾਰ ਵੱਲੋਂ ਅਜਿਹੇ 9 ਕਲੀਨਿਕ ਖੋਲੇ ਗਏ ਹਨ, ਜਿੱਥੇ ਰੋਜ਼ਾਨਾ ਸੈਕੜੇ ਮਰੀਜ਼ਾ ਨੂੰ ਮੁਫਤ ਮੈਡੀਕਲ ਸਹੂਲਤ ਮਿਲ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦੂਰ ਦੂਰਾਡੇ ਪੇਂਡੂ ਖੇਤਰਾਂ ਤੱਕ ਬਿਹਤਰ ਤੇ ਮਿਆਰੀ ਸਿਹਤ ਸਹੂਲਤ ਹਰ ਲੋੜਵੰਦ ਤੱਕ ਪਹੁੰਚਾਉਣ ਲਈ ਸ੍ਰੀ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ ਦੀ ਸਰਕਾਰ ਦੀ ਤਰਾਂ ਇਹ ਆਮ ਆਦਮੀ ਕਲੀਨਿਕ ਖੋਲਣ ਦਾ ਸ਼ਲਾਘਾਯੋਗ ਫੈਸਲਾ ਲਿਆ ਗਿਆ ਹੈ, ਜਿੱਥੇ ਮਰੀਜ਼ਾ ਨੂੰ ਇਹ ਸਹੂਲਤਾ ਮਿਲ ਰਹੀਆਂ ਹਨ।

22 ਮਹੀਨੇ ਪਹਿਲਾ 15 ਅਗਸਤ 2022 ਨੂੰ ਮਜਾਰਾ ਵਿਚ ਖੋਲ੍ਹੇ ਆਮ ਆਦਮੀ ਕਲੀਨਿਕ ਵਿਚ ਰੋਜ਼ਾਨਾ 70-80 ਮਰੀਜ਼ ਆ ਕੇ ਮੁਫਤ ਟੈਸਟ ਦਵਾਈ ਤੇ ਇਲਾਜ ਦੀ ਸਹੂਲਤ ਲੈ ਰਹੇ ਹਨ, ਹੁਣ ਤੱਕ ਇਸ ਆਮ ਆਦਮੀ ਕਲੀਨਿਕ ਤੋ 36655 ਮਰੀਜ਼ ਇਲਾਜ ਕਰਵਾ ਕੇ ਤੰਦਰੁਸਤ ਹੋ ਕੇ ਘਰ ਪਰਤ ਚੁੱਕੇ ਹਨ, ਇਸ ਕਲੀਨਿਕ ਵਿੱਚ ਥਾਈਰੈਡ, ਸੀ.ਬੀ.ਸੀ ਸ਼ੂਗਰ, ਲਿਪਡ ਪ੍ਰੋਫਾਈਲ, ਕਿਡਨੀ, ਲੀਵਰ, ਯੂਰਿਕ ਐਸਿਡ ਵਰਗੇ ਟੈਸਟ ਮੁਫਤ ਹੋ ਰਹੇ ਹਨ। ਰੋਜਾਨਾ 15 ਤੋ 20 ਮਰੀਜ਼ਾਂ ਦੇ ਮਹਿੰਗੇ




ਟੈਸਟ ਮੁਫਤ ਹੋ ਰਹੇ ਹਨ, 38 ਤਰਾਂ ਦੇ ਟੈਸਟ ਤੇ 82 ਤਰਾਂ ਦੀ ਦਵਾਈ ਮਰੀਜ਼ਾ ਨੂੰ ਮੁਫਤ ਮਿਲ ਰਹੀ ਹੈ। ਇਲਾਕਾ ਵਾਸੀ ਭਗਵੰਤ ਮਾਨ ਸਰਕਾਰ ਦੀ ਗੰ੍ਟੀ ਪੂਰੀ ਹੋਣ ਦੀ ਸ਼ਲਾਘਾ ਕਰ ਰਹੇ ਹਨ ਅਤੇ ਸਥਾਨਕ ਵਿਧਾਇਕ ਹਰਜੋਤ ਸਿੰਘ ਬੈਂਸ ਵੱਲੋਂ ਲਗਾਤਾਰ ਇਨ੍ਹਾਂ ਕਲੀਨਿਕਾ ਦੀ ਕਾਰਜ ਕੁਸ਼ਲਤਾ ਦਾ ਜਾਇਜ਼ਾ ਲੈਣ ਦੀ ਪ੍ਰਸ਼ੰਸ਼ਾ ਕਰਦੇ ਹਨ। ਉਨ੍ਹਾਂ ਵੱਲੋਂ ਆਮ ਆਦਮੀ ਕਲੀਨਿਕ ਵਿੱਚ ਤੈਨਾਤ ਡਾ.ਹਰਜੋਤ ਸਿੰਘ ਦੇ ਸਟਾਫ ਵੱਲੋਂ ਮਰੀਜਾ ਨਾਲ ਕੀਤੇ ਜਾ ਰਹੇ ਚੰਗੇ ਵਤੀਰੇ ਦੀ ਵੀ ਸ਼ਲਾਘਾ ਕੀਤੀ ਜਾ ਰਹੀ ਹੈ। ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਦੇ ਯਤਨਾ ਸਦਕਾ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਪਿੰਡ ਮਜਾਰਾ ਵਿੱਚ ਖੋਲ੍ਹੇ ਆਮ ਆਦਮੀ ਕਲੀਨਿਕ ਨੂੰ 15 ਅਗਸਤ 2022 ਨੂੰ ਕਾਰਜਸ਼ੀਲ ਕਰ ਦਿੱਤਾ ਸੀ। ਹਰਜੋਤ ਬੈਂਸ ਸਿੱਖਿਆ ਮੰਤਰੀ ਪੰਜਾਬ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਵਿੱਚ ਖੋਲ੍ਹੇ 9 ਆਮ ਆਦਮੀ ਕਲੀਨਿਕ ਦੀ ਨਿਰੰਤਰ ਮੋਨੀਟਰਿੰਗ ਕੀਤੀ ਜਾ ਰਹੀ ਹੈ। ਹਲਕੇ ਦੀ ਭੂਗੋਲਿਕ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਰਹਿ ਰਹੇ ਲੋਕਾਂ ਨੂੰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਆਉਣ ਜਾਣ ਦੀ ਖੱਜਲ ਖੁਆਰੀ ਨੂੰ ਇਨ੍ਹਾਂ ਆਮ ਆਦਮੀ ਕਲੀਨਿਕਾਂ ਨੇ ਘੱਟ ਕੀਤਾ ਹੈ। ਸਰਕਾਰੀ ਹਸਪਤਾਲਾਂ ਵਿੱਚ ਓ.ਪੀ.ਡੀ. ਦਾ ਦਵਾਅ ਪਹਿਲਾ ਤੋ ਘੱਟ ਹੋਇਆ ਹੈ, ਮਰੀਜ਼ਾ ਨੂੰ ਘਰਾਂ ਨੇੜੇ ਮੁਫਤ ਦਵਾਈ, ਟੈਸਟ ਦੀ ਸਹੂਲਤ ਵੀ ਮਿਲ ਰਹੀ ਹੈ।

ਮਜਾਰਾ ਵਿੱਚ ਚੱਲ ਰਹੇ ਆਮ ਆਦਮੀ ਕਲੀਨਿਕ ਵਿੱਚ ਹੁਣ ਤੱਕ 36655 ਮਰੀਜ਼ਾ ਦਾ ਇਲਾਜ਼ ਹੋਇਆ ਹੈ, ਮਰੀਜ਼ਾ ਦੇ ਟੈਸਟ ਮੁਫਤ ਹੋ ਰਹੇ ਹਨ ਸਾਰੇ ਮਰੀਜ਼ਾ ਨੂੰ ਮੁੱਢਲੀਆ ਬਿਮਾਰੀਆਂ ਦਾ ਇਲਾਜ ਕਰਨ ਲਈ ਦਵਾਈ ਮੁਫਤ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ 82 ਤਰਾਂ ਦੀਆਂ ਦਵਾਈਆਂ ਤੇ 38 ਤਰਾਂ ਦੇ ਟੈਸਟ ਮੁਫਤ ਕੀਤੇ ਜਾ ਰਹੇ ਹਨ ਤੇ ਰੋਜ਼ਾਨਾ 70-80 ਮਰੀਜ਼ ਇਨ੍ਹਾਂ ਸਹੂਲਤਾਂ ਦਾ ਲਾਭ ਲੈ ਰਹੇ ਹਨ। ਹਸਪਤਾਲ ਵੀ ਹੁਣ ਬਹੁਤ ਹੱਦ ਤੱਕ ਓ.ਪੀ.ਡੀ ਦੇ ਭਾਰ ਤੋ ਮੁਕਤ ਹੋ ਰਹੇ ਹਨ। ਮਾਹਿਰ ਡਾਕਟਰ ਅਤੇ ਮੈਡੀਕਲ ਸਟਾਫ ਨਿਰੰਤਰ ਮਰੀਜ਼ਾ ਦਾ ਇਲਾਜ ਕਰ ਰਹੇ ਹਨ। ਪੰਜਾਬ ਸਰਕਾਰ ਵੱਲੋਂ ਮੁਫਤ ਇਲਾਜ ਦੀ ਸਹੂਲਤ ਦੇਣ ਦਾ ਆਪਣਾ ਵਾਅਦਾ ਤੇ ਗੰ੍ਟੀ ਪੂਰੀ ਕੀਤੀ ਗਈ ਹੈ।

# ਜਲ ਹੀ ਜੀਵਨ ਹੈ ਜਲ ਤੋਂ ਬਿਨਾਂ ਕਲ ਨਹੀਂ

ਭਾਵੇਂ ਮਾਨਵ ਹੈ ਭਾਵੇ ਜੀਵ ਜੰਤੂ ਪਸ਼ੂ ਪੰਛੀ ਜੇ ਜਲ ਨਹੀਂ ਤਾਂ ਕਲ ਨਹੀਂ ਭਾਵ ਜੱਲ ਬਿਨਾ ਜੀਵਨ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ ਫੇਰ ਕਿਉਂ ਅਸੀਂ ਮਾਨਵ ਜਾਤੀ ਇਸ ਪ੍ਰਤੀ ਚਿੰਤਿਤ ਨਹੀਂ ਕਿਉਂ ਅਸੀਂ ਆਉਣ ਵਾਲੇ ਕਲ ਬਾਰੇ ਸੋਚਦੇ ਕਿਉਂ ਅਸੀਂ ਆਪਣੀ ਆਉਣ ਵਾਲੀ ਪੀੜੀ ਲਈ ਇਕ ਘੋਰ ਸੰਕਟ ਪੈਦਾ ਕਰਕੇ ਜਾਉਂਣ ਲਗੇ ਹਾਂ ਹਾਲ ਵਿਚ ਹੀ ਪੰਜਾਬ ਦੇ ਕਈ ਪਿੰਡਾਂ ਵਿੱਚ ਜ਼ਮੀਨ ਹੇਠਲਾ ਪਾਣੀ ਖਤਮ ਹੋ ਗਿਆ ਹੈ ਤੇ ਗੰਭੀਰ ਜੱਲ ਸੰਕਟ ਪੈਦਾ ਹੋ ਗਿਆ ਹੈ ਕਈ ਥਾਂ ਜਮੀਨ ਹੇਠਲਾ ਪਾਣੀ ਦਾ ਸਤਰ 300 ਫੁੱਟ ਵੀ ਪਾਰ ਕਰ ਗਿਆ ਹੈ ਅਸੀਂ ਲੋਕ ਫੇਰ ਵੀ ਪਾਣੀ ਪ੍ਰਤੀ ਸੁਚੇਤ ਨਹੀਂ ਸਾਨੂੰ ਇਸਦੇ ਪ੍ਰਤੀ ਸੁਚੇਤ ਹੋਣ ਦੀ ਸਖ਼ਤ ਜ਼ਰੂਰਤ ਹੈ ਇਸ ਲਈ ਸਾਨੂੰ ਕੁੱਛ ਹੇਠ ਲਿਖੇ ਉਪਰਾਲੇ ਕਰਨੇ ਹੋਣਗੇ।

1. ਆਮ ਤੌਰ ਤੇ ਇਕ ਵਿਅਕਤੀ 100 ✡︎⬇︎ ਤੱਕ ਪਿਸ਼ਾਬ ਕਰਦਾ ਹੈ ਅਤੇ ਉਸ ਨੂੰ ਫਲੱਸ਼ ਆਊਟ ਲਈ ਘਰ ਦੇ ਬਾਥਰੂਮ ਚ ਲਗੀ ਫਲੱਸ਼ ਦੀ 10 ਲੀਟਰ ਵਾਲੀਂ ਟੈਂਕੀ ਦਾ ਬਟੱਣ ਦੱਬ ਦਿੰਦਾ ਹੈ ਯਾਨੀ 100✡︎⬇︎ ਪੇਸ਼ਾਬ ਨੂੰ ਫਲੱਸ਼ ਆਊਟ ਕਰਨ ਲਈ 10 ਲੀਟਰ ਪਾਣੀ ਬਰਬਾਦ ਕੀਤਾ ਜਾਂਦਾ ਹੈ ਇਕ ਘਰ ਚ ਜੇਕਰ 4 ਜੀਅ ਹਨ ਸਾਰੇ ਦਿਨ ਚ 4ਜੀਅ 4 ਵਾਰ ਵੀ ਪੇਸ਼ਾਬ ਕਰਨ ਤੇ 160 ਲੀਟਰ ਪਾਣੀ ਖਰਚ ਹੋ ਜਾਉਂਦਾ ਹੈ ਸੋਚਿਆ ਹੈ ਕਦੇ ਕਿਸੇ ਨੇ, ਇਸ ਲਈ ਬਾਥਰੂਮ ਵਿੱਚ ਅਲੱਗ ਤੋਂ ਇਕ urinal ਲਾਗਵਾਉ ਨਾਲ ਘਟੋ ਘੱਟ 150 ਲੀਟਰ ਤਕ ਪਾਣੀ ਹਰ ਰੋਜ ਬਚਾਇਆ ਜਾ ਸਕਦਾ ਹੈ।
2. ਆਪਣੀ ਮਹਿੰਗੀ ਗੱਡੀਆਂ ਨੂੰ ਧੋਣ ਦੀ ਬਜਾਏ ਗੀਲੀ ਸਪੰਜ ਨਾਲ ਗੱਡੀ ਨੂੰ ਸਾਫ਼ ਕਰਕੇ ਵੀ ਬਹੁਤ ਸਾਰਾ ਪਾਣੀ ਬਚਾਇਆ ਜਾ ਸਕਦਾ ਹੈ।
3. ਵਡੇ ਵਡੇ ਟੱਬ ਰੱਖ ਕੇ ਨਹਾਉਣ ਦੀ ਥਾਂ ਬਟਨ ਵਾਲਾ hand shower ਦਾ ਇਸਤੇਮਾਲ ਕਰਕੇ ਵੀ ਬਹੁਤ ਸਾਰਾ ਪਾਣੀ ਬਚਾਇਆ ਜਾ ਸਕਦਾ ਹੈ।
4. ਨਹਾਉਂਦੇ ਸਮੇ ਵਡੇ ਮੱਗ ਦੀ ਥਾਂ ਛੋਟੇ ਮੱਗ ਇਸਤਮਾਲ ਕਰਕੇ ਵੀ ਪਾਣੀ ਬਚਾਇਆ ਜਾ ਸਕਦਾ ਹੈ।
5. 1 ਲੀਟਰ RO ਪਾਣੀ ਲਈ ਸਾਨੂੰ 3 ਲੀਟਰ ਪਾਣੀ ਨਾਲੀ ਚ ਰੋੜਨਾ ਪੈਂਦਾ ਹੈ ਦੀ ਵਰਤੋਂ ਬੰਦ ਕਰਕੇ ਮਿੱਟੀ ਦੇ ਘੜੇ ਦੀ ਵਰਤੋਂ ਕਰਕੇ ਵੀ ਪਾਣੀ ਬਚਾਇਆ ਜਾ ਸਕਦਾ ਹੈ। 6. ਭਾਂਡੇ ਧੋਂਦੇ ਸਮੇ ਨਲਕੇ ਥੱਲੇ ਕੋਈ ਵੱਡਾ ਭਾਂਡਾ ਜਾਂ ਟੱਬ ਰੱਖਣਾ ਚਾਹੀਦਾ ਹੈ ਤਾਂ ਜੋ ਪਾਣੀ ਬਰਬਾਦ ਹੋ ਕੇ ਨਾਲੀਆਂ ਵਿਚ ਨਾ ਜਾਵੇ ਉਸ ਪਾਣੀ ਨੂੰ ਵਰਤੋਂ ਵਿੱਚ ਲਿਆ ਕੇ ਵੀ ਬਹੁਤ ਪਾਣੀ ਬਚਾਇਆ ਜਾ ਸਕਦਾ ਹੈ।
7. ਬੂਟਿਆਂ ਪੌਦਿਆਂ ਚ ਪਾਣੀ ਪਾਈਪ ਨਾਲ ਨਾ ਪਾ ਕੇ shower ਨਾਲ ਪਾ ਕੇ ਵੀ ਪਾਣੀ ਬਚਾਇਆ ਜਾ ਸਕਦਾ ਹੈ।
8. ਜਨਤਕ ਥਾਵਾਂ ਤੇ ਬੇ ਫਜ਼ੂਲ ਚਲਦਿਆਂ ਪਾਣੀ ਦੀ ਟੂਟੀਆਂ ਨੂੰ ਬੰਦ ਕਰਕੇ ਵੀ ਪਾਣੀ ਬਚਾਇਆ ਜਾ ਸਕਦਾ ਹੈ।
9. ਅੱਜ ਕਲ ਵੱਡੇ ਵੱਡੇ ਮਾਲ ਰੈਸਟੋਰੈਂਟ ਸਿਨੇਮਾਹਾਲ ਚ censor òÅñ¶ urinal ਲਗੇ ਹਨ ਲੇਕੀਨ ਸਰਕਾਰੀ ਮਹਿਕਮਾ ਵਿਚ manual urinals ਨੂੰ ਸਹੀ ਢੰਗ ਨਾਲ ਵਰਤ ਕੇ ਵੀ ਅਸੀਂ ਪਾਣੀ ਬਚਾ ਸਕਦੇ ਹਾਂ।
10. ਇਸ ਤੋਂ ਇਲਾਵਾ ਆਪਣੇ ਘਰ ਦੇ ਵੇਹੜੇ ਨੂੰ ਪਾਣੀ ਨਾਲ ਨਾ ਧੋ ਕੇ ਗਿੱਲੇ ਪੋਚੇ ਨਾਲ ਸਾਫ ਕਰਕੇ ਵੀ ਬਹੁਤ ਪਾਣੀ ਬਚਾਇਆ ਜਾ ਸਕਦਾ ਹੈ।
11. ਸਬ ਤੋਂ ਅਹਿਮ ਹੈ ਜਿੰਨੀ ਪਿਆਸ ਹੈ ਉੰਣਾ ਹੀ ਪਾਣੀ ਗਿਲਾਸ ਵਿਚ ਲਵੋ ਤੇ ਪੀਵੋ ਬਚਦਾ ਪਾਣੀ ਨਾ ਡੋਲੋ ਬਹੁਤ ਪਾਣੀ ਬਚਾ ਸਕਦੇ ਹਾਂ।

ਜੇ ਅਸੀਂ ਇਹ ਪਾਣੀ ਬਚਾਉਣ ਦੇ ਸਾਰੇ ਤਰੀਕੇ ਆਪਣਾ ਲਈਏ ਤਾਂ ਬਹੁਤ ਹੱਦ ਤੱਕ ਅਸੀਂ ਪਾਣੀ ਦੇ ਸੰਕਟ ਤੋਂ ਬੱਚ ਸਕਦੇ ਹਾਂ ਭਾਵੇਂ ਪਾਣੀ ਦੇ ਸਤਰ ਨੂੰ ਉੱਚਾ ਤਾਂ ਨਹੀਂ ਚੁੱਕ ਸਕਦੇ ਪਰੰਤੂ ਜੱਲ ਸੰਕਟ ਤੇ ਕਾਬੂ ਤਾਂ ਪਾ ਸਕਦੇ ਹਾਂ ਤਾਂ ਕਿਉਂ ਨਾ ਅੱਜ ਤੋਂ ਹੀ ਅਸੀਂ ਇਸ ਤੇ ਅਮਲ ਕਰਨਾ ਸ਼ੁਰੂ ਕਰ ਦਈਏ।

ਰਜਨੀਸ਼ ਸਕਸੇਨਾ

# ਜੈ ਇੰਦਰ ਕੌਰ ਨੇ ਨਦੀਆਂ ਦੇ ਸ.ਫਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ

**ਪਟਿਆਲਾ, 2 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੀ ਮਹਿਲਾ ਮੋਰਚਾ ਪੰਜਾਬ ਦੀ ਪ੍ਰਧਾਨ ਜੈ ਇੰਦਰ ਕੌਰ ਨੇ ਅੱਜ ਪਟਿਆਲਾ ਦੀ ਵੱਡੀ ਅਤੇ ਛੋਟੀ ਨਦੀਆਂ ਦੇ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਕੀਤੇ ਗਏ ਸਫ਼ਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਆਗਾਮੀ ਮੌਨਸੂਨ ਸੀਜ਼ਨ ਲਈ ਤਿਆਰੀਆਂ ਦੀ ਘਾਟ 'ਤੇ ਚਿੰਤਾ ਜ਼ਾਹਰ ਕੀਤੀ ਅਤੇ ਉਮੀਦ ਜਤਾਈ ਕਿ ਪਿਛਲੇ ਸਾਲ ਦੀਆਂ ਗ਼ਲਤੀਆਂ ਨਹੀਂ ਦੁਹਰਾਈਆਂ ਜਾਣਗੀਆਂ।

ਜੈ ਇੰਦਰ ਨੇ ਕਿਹਾ ਕਿ ਪਿਛਲੇ ਸਾਲ ਆਏ ਹੜ੍ਹਾਂ ਦੌਰਾਨ ਇਨ੍ਹਾਂ ਨਦੀਆਂ ਨੇ ਸ਼ਹਿਰ ਵਿੱਚ ਭਾਰੀ ਤਬਾਹੀ ਮਚਾਈ ਸੀ, ਜਿਸ ਕਾਰਨ ਜਾਇਦਾਦ, ਬੁਨਿਆਦੀ ਢਾਂਚੇ ਦਾ ਕਾਫ਼ੀ ਨੁਕਸਾਨ ਹੋਇਆ ਸੀ। ਇਨ੍ਹਾਂ ਡਰੇਨਾਂ ਦੀ ਸਹੀ ਸਫ਼ਾਈ ਅਤੇ ਰੱਖ-ਰਖਾਅ ਦੀ ਘਾਟ ਆਉਣ ਵਾਲੇ



ਨਦੀ ਦੀ ਅਧੂਰੀ ਸਫ਼ਾਈ ਦਿਖਾਉਂਦੇ ਹੋਏ ਜੈ ਇੰਦਰ ਕੌਰ।

ਬਰਸਾਤ ਦੇ ਮੌਸਮ ਵਿੱਚ ਹੜ੍ਹਾਂ ਦਾ ਕਾਰਨ ਬਣ ਸਕਦੀ ਹੈ, ਜਿਸ ਨਾਲ ਨਾਗਰਿਕਾਂ, ਖ਼ਾਸ ਤੌਰ 'ਤੇ ਆਸ-ਪਾਸ ਦੀਆਂ ਕਲੋਨੀਆਂ ਦਾ ਨੁਕਸਾਨ ਹੋ ਸਕਦਾ ਹੈ। ਇਹ ਯਕੀਨੀ ਬਣਾਉਣਾ ਸਬੰਧਿਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਬਣਦੀ ਹੈ, ਕਿ ਪਾਣੀ ਭਰਨ ਅਤੇ ਹੜ੍ਹਾਂ ਨੂੰ ਰੋਕਣ ਲਈ ਡਰੇਨਾਂ ਨੂੰ ਸਾਰੀਆਂ ਰੁਕਾਵਟਾਂ ਅਤੇ ਮਲਬੇ ਤੋਂ ਤੁਰੰਤ ਸਾਫ਼ ਕੀਤਾ ਜਾਵੇ। ਇਸ ਮੌਕੇ ਜੈ ਇੰਦਰ ਨੇ ਮੰਗ ਪੱਤਰ ਏਡੀਸੀ ਨੂੰ ਵੀ ਸੌਂਪਿਆ ਤੇ ਨਦੀਆਂ ਦੀ ਸਫ਼ਾਈ ਦੀ ਮੰਗ ਕੀਤੀ।

# ਤਹਿਸੀਲ ਵਿੱਚ ਲੋਕਾਂ ਦੀ ਖੱਜਲ-ਖੁਆਰੀ; ਰੋਸ ਵਜੋਂ ਨਾਅਰੇਬਾਜ਼ੀ

**ਭਵਾਨੀਗੜ੍ਹ, 2 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਤਹਿਸੀਲ ਕੰਪਲੈਕਸ ਵਿਚ ਆਪਣੇ ਕੰਮਾਂ ਲਈ ਖੱਜਲ ਖੁਆਰ ਹੋ ਰਹੇ ਲੋਕਾਂ ਵੱਲੋਂ ਤਹਿਸੀਲਦਾਰ ਅਤੇ ਸਰਕਾਰ ਖ਼ ?ਲਾਫ਼ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਹਰਭਜਨ ਸਿੰਘ ਹੈਪੀ, ਗੁਰਮੀਤ ਕੌਰ, ਜੀਵਨ ਸਿੰਘ ਸਕਰੌਦੀ, ਬਲਕਾਰ ਸਿੰਘ ਬਖਤੜੀ, ਮਨਜੀਤ ਕੌਰ ਰਾਜਪੁਰਾ, ਜਸਵੀਰ ਕੌਰ ਸਕਰੌਦੀ, ਭਗਵੰਤ ਸਿੰਘ ਭਵਾਨੀਗੜ੍ਹ ਅਤੇ ਬਲਜੀਤ ਸਿੰਘ ਨੇ ਦੱਸਿਆ ਕਿ ਉਹ ਜ਼ਮੀਨ ਦੀਆਂ ਰਜਿਸਟਰੀਆਂ ਕਰਾਉਣ ਅਤੇ ਮਾਲ ਵਿਭਾਗ ਨਾਲ ਸਬੰਧਤ ਮਸਲਿਆਂ ਸਬੰਧੀ ਅੱਜ ਸਵੇਰੇ ਤੋਂ ਤਹਿਸੀਲਦਾਰ ਦੀ ਉਡੀਕ ਕਰ ਰਹੇ ਹਨ ਪਰ ਮਾਲ ਅਧਿਕਾਰੀ ਵੱਲੋਂ ਉਨ੍ਹਾਂ ਨੂੰ ਸਵੇਰ ਤੋਂ ਹੀ 10 ਮਿੰਟ ਤੱਕ ਪਹੁੰਚਣ ਦਾ ਲਾਰਾ ਲਾਇਆ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੱਜਲ ਖੁਆਰ ਹੁੰਦਿਆਂ ਸ਼ਾਮ ਹੋ ਗਈ ਪਰ ਉਕਤ ਅਧਿਕਾਰੀ ਨਾ ਪੁੱਜਿਆ। ਉਨ੍ਹਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਲੋਕਾਂ ਦੇ ਪਿੰਡਾਂ ਵਿੱਚ ਜਾ ਕੇ ਕੰਮ ਕਰਨ ਦੇ ਦਾਅਵਿਆਂ ਨੂੰ ਵੀ ਖੋਖਲਾ ਕਰਾਰ ਦਿੱਤਾ। ਅਖੀਰ ਵਿੱਚ ਨਾਅਰੇਬਾਜ਼ੀ ਦੌਰਾਨ ਹੀ ਸ਼ਾਮ ਦੇ ਤਕਰੀਬਨ 6:30 ਵਜੇ ਤਹਿਸੀਲਦਾਰ ਆਪਣੇ ਦਫਤਰ ਵਿੱਚ ਆ ਕੇ ਕੰਮ ਕਰਨ ਲੱਗ ਪਏ। ਇਸ ਸਬੰਧੀ ਤਹਿਸੀਲਦਾਰ ਸੁਰਿੰਦਰਪਾਲ ਸਿੰਘ ਪੰਨੂ ਨੇ ਕਿਹਾ ਕਿ ਪਿੰਡ ਬਾਲੀਆਂ ਵਿਚ ਮੀਂਹ ਦੇ ਪਾਣੀ ਕਾਰਨ ਝਗੜਾ ਹੋਣ 'ਤੇ ਉਨ੍ਹਾਂ ਨੂੰ ਉਥੇ ਜਾਣਾ ਪੈ ਗਿਆ।

# ਸ਼੍ਰੋਮਣੀ ਪੁਰਸਕਾਰ ਮੁੜ ਸ਼ੁਰੂ ਕਰਵਾਉਣਾ ਜ਼.ਫਰ ਲਈ ਹੋਵੇਗੀ ਵੱਡੀ ਚੁਣੌਤੀ

**ਪਟਿਆਲਾ, 2 ਜੁਲਾਈ -ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਦੇ ਨਵ-ਨਿਯੁਕਤ ਨਿਰਦੇਸ਼ਕ ਜਸਵੰਤ ਸਿੰਘ ਜ਼ਫ਼ਰ ਅੱਗੇ ਕਈ ਚੁਣੌਤੀਆਂ ਖੜ੍ਹੀਆਂ ਹਨ। ਭਾਵੇਂ ਕਿ ਜਸਵੰਤ ਜ਼ਫ਼ਰ ਨੇ ਕਿਹਾ ਹੈ ਕਿ ਉਹ ਹਰ ਚੁਣੌਤੀ ਨੂੰ ਬੜੇ ਸਹਿਜੇ ਹੀ ਸਵੀਕਾਰ ਕਰ ਕੇ ਉਸ ਦਾ ਹੱਲ ਕਰਨ ਦੇ ਆਦੀ ਹਨ। ਜ਼ਫ਼ਰ ਲਈ ਸਭ ਤੋਂ ਵੱਡੀ ਚੁਣੌਤੀ ਪਿਛਲੇ ਦਸ ਸਾਲ ਤੋਂ ਬੰਦ ਪਏ ਸ਼ ?ਰੋਮਣੀ ਪੁਰਸਕਾਰਾਂ ਨੂੰ ਮੁੜ ਸ਼ੁਰੂ ਕਰਨਾ ਹੋਵੇਗਾ। ਸਾਲ 2016 ਤੋਂ ਲੈ ਕੇ 2020 ਤੱਕ ਦੇ ਪੁਰਸਕਾਰ ਤਾਂ ਅਦਾਲਤ ਦੀਆਂ ਫਾਈਲਾਂ ਵਿੱਚ ਬੰਨ੍ਹੇ ਹੋਏ ਹਨ ਜਦ ਕਿ ਉਸ ਤੋਂ ਬਾਅਦ ਦੇ ਪੁਰਸਕਾਰ ਦੇਣ ਦਾ ਕੋਈ ਰਾਹ ਨਹੀਂ ਕੱਢਿਆ ਜਾ ਸਕਿਆ। ਇਨ੍ਹਾਂ ਸਾਲਾਂ ਦੌਰਾਨ ਜਿਨ੍ਹਾਂ ਲੇਖਕਾਂ ਨੂੰ ਪੁਰਸਕਾਰ ਐਲਾਨ ਹੋਏ ਸਨ, ਉਨ੍ਹਾਂ ਵਿੱਚੋਂ ਕੁਝ ਤਾਂ ਸਨਮਾਨ ਦੀ ਉਡੀਕ ਵਿੱਚ ਦੁਨੀਆਂ ਤੋਂ ਵਿਦਾ ਵੀ ਹੋ ਗਏ ਹਨ ਤੇ ਕੁਝ ਕਾਫ਼ੀ ਬਿਰਧ ਹਨ।

ਇਸੇ ਤਰ੍ਹਾਂ ਰਾਜ ਭਾਸ਼ਾ ਐਕਟ ਪੂਰੀ ਤਰ੍ਹਾਂ ਲਾਗੂ ਕਰਾਉਣਾ ਵੱਡੀ ਚੁਣੌਤੀ ਹੈ। ਦੇਰ ਤੋਂ ਚਲੀ ਆ ਰਹੀ ਇਸ ਮੰਗ ਲਈ 'ਭਾਸ਼ਾ ਪ੍ਰਯੋਗਸ਼ਾਲਾ' ਸ਼ੁਰੂ ਕਰ ਕੇ ਭਾਸ਼ਾ 'ਤੇ ਖੋਜ ਭਰਪੂਰ ਕੰਮ ਹੋਣੇ ਵੀ ਲਾਜ਼ਮੀ ਹਨ, ਕਿਉਂਕਿ ਵਿਦਵਾਨਾਂ ਅਨੁਸਾਰ ਭਾਸ਼ਾ ਆਪਣੇ ਸਰੂਪ ਬਦਲ ਰਹੀ ਹੈ। ਵਿਭਾਗ ਵਿੱਚ ਸੈਂਕੜੇ ਅਣਛਪੇ ਖਰੜੇ ਪਏ ਹਨ, ਕਲਾਸੀਕਲ ਲਿਟਰੇਚਰ ਦੁਬਾਰਾ ਛਪਾਉਣਾ ਵੀ ਇਕ ਚੁਣੌਤੀ ਹੈ। ਵਿਭਾਗ ਦੇ ਰਸਾਲੇ ਜਨ ਸਾਹਿਤ, ਪੰਜਾਬੀ ਦੁਨੀਆ, ਪਰਵਾਜ਼-ਏ-ਅਦਬ (ਉਰਦੂ) ਤੇ ਪੰਜਾਬ ਸੌਰਭ (ਹਿੰਦੀ) ਵੀ ਸਮੇਂ ਅਨੁਸਾਰ ਸਟਾਲਾਂ 'ਤੇ ਪਹੁੰਚਦੇ ਕਰਨੇ ਜ਼ਰੂਰੀ ਹਨ, ਜਿਸ ਦੀਆਂ ਕੀਮਤਾਂ ਵੀ ਆਮ ਲੋਕਾਂ ਦੇ ਵੱਸ ਦੀਆਂ ਹੋਣ। 'ਆਰਟੀਫੀਸ਼ੀਅਲ ਇੰਟੈਲੀਜੈਂਸ' ਦੇ ਦੌਰ 'ਚ ਭਾਸ਼ਾ ਵਿਭਾਗ ਨੂੰ ਦੁਨੀਆ ਦੇ ਮੇਚ ਦੀ ਕਰਨਾ ਵੀ ਇਕ ਚੁਣੌਤੀ ਹੈ। ਖੋਜ ਸਹਾਇਕਾਂ ਦੀ ਕਮੀ ਕਰ ਕੇ ਵਿਭਾਗ ਦੇ ਕਈ ਕੰਮ ਰੁਕ ਰਹੇ ਹਨ। ਇਸੇ ਤਰ੍ਹਾਂ ਭਾਸ਼ਾਈ ਤੇ ਸੱਭਿਆਚਾਰ ਦਾ ਸਰਵੇਖਣ ਹੋਣਾ ਵੀ ਲਾਜ਼ਮੀ ਹੈ, ਜੋ ਕਿ ਪਿਛਲੇ ਸਮੇਂ ਤੋਂ ਨਹੀਂ ਕੀਤਾ ਗਿਆ। ਬਹੁਤ ਸਾਰੇ ਸ਼ਬਦ ਅਜੋਕੇ ਸਮੇਂ ਨੇ ਖਾ ਲਏ। ਜਸਵੰਤ ਜ਼ਫ਼ਰ ਸਾਹਮਣੇ ਅਗਲੀ ਵੱਡੀ ਚੁਣੌਤੀ ਭਾਸ਼ਾ ਵਿਭਾਗ ਵੱਲੋਂ ਲੇਖਕਾਂ ਦੇ ਰਹਿਣ ਲਈ ਬਣਾਇਆ 'ਸਾਹਿਤ ਸਦਨ' ਐੱਨਸੀਸੀ ਦੇ ਕਬਜ਼ੇ 'ਚੋਂ ਛੁਡਵਾਉਣਾ ਹੋਵੇਗੀ। ਪਿਛਲੇ ਸਮੇਂ ਦੌਰਾਨ ਭਾਸ਼ਾ ਵਿਭਾਗ ਸਿਰਫ਼ ਕਵੀ ਦਰਬਾਰ ਜਾਂ ਗੋਸ਼ਟੀਆਂ ਵਿੱਚ ਹੀ ਸਮਾਂ ਗੁਜ਼ਾਰ ਰਿਹਾ ਹੈ, ਜਦ ਕਿ ਇਹ ਤਾਂ ਇਸ ਦਾ ਦੂਜੀ ਕਤਾਰ ਵਿੱਚ ਰਹਿਣ ਵਾਲਾ ਕੰਮ ਹੁੰਦਾ ਹੈ। ਉੱਘੇ ਲੇਖਕ ਕਿਰਪਾਲ ਕਜ਼ਾਕ ਨੇ ਕਿਹਾ ਕਿ ਭਾਸ਼ਾ ਵਿਭਾਗ ਦਾ ਕੋਸ਼ ਲਾਜਵਾਬ ਹੈ ਪਰ ਉਸ ਦੇ ਬਹੁਤ ਸਾਰੇ ਸ਼ਬਦ ਸਮੇਂ ਦੇ ਹਾਣ ਤੋਂ ਵਾਂਝੇ ਰਹਿ ਗਏ ਹਨ, ਜਿਸ 'ਤੇ ਲਗਾਤਾਰ ਕੰਮ ਹੋਣਾ ਚਾਹੀਦਾ ਹੈ।

# ਚੌਥਾ ਦਰਜਾ ਕਾਮਿਆਂ ਵੱਲੋਂ ਸਿੱਖਿਆ ਵਿਭਾਗ ਖ਼ਿਲਾਫ਼ ਪ੍ਰਦਰਸ਼ਨ



**ਪਟਿਆਲਾ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ ਅਧੀਨ ਆਉਂਦੇ ਸਕੂਲਾਂ ਦੇ ਚੌਥਾ ਦਰਜਾ ਮੁਲਾਜ਼ਮਾਂ ਨੇ ਅੱਜ ਆਪਣੀਆਂ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕੀਤਾ। ਜ਼ਿਕਰਯੋਗ ਹੈ ਕਿ ਸੂਬੇ ਦੇ ਤਕਰੀਬਨ 8200 ਸਕੂਲਾਂ ਵਿੱਚ 'ਆਪ' ਸਰਕਾਰ ਵੱਲੋਂ 8 ਅਗਸਤ 2023 ਨੂੰ ਆਦੇਸ਼ ਜਾਰੀ ਕਰ ਕੇ ਸਫ਼ਾਈ ਸੇਵਕਾਂ ਦੀ ਭਰਤੀ 3000 ਰੁਪਏ ਪ੍ਰਤੀ ਮਹੀਨਾ ਤੇ ਚੌਕੀਦਾਰ ਦੀ ਭਰਤੀ 5000 ਰੁਪਏ ਪ੍ਰਤੀ ਮਹੀਨਾ ਕੀਤੀ ਗਈ ਹੈ ਜਿਸ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ। ਆਗੂਆਂ ਕਿਹਾ ਕਿ ਚੌਥਾ ਦਰਜਾ ਕਾਮਿਆਂ ਨੂੰ ਨਿਗੂਣੀਆਂ ਤਨਖਾਹਾਂ ਦੇ ਕੇ ਸਰਕਾਰ ਉਨ੍ਹਾਂ ਨਾਲ ਧੱਕਾ ਕਰ ਰਹੀ ਹੈ। ਇਸ ਤੋਂ ਇਲਾਵਾ ਸਰਕਾਰ ਰੈਗੂਲਰ ਭਰਤੀ ਕਰਨ ਤੋਂ ਵੀ ਟਾਲਾ ਵੱਟ ਰਹੀ ਹੈ। ਇਸ ਤਰ੍ਹਾਂ ਪਾਰਟ ਟਾਈਮ ਕਰਮੀ ਜੋ ਪਿਛਲੇ 20-25 ਸਾਲਾਂ ਤੋਂ ਲਗਾਤਾਰ ਕੰਮ ਕਰ ਰਹੇ ਹਨ, ਦੀਆਂ ਸੇਵਾਵਾਂ ਨਿਯਮਿਤ ਨਹੀਂ ਕੀਤੀਆਂ ਜਾ ਰਹੀਆਂ ਅਤੇ ਸਕੂਲ ਵਿੱਚ ਲੰਬੇ ਸਮੇਂ ਤੋਂ ਮਿਡ-ਡੇਅ ਮੀਲ ਹੈਲਪਰ ਅਤੇ ਕੁੱਕ ਨਿਗੂਣੀਆਂ ਤਨਖ਼ਾਹਾਂ 'ਤੇ ਕੰਮ ਕਰ ਰਹੇ ਹਨ। ਇਸ ਮੌਕੇ ਮੰਗ ਕੀਤੀ ਗਈ ਕਿ ਉਨ੍ਹਾਂ ਦੀ ਉਜਰਤ ਵਿੱਚ ਵਾਧਾ ਕੀਤਾ ਜਾਵੇ। ਕਰਮਚਾਰੀਆਂ ਨੂੰ ਸਮੇਂ-ਸਮੇਂ ਸਿਰ ਵਰਦੀਆਂ ਦਿੱਤੀਆਂ ਜਾਣ, ਘੱਟੋ-ਘੱਟ 5 ਲੱਖ ਦਾ ਬੀਮਾ ਕੀਤਾ ਜਾਵੇ। ਇਸ ਮੌਕੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ,ਸਕੂਲ ਸਿੱਖਿਆ ਦੇ ਪ੍ਰਧਾਨ ਰਾਮ ਪ੍ਰਸਾਦ ਸਹੋਤਾ, ਤਰਸੇਮ ਲਾਲ, ਸੋਨੂੰ ਪਾਲ, ਵਰਿੰਦਰ ਕੁਮਾਰ, ਹਰਪਾਲ ਕੌਰ, ਹਰਜੀਤ ਕੌਰ ਤੇ ਜੱਗਾ ਸਿੰਘ ਆਦਿ ਸ਼ਾਮਲ ਸਨ।

# ਸਮੇਂ ਸਿਰ ਤਨਖਾਹ ਨਾ ਮਿਲਣ 'ਤੇ ਸਫ਼ਾਈ ਸੇਵਕ ਖ਼ਫ਼ਾ

**ਸੰਗਰੂਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮੇਂ ਸਿਰ ਤਨਖਾਹ ਨਾ ਮਿਲਣ ਤੋਂ ਖ਼ਫ਼ਾ ਸ਼ਹਿਰ ਦੇ ਸਫ਼ਾਈ ਸੇਵਕਾਂ ਵੱਲੋਂ ਸਫ਼ਾਈ ਸੇਵਕ ਯੂਨੀਅਨ ਦੀ ਅਗਵਾਈ ਹੇਠ ਸਥਾਨਕ ਨਗਰ ਕੌਂਸਲ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ ਅਤੇ ਨਾਅਰੇਬਾਜ਼ੀ ਕੀਤੀ ਗਈ। ਸਫ਼ਾਈ ਸੇਵਕਾਂ ਨੇ ਦੋਸ਼ ਲਾਇਆ ਕਿ ਹਰ ਮਹੀਨੇ ਤਨਖਾਹ ਸਮੇਂ ਸਿਰ ਨਹੀਂ ਦਿੱਤੀ ਜਾਂਦੀ ਅਤੇ ਹੁਣ ਵੀ ਦੋ ਮਹੀਨਿਆਂ ਤੋਂ ਤਨਖਾਹ ਨਸੀਬ ਨਹੀਂ ਹੋਈ। ਧਰਨਾਕਰੀਆਂ ਨੇ ਐਲਾਨ ਕੀਤਾ ਕਿ ਜੇਕਰ ਹਰ ਮਹੀਨੇ ਦੀ 7 ਤਰੀਕ ਨੂੰ ਤਨਖਾਹ ਨਹੀਂ ਮਿਲਿਆ ਕਰੇਗੀ ਤਾਂ ਸਫ਼ਾਈ ਸੇਵਕ 10 ਤਾਰੀਖ ਤੋਂ ਹੜਤਾਲ 'ਤੇ ਚਲੇ ਜਾਇਆ ਕਰਨਗੇ। ਧਰਨੇ ਨੂੰ ਸੰਬੋਧਨ ਕਰਦਿਆਂ ਸਫ਼ਾਈ ਸੇਵਕ ਯੂਨੀਅਨ ਦੇ ਸੀਨੀਅਰ ਚੇਅਰਮੈਨ ਭਾਰਤ ਬੇਦੀ, ਮੀਤ ਪ੍ਰਧਾਨ ਰਮੇਸ਼ ਬਾਗੜੀ, ਜਨਰਲ ਸਕੱਤਰ ਰਮੇਸ ਝੰਝੋਟ, ਚੇਅਰਮੈਨ ਊਸ਼ਾ ਦੇਵੀ ਅਤੇ ਸਲਾਹਕਾਰ ਸੁਰੇਸ ਬਾਂਦੜ ਨੇ ਕਿਹਾ ਕਿ ਸਮੇਂ ਸਿਰ ਤਨਖਾਹ ਨਾ ਮਿਲਣ ਕਾਰਨ ਸਫ਼ਾਈ ਸੇਵਕਾਂ ਨੂੰ ਕਈ ਆਰਥਿਕ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਮਕਾਨ ਬਣਾਉਣ, ਬੱਚਿਆਂ ਦੀ ਸ਼ਾਦੀ ਕਰਨ ਅਤੇ ਬੱਚਿਆਂ ਦੀ ਪੜ੍ਹਾਈ ਵਾਸਤੇ ਸਫ਼ਾਈ ਸੇਵਕਾਂ ਨੇ ਬੈਂਕਾਂ ਤੋਂ ਕਰਜ਼ੇ ਲਏ ਹੋਏ ਹਨ ਜਿਸ ਦੀ ਕਿਸ਼ਤ 10 ਤਾਰੀਖ ਤੱਕ ਜਮ ?ਹਾਂ ਕਰਾਉਣੀ ਹੁੰਦੀ ਹੈ ਜਿਸ ਤੋਂ ਬਾਅਦ ਦੁੱਗਣਾ ਵਿਆਜ ਅਦਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ 7 ਤਾਰੀਖ ਨੂੰ ਤਨਖਾਹ ਨਾ ਮਿਲਣ ਕਾਰਨ ਭਾਰੀ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲਦ ਦੋ ਮਹੀਨਿਆਂ ਦੀ ਤਨਖਾਹ ਜਾਰੀ ਨਾ ਕੀਤੀ ਅਤੇ ਹਰ ਮਹੀਨੇ ਦੀ 7 ਤਾਰੀਖ ਨੂੰ ਤਨਖਾਹ ਅਦਾ ਨਾ ਕੀਤੀ ਤਾਂ ਹਰ ਮਹੀਨੇ ਦੀ 10 ਤਾਰੀਖ ਨੂੰ ਸਫ਼ਾਈ ਸੇਵਕ ਹੜਤਾਲ ਸ਼ੁਰੂ ਕਰ ਦਿਆ ਕਰਨਗੇ।

# ਬਲਦੇਵ ਸਿੰਘ ਵਡਾਲਾ ਨੇ ਰਾਜਨੀਤੀ 'ਚ ਰੱਖਿਆ ਕਦਮ



**ਚੰਡੀਗੜ੍ਹ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਤੇ ਪੰਥਕ ਆਗੂ ਜਥੇਦਾਰ ਭਾਈ ਬਲਦੇਵ ਸਿੰਘ ਵਡਾਲਾ ਨੇ ਰਾਜਨੀਤਕ ਦਲ 'ਸ਼ੇਰ-ਏ-ਪੰਜਾਬ ਦਲ' ਦੇ ਗਠਨ ਦਾ ਐਲਾਨ ਕੀਤਾ ਹੈ। ਅੱਜ ਇੱਥੇ ਚੰਡੀਗੜ੍ਹ ਪ੍ਰੈੱਸ ਕਲੱਬ ਵਿੱਚ ਕਾਨਫਰੰਸ ਦੌਰਾਨ ਭਾਈ ਵਡਾਲਾ ਨੇ ਪਾਰਟੀ ਗਠਨ ਕਰਨ ਦੇ ਮੂਲ ਕਾਰਨਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਦੀ ਰਾਜਨੀਤੀ ਵਿੱਚ ਪੰਜਾਬ ਅਤੇ ਪੰਥ ਦੇ ਹਿੱਤਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਗਿਆ ਹੈ, ਚਾਹੇ ਉਹ ਕਾਂਗਰਸ ਸਰਕਾਰ ਹੋਵੇ, ਅਕਾਲੀ-ਬੀਜੇਪੀ ਹੋਵੇ ਜਾਂ ਹੁਣ ਆਮ ਆਦਮੀ ਪਾਰਟੀ, ਜਾਂ ਇਨ੍ਹਾਂ ਵਿੱਚੋਂ ਦਲ-ਬਦਲੂ ਨੇਤਾ ਹੋਣ। ਉਨ੍ਹਾਂ ਕਿਹਾ ਕਿ ਪੰਜਾਬ ਦੀ ਖੇਤਰੀ ਪਾਰਟੀ ਹੋਣ ਦਾ ਦਾਅਵਾ ਕਰਨ ਵਾਲੇ ਸ਼ ?ਰੋਮਣੀ ਅਕਾਲੀ ਦਲ ਦਾ ਉਦੇਸ਼ ਵੀ ਸਿਰਫ ਪਰਿਵਾਰ ਲਈ ਸੱਤਾ ਹਾਸਲ ਕਰਨਾ ਹੀ ਰਹਿ ਗਿਆ ਹੈ, ਜਿਸ ਕਾਰਨ ਇਹ ਕਦੇ ਪੰਥਕ ਕਹਾਉਣ ਵਾਲਾ ਇਹ ਦਲ ਹਾਸ਼ੀਏ 'ਤੇ ਪਹੁੰਚ ਗਿਆ ਹੈ ਅਤੇ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਿਹਾ ਹੈ।

ਸ੍ਰੀ ਵਡਾਲਾ ਨੇ ਕਿਹਾ ਕਿ ਪੰਜਾਬ ਦੇ ਅਜਿਹੇ ਬਦਤਰ ਹਾਲਾਤ ਵਿੱਚ ਬੇਚੈਨ ਪੰਜਾਬ ਨੂੰ ਆਪਣੀ ਖੇਤਰੀ ਪਾਰਟੀ ਦੀ ਲੋੜ ਸੀ, ਇਸ ਲਈ ਇਹ ਆਵਾਜ਼ ਉਠਾਉਣੀ ਸਮੇਂ ਦੀ ਮੁੱਖ ਲੋੜ ਸੀ। ਉਨ੍ਹਾਂ ਆਖਿਆ ਕਿ ਸ਼ੇਰ-ਏ-ਪੰਜਾਬ ਦਲ ਮਨੁੱਖੀ ਅਧਿਕਾਰਾਂ, ਸਿੱਖ, ਹਿੰਦੂ, ਮੁਸਲਿਮ, ਇਸਾਈ ਭਾਈਚਾਰੇ ਦੀ ਏਕਤਾ, ਸਹਿਯੋਗ ਅਤੇ ਸਮਰਥਾ ਦੀ ਨਵੀਂ ਲਹਿਰ ਲਿਆਉਣ ਦਾ ਵਚਨਬੱਧ ਹੋਵੇਗਾ। ਉਨ੍ਹਾਂ ਪਾਰਟੀ ਦੇ ਉਦੇਸ਼ਾਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ 'ਸ਼ੇਰ-ਏ-ਪੰਜਾਬ ਦਲ' ਦਾ ਉਦੇਸ਼ ਪੰਜਾਬ ਵਿੱਚ ਨਸ਼ਾ, ਬੇਰੁਜ਼ਗਾਰੀ, ਕਰਜ਼ ਮੁਕਤੀ, ਪਾਣੀ ਦੇ ਹੱਕ ਅਤੇ ਬੰਦੀ ਸਿੱਖਾਂ ਦੀ ਬਿਨਾਂ ਸ਼ਰਤ ਤੁਰੰਤ ਰਿਹਾਈ, ਕਿਸਾਨਾਂ, ਪੱਤਰਕਾਰਾਂ ਅਤੇ ਬੁੱਧੀਜੀਵੀਆਂ ਖ਼ ?ਲਾਫ਼ ਗਲਤ ਕਾਨੂੰਨਾਂ ਨੂੰ ਖਤਮ ਕਰਨਾ, ਰਿਹਾਈ ਦੇ ਨਾਲ ਨਾਲ ਗੁਰਦੁਆਰਾ ਪ੍ਰਬੰਧਨ ਸੁਧਾਰ ਲਈ ਐੱਸਜੀਪੀਸੀ ਨੂੰ ਸਾਰੇ ਧੜਿਆਂ ਤੋਂ ਮੁਕਤ ਕਰਵਾ ਕੇ ਧਾਰਮਿਕ ਮੁੱਲਾਂ ਦੀ ਮੁੜ ਬਹਾਲੀ, ਬੇਅਦਬੀ ਮਾਮਲਿਆਂ ਅਤੇ ਗੁੰਮ ਹੋਏ 328 ਪਵਿੱਤਰ ਸਰੂਪਾਂ ਦੇ ਨਿਆਂ ਲਈ ਖਾਲਸਾ ਧਰਮ ਨਿਰਪੱਖ ਤੇ ਜਮਹੂਰੀ ਸਰਕਾਰ ਦੀ ਸਥਾਪਨਾ ਕਰਨਾ ਹੋਵੇਗਾ।

# ਕਰੰਟ ਲੱਗਣ ਕਾਰਨ ਕਿਸਾਨ ਦੀ ਮੌਤ

**ਸਮਾਣਾ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤ ਵਿੱਚ ਲੱਗੇ ਟਰਾਂਸਫਾਰਮਰ ਦਾ ਸਵਿੱਚ ਚੁੱਕਦੇ ਸਮੇਂ ਲੱਗੇ ਕਰੰਟ ਕਾਰਨ ਬਜ਼ੁਰਗ ਕਿਸਾਨ ਦੀ ਮੌਤ ਹੋ ਗਈ। ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਮਵੀਕਲਾਂ ਪੁਲੀਸ ਦੇ ਏਐੱਸਆਈ ਰਣਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਬਹਾਦਰ ਸਿੰਘ (72) ਦੇ ਪੁੱਤਰ ਮਨਜੀਤ ਸਿੰਘ ਨਿਵਾਸੀ ਪਿੰਡ ਕੋਟਲੀ ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ ਸ਼ੁੱਕਰਵਾਰ ਸਵੇਰੇ ਖੇਤ 'ਚ ਪਾਣੀ ਲਗਾਉਣ ਲਈ ਗਏ, ਉਸ ਦੇ ਪਿਤਾ ਟਰਾਂਸਫਾਰਮਰ ਦਾ ਸਵਿੱਚ ਚੁੱਕ ਰਹੇ ਸੀ ਕਿ ਕਰੰਟ ਦੀ ਲਪੇਟ ਵਿੱਚ ਆ ਗਏ ਅਤੇ ਮੌਕੇ 'ਤੇ ਮੌਤ ਹੋ ਗਈ। ਅਧਿਕਾਰੀ ਅਨੁਸਾਰ ਦਰਜ ਬਿਆਨਾ ਦੇ ਆਧਾਰ 'ਤੇ ਪੁਲੀਸ ਨੇ ਧਾਰਾ 174 ਤਹਿਤ ਕਾਰਵਾਈ ਕਰਦੇ ਹੋਏ ਪੋਸਟਮਾਰਟਮ ਉਪਰੰਤ ਮ੍ਰਿਤਕ ਦੀ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ।

# ਪਾਤੜਾਂ ਦੇ ਮਾਈ ਡੇਰੇ ਵਾਲੀ ਗਲੀ ਵਿੱਚ ਚੋਰਾਂ ਨੇ 2 ਦੁਕਾਨਾ ਨੂੰ ਆਪਣਾ ਨਿਸ਼ਾਨਾ ਬਣਾਇਆ

**ਪਾਤੜਾਂ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਿਰ ਵਿੱਚ ਚੋਰੀ ਅਤੇ ਲੁੱਟ ਖੋਆ ਦੀ ਵਾਰਦਾਤ ਦਿਨ ਪਰ ਦਿਨ ਵਾਧਾ ਹੋ ਰਿਹਾ ਹੈ ਬੀਤੀ ਰਾਤ ਸਹਿਰ ਪਾਤੜਾਂ ਦੇ ਮਾਈ ਡੇਰੇ ਵਾਲੀ ਗਲੀ ਵਿੱਚ ਚੋਰਾ ਨੇ 2 ਦੁਕਾਨਾ ਨੂੰ ਆਪਣਾ ਨਿਸ਼ਾਨਾ ਬਣਾਇਆ ਜਿਸ ਦੀ ਸੂਚਨਾ ਸਥਾਨਕ ਪੁਲਿਸ ਨੂੰ ਦੇ ਦਿੱਤੀ ਹੈ ਜਿਸਨੇ ਮੌਕੇ ਤੇ ਜਾਇਜਾ ਲਿਆ ਪ੍ਰਾਪਤ ਜਾਣਕਾਰੀ ਅਨੁਸਾਰ ਸਤੀਸ ਕੁਮਾਰ ਕੱਪੜੇ ਵਾਲਾ ਅਤੇ ਰਾਜ ਕੁਮਾਰ ਭੋਲਾ ਰੇਡੀਮੇਟ ਵਾਲਾ ਦੀਆ ਦੁਕਾਨਾ ਨੂੰ ਨਿਸ਼ਾਨਾ ਬਣਾਇਆ ਗਿਆ ਜਿਸ ਤੇ ਜਾਣਕਾਰੀ ਦਿੰਦਿਆ ਸਤੀਸ ਕੁਮਾਰ ਕੱਪੜੇ ਵਾਲੇ ਨੇ ਕਿਹਾ ਕਿ ਮੇਰੀ ਦੁਕਾਨ ਤੋ 15 ਹਜਾਰ ਰੁਪਏ ਦੀ ਨਗਦੀ ਅਤੇ ਕੁੱਝ ਕੱਪੜਾ ਚੋਰੀ ਹੋਇਆ ਅਤੇ ਰਾਜ ਕੁਮਾਰ ਭੋਲਾ ਜੀ ਨੇ ਕਿਹਾ ਕਿ ਮੈਨੂੰ ਤਕਰੀਬਨ ਸਵੇਰੇ 3 ਕੁ ਵਜੇ ਜਾਗ ਆਈ ਜਿਸ ਤੋ ਬਾਅਦ ਉਹਨਾ ਨੇ ਦੁਕਾਨ ਦੇ ਵਿੱਚ ਕੁੱਝ ਖੜਕਾ ਸੁਣਿਆ ਫਿਰ ਜਦੋ ਰੋਲਾ ਪਾਇਆ ਤਾਂ ਚੋਰ ਹਨੇਰੇ ਦਾ ਫਾਇਦਾ ਉਠਾ ਕੇ ਭੱਜ ਗਏ ਜਿਸ ਤੋ ਬਾਅਦ ਤੁਰੰਤ ਪੁਲਿਸ ਨੂੰ ਸੂਚਨਾ ਦਿੱਤੀ ਤਾਂ ਪੁਲਿਸ ਮੁਲਾਜਮਾ ਨੇ ਮੌਕੇ ਤੇ ਪਹੁੰਚ ਕੇ ਚੌਰੀ ਦਾ ਜਾਇਜਾ ਲਿਆ ਜਦੋ ਇਸ ਸਬੰਧੀ ਸਹਿਰੀ ਚੌਕੀ ਇੰਚਾਰਜ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਾਡੇ ਕੋਲ ਸਿਕਾਇਤ ਆ ਗਈ ਹੈ ਅਸੀ ਕੈਮਰੇ ਫੋਟੋਜ ਕਡਵਾ ਕੇ ਚੈਕ ਕਰ ਰਹੇ ਹਾਂ ਜਲਦੀ ਹੀ ਚੌਰਾ ਨੂੰ ਕਾਬੂ ਕਰ ਲਿਆ ਜਾਵੇਗਾ।

# ਅਕਾਲੀ ਦਲ (ਅ) ਵੱਲੋਂ ਸ਼ਰੋਮਣੀ ਕਮੇਟੀ ਚੋਣਾਂ ਕਰਵਾਉਣ ਦੀ ਮੰਗ



**ਅੰਮ੍ਰਿਤਸਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਕੇਂਦਰ ਸਰਕਾਰ ਕੋਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਮੰਗ ਕੀਤੀ ਹੈ। ਅੱਜ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ ਨੇ ਕਿਹਾ ਕਿ ਪਿਛਲੇ 13 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਹੀਂ ਕਰਵਾਈਆਂ ਗਈਆਂ। ਇਹ ਚੋਣ ਸਿੱਖ ਕੌਮ ਦਾ ਹੱਕ ਹੈ, ਜਿਸ ਤੋਂ ਉਨ੍ਹਾਂ ਨੂੰ ਵਾਂਝਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਸੰਸਦ ਮੈਂਬਰ ਕੰਗਨਾ ਰਣੌਤ ਦੇ ਪੰਜਾਬੀਆਂ ਨੂੰ ਥੱਪੜ ਮਾਰਨ ਦੇ ਬਿਆਨ ਅਤੇ ਦਰਬਾਰ ਸਾਹਿਬ ਵਿਖੇ ਯੋਗ ਕਰਨ ਆਈ ਮਹਿਲਾ 'ਤੇ ਵੀ ਤਿੱਖਾ ਪ੍ਰਤੀਕਰਮ ਦਿੱਤਾ ਹੈ।

ਇਸ ਮੌਕੇ ਈਮਾਨ ਸਿੰਘ ਮਾਨ ਨੇ ਸੂਬਾ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ 'ਆਪ' ਸਰਕਾਰ ਝੂਠ ਬੋਲ ਕੇ ਸੱਤਾ ਵਿੱਚ ਆਈ ਹੈ। ਇਸ ਮੌਕੇ ਬਾਬਾ ਲਹਿਣਾ ਸਿੰਘ ਨੇ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਉਸ ਨੂੰ ਸਹੁੰ ਨਾ ਚੁਕਵਾਉਣ ਦਾ ਮਾਮਲਾ ਸਮੁੱਚੀਆਂ ਪਾਰਟੀਆਂ ਨੂੰ ਇਕਜੁੱਟ ਹੋ ਕੇ ਉਭਾਰਨਾ ਚਾਹੀਦਾ ਹੈ।

# ਪਰਿਵਾਰ ਸਣੇ ਚੋਣ ਪ੍ਰਚਾਰ ਵਿੱਚ ਜੁਟੇ ਮੁੱਖ ਮੰਤਰੀ



**ਜਲੰਧਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਮਨੀ ਚੋਣ ਸਬੰਧੀ ਹਰ ਪਾਰਟੀ ਦੇ ਸਟਾਰ ਪ੍ਰਚਾਰਕ ਲੋਕਾਂ ਵਿੱਚ ਜਾ ਕੇ ਆਪੋ-ਆਪਣੀਆਂ ਪ੍ਰਾਪਤੀਆਂ ਗਿਣਵਾ ਕੇ ਵੋਟਾਂ ਮੰਗ ਰਹੇ ਹਨ। ਇਸੇ ਤਰ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਸਾਥੀਆਂ ਨਾਲ ਮਿਲ ਕੇ ਪੱਛਮੀ ਹਲਕੇ ਵਿੱਚ ਆਪਣੇ ਉਮੀਦਵਾਰ ਮਹਿੰਦਰ ਭਗਤ ਲਈ ਚੋਣ ਪ੍ਰਚਾਰ 'ਚ ਜੁਟੇ ਹੋਏ ਹਨ। ਅੱਜ ਮੁੱਖ ਮੰਤਰੀ ਨੇ ਆਪਣੀ ਪਤਨੀ ਡਾ. ਗੁਰਪ੍ਰੀਤ ਕੌਰ ਨਾਲ ਡੇਰਾ ਸੱਚਖੰਡ ਬੱਲਾਂ ਵਿਖੇ ਮੱਥਾ ਟੇਕਿਆ ਤੇ ਸੰਤ ਨਿਰੰਜਨ ਦਾਸ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸੇ ਦੌਰਾਨ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਅਤੇ ਭਗਵਾਨ ਵਾਲਮੀਕਿ ਸਭਾ ਬਸਤੀਆਂ ਦੇ ਕਈ ਮੈਂਬਰ ਤੇ ਅਹੁਦੇਦਾਰ 'ਆਪ' ਵਿੱਚ ਸ਼ਾਮਲ ਹੋ ਗਏ। ਜਲੰਧਰ ਉੱਤਰੀ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਸੁਭਾਸ਼ ਸੋਂਧੀ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।

'ਆਪ' 'ਚ ਸ਼ਾਮਲ ਹੋਏ ਸੁਭਾਸ਼ ਸੋਂਧੀ ਤੇ ਉਨ੍ਹਾਂ ਦੇ ਸਾਥੀਆਂ ਦਾ ਸਵਾਗਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ। -ਫੋਟੋਆਂ: ਪੰਜਾਬੀ ਟ੍ਰਿਬਿਊਨ

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਸਮੀ ਤੌਰ 'ਤੇ ਸਾਰੇ ਆਗੂਆਂ ਨੂੰ ਪਾਰਟੀ 'ਚ ਸ਼ਾਮਲ ਕਰ ਕੇ ਉਨ੍ਹਾਂ ਦਾ ਸਵਾਗਤ ਕੀਤਾ। ਭਗਵੰਤ ਮਾਨ ਨੇ ਕਿਹਾ, "ਜਲੰਧਰ ਵਿੱਚ ਆਮ ਆਦਮੀ ਪਾਰਟੀ ਬਹੁਤ ਮਜ਼ਬੂਤ ਹੈ। ਸਾਡੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲੋਕ ਲਗਾਤਾਰ 'ਆਪ' ਨਾਲ ਜੁੜ ਰਹੇ ਹਨ ਅਤੇ ਸਾਡੀ ਹਮਾਇਤ ਕਰ ਰਹੇ ਹਨ। ਜ਼ਿਮਨੀ ਚੋਣ ਵਿੱਚ 'ਆਪ' ਉਮੀਦਵਾਰ ਮੋਹਿੰਦਰ ਭਗਤ ਨੂੰ ਹਰ ਵਰਗ ਦੀ ਹਮਾਇਤ ਮਿਲ ਰਹੀ ਹੈ, ਕਿਉਂਕਿ ਸਾਡਾ ਉਮੀਦਵਾਰ ਬਹੁਤ ਪੜ੍ਹਿ ਆ-ਲਿਖਿਆ, ਯੋਗ ਅਤੇ ਇਮਾਨਦਾਰ ਹੈ। ਉਨ੍ਹਾਂ ਦੀਆਂ ਦੋ ਪੀੜ੍ਹੀਆਂ ਨੇ ਜਲੰਧਰ ਦੇ ਲੋਕਾਂ ਦੀ ਸੇਵਾ ਕੀਤੀ ਹੈ।

ਮੈਨੂੰ ਭਰੋਸਾ ਹੈ ਕਿ ਸਾਡੇ ਉਮੀਦਵਾਰ ਇਹ ਚੋਣ ਵੱਡੇ ਫਰਕ ਨਾਲ ਜਿੱਤਣਗੇ।" 'ਆਪ' ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਸ਼ਬਨਮ ਚੌਹਾਨ, ਪੂਜਾ ਸਿੱਧੂ, ਉਮੇਸ਼ ਕੁਮਾਰ, ਰਾਜੇਸ਼ ਕੁਮਾਰ, ਮਾਨ ਸਿਮਰਨ ਸਿੰਘ ਦੇ ਨਾਂ ਵੀ ਸ਼ਾਮਲ ਹਨ।

# ਸ਼ਰੋਮਣੀ ਅਕਾਲੀ ਦਲ ਆਪਣੇ ਸਿਧਾਂਤਾਂ 'ਤੇ ਖਰਾ ਨਹੀਂ ਉਤਰਿਆ: ਵਡਾਲਾ



**ਜਲੰਧਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ ?ਰੋਮਣੀ ਅਕਾਲੀ ਦਲ ਵਿੱਚ ਚੱਲ ਰਿਹਾ ਕਲੇਸ਼ ਮੁੱਕਦਾ ਨਜ਼ਰ ਨਹੀਂ ਆ ਰਿਹਾ। ਸੁਖਬੀਰ ਸਿੰਘ ਬਾਦਲ ਵੱਲੋਂ ਜ਼ਿਮਨੀ ਚੋਣ ਵਿੱਚ ਬਸਪਾ ਦੀ ਹਮਾਇਤ ਦੇ ਕੀਤੇ ਐਲਾਨ ਤੋਂ ਬਾਅਦ ਅੱਜ ਅਕਾਲੀ ਆਗੂ ਬੀਬੀ ਜਗੀਰ ਕੌਰ ਅਤੇ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਪਾਰਟੀ ਪ੍ਰਧਾਨ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਸ੍ਰੀ ਵਡਾਲਾ ਨੇ ਕਿਹਾ, "ਅੱਜ ਸਾਡੀ ਪਾਰਟੀ ਆਪਣੇ ਸਿਧਾਂਤਾਂ 'ਤੇ ਖਰੀ ਨਹੀਂ ਉਤਰ ਸਕੀ। ਬਾਦਲ ਦੀ ਅਗਵਾਈ ਹੇਠ ਦਲ ਨੂੰ ਬਹੁਤ ਨੁਕਸਾਨ ਹੋਇਆ ਹੈ। ਅਜਿਹੇ 'ਚ ਪਾਰਟੀ ਵਿੱਚ ਬਦਲਾਅ ਦੀ ਬਹੁਤ ਲੋੜ ਹੈ।" ਉਨ੍ਹਾਂ ਕਿਹਾ ਕਿ ਪਾਰਟੀ ਨੇ ਉਮੀਦਵਾਰ ਐਲਾਨਣ ਤੋਂ ਦੋ ਦਿਨ ਪਹਿਲਾਂ ਪਾਰਟੀ ਦਾ ਲੋਗੋ ਚੰਡੀਗੜ੍ਹ ਤੋਂ ਮੰਗਵਾਇਆ ਸੀ। ਅਜਿਹਾ ਨਹੀਂ ਹੈ ਕਿ ਪਾਰਟੀ ਨੂੰ ਉਮੀਦਵਾਰ ਬਾਰੇ ਪਤਾ ਹੀ ਨਹੀਂ ਸੀ।

ਮੀਟਿੰਗਾਂ ਲਗਾਤਾਰ ਚੱਲ ਰਹੀਆਂ ਹਨ ਅਤੇ ਕਿਸੇ ਸਿੱਖ ਨੇ ਇਹ ਨਹੀਂ ਕਿਹਾ ਕਿ ਉਹ ਵੋਟ ਨਹੀਂ ਪਾਵੇਗਾ। ਸ੍ਰੀ ਵਡਾਲਾ ਨੇ ਅਕਾਲੀ ਦਲ ਦੀ ਉਮੀਦਵਾਰ ਸੁਰਜੀਤ ਕੌਰ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਹੈ। ਸਾਬਕਾ ਵਿਧਾਇਕ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਆਪਣੇ ਇੱਕ ਭਾਸ਼ਣ ਵਿੱਚ ਕਿਹਾ ਸੀ ਕਿ ਪਾਰਟੀ ਕਿਸੇ ਇੱਕ ਵਿਅਕਤੀ ਦੀ ਜਾਇਦਾਦ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇ ਪਾਰਟੀ ਮੁਖੀ ਦੀ ਇਹ ਰਾਇ ਹੈ ਤਾਂ ਉਨ੍ਹਾਂ ਨੂੰ ਪਾਰਟੀ ਛੱਡਣੀ ਚਾਹੀਦੀ ਹੈ। ਸ੍ਰੀ ਵਡਾਲਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਨੇ ਬਸਪਾ ਦੀ ਹਮਾਇਤ ਕਰ ਕੇ ਗਰੀਬ ਪਰਿਵਾਰ ਦਾ ਮਜ਼ਾਕ ਉਡਾਇਆ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਪਾਰਟੀ ਨੇ ਬੀਬੀ ਸੁਰਜੀਤ ਕੌਰ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਪੰਥ ਦੇ ਲੀਡਰਾਂ ਨੂੰ ਅਪੀਲ ਕਰਦੇ ਨੇ ਕਿ ਉਹ ਬੀਬੀ ਸੁਰਜੀਤ ਕੌਰ ਦਾ ਸਾਥ ਦੇ ਕੇ ਉਨ੍ਹਾਂ ਨੂੰ ਜਲੰਧਰ ਜ਼ਿਮਨੀ ਚੋਣ ਜਿਤਾਉਣ। ਬੀਬੀ ਜਗੀਰ ਕੌਰ ਨੇ ਕਿਹਾ ਕਿ ਉਹ ਬੀਬੀ ਸੁਰਜੀਤ ਕੌਰ ਦੇ ਨਾਲ ਹਨ ਅਤੇ ਤੱਕੜੀ ਨੂੰ ਵੋਟਾਂ ਜ਼ਰੂਰ ਪਵਾਉਣਗੇ।

# ਲੰਡਨ ਦੇ ਬਾਜ਼ਾਰਾਂ 'ਚ ਵਿਕੇਗੀ ਪਠਾਨਕੋਟ ਦੀ ਲੀਚੀ



**ਅੰਮ੍ਰਿਤਸਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਪੈਦਾ ਹੋਈ ਲੀਚੀ ਅੱਜ ਪਹਿਲੀ ਵਾਰ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਦੇਸ਼ ਤੋਂ ਬਾਹਰ ਲੰਡਨ ਦੀ ਮੰਡੀ ਵਿੱਚ ਭੇਜੀ ਗਈ ਹੈ। ਇਹ ਉਪਰਾਲਾ ਪੰਜਾਬ ਦੇ ਬਾਗਬਾਨੀ ਵਿਭਾਗ ਦੀ ਮਦਦ ਨਾਲ ਕੀਤਾ ਗਿਆ ਹੈ। ਪੰਜਾਬ ਦਾ ਇਹ ਫਲ ? ਲੰਡਨ ਵਿਚ ਪੰਜ ਗੁਣਾ ਵੱਧ ਮੁੱਲ 'ਤੇ ਵਿੱਕ ਰਿਹਾ ਹੈ। ਪਹਿਲੀ ਵਾਰ 10 ਕੁਇੰਟਲ ਲੀਚੀ ਦੀ ਖੇਪ ਭੇਜੀ ਗਈ ਹੈ। ਇਸ ਮੌਕੇ ਬਾਗਬਾਨੀ ਵਿਭਾਗ ਦੀ ਡਾਇਰੈਕਟਰ ਸ਼ੈਲਿੰਦਰ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਆਪਣੇ ਬਾਗਬਾਨਾਂ ਦੀ ਆਮਦਨ ਵਧਾਉਣ ਲਈ ਯਤਨਸ਼ੀਲ ਹੈ ਅਤੇ ਬਾਗਬਾਨੀ ਮੰਤਰੀ ਦੀ ਪਹਿਲਕਦਮੀ ਸਦਕਾ ਅੱਜ ਇਹ ਸੰਭਵ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪਠਾਨਕੋਟ ਜ਼ਿਲ੍ਹੇ ਦੇ ਪਿੰਡ ਮੁਰਾਦਪੁਰ ਵਾਸੀ ਅਤੇ ਅਗਾਂਹਵਧੂ ਬਾਗਬਾਨ ਰਾਕੇਸ਼ ਡਡਵਾਲ ਦੇ ਫਾਰਮ ਵਿੱਚ ਪੈਦਾ ਹੋਈ ਲੀਚੀ ਲੰਡਨ ਭੇਜੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਲੀਚੀ ਦੀ ਪੈਕਿੰਗ ਬਹੁਤ ਛੋਟੀ ਰੱਖੀ ਗਈ ਹੈ। ਅੱਜ ਪਹਿਲੀ ਖੇਪ ਵਿੱਚ ਸਿਰਫ ਡੇਢ-ਡੇਢ ਕਿਲੋ ਦੀਆਂ ਪੈਕਿੰਗਜ਼ ਹੀ ਲੰਡਨ ਭੇਜੀਆਂ ਗਈਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੱਧ ਤੋਂ ਵੱਧ ਲੀਚੀ ਦਾ ਮੰਡੀਕਰਨ ਵਿਦੇਸ਼ਾਂ ਦੀਆਂ ਮੰਡੀਆਂ 'ਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਠਾਨਕੋਟ ਵਿੱਚ ਲੀਚੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਲੀਚੀ ਸਟੇਟ ਕਾਇਮ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਪਿਛਲੇ ਹਫਤੇ ਹੀ ਸੁਜਾਨਪੁਰ ਲੀਚੀ ਅਸਟੇਟ ਵਿੱਚ ਬਾਗਬਾਨਾਂ ਨੂੰ ਪੰਜਾਬ ਦੇ ਇਸ ਫਲ ਨੂੰ ਦੇਸ਼ ਤੋਂ ਬਾਹਰ ਭੇਜਣ ਲਈ ਉਤਸ਼ਾਹਿਤ ਕੀਤਾ ਸੀ।

# ਬਰਸਾਤ ਦੇ ਪਹਿਲੇ ਮੀਂਹ ਨਾਲ ਸੁਆਂ ਨਦੀ ਦਾ ਆਰਜ਼ੀ ਪੁਲ ਰੁੜ੍ਹਿਆ

**ਨੂਰਪੁਰ ਬੇਦੀ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਬਰਸਾਤ ਦੇ ਪਹਿਲੇ ਮੀਂਹ ਕਾਰਨ ਬੀਤੀ ਰਾਤ ਕਲਵਾਂ ਮੋੜ ਤੋਂ ਨੰਗਲ ਜਾਣ ਵਾਲੀ ਮੇਨ ਸੜਕ 'ਤੇ ਐਲਗਰਾਂ ਨਜ਼ਦੀਕ ਸੁਆਂ ਨਦੀ 'ਤੇ ਬਣਾਇਆ ਆਰਜ਼ੀ ਪੁਲ ਰੁੜ੍ਹ ਦਿੱਤਾ। ਪੁਲ ਦੇ ਰੁੜ੍ਹਨ ਕਾਰਨ ਆਵਾਜਾਈ ਮੁਕੰਮਲ ਤੌਰ 'ਤੇ ਬੰਦ ਹੋ ਗਈ ਹੈ। ਨੰਗਲ ਤੇ ਹਿਮਾਚਲ ਪ੍ਰਦੇਸ਼ ਤੇ ਖੇਤਰਾਂ ਨੂੰ ਜਾਣ ਵਾਲੇ ਰਾਹਗੀਰ ਸ੍ਰੀ ਆਨੰਦਪੁਰ ਸਾਹਿਬ ਜਾਂ ਫਿਰ ਖੇੜਾ ਕਲਮੋਟ ਹੋ ਕੇ ਬਾਥੜੀ ਰਸਤੇ ਰਾਹੀਂ ਆਪਣਾ ਸਫਰ ਤੈਅ ਕਰਨਗੇ। ਇਸ ਪੁਲ ਦੇ ਟੁੱਟਣ ਨਾਲ ਕਾਲਜਾਂ ਅਤੇ ਆਈਟੀਆਈ ਸੰਸਥਾਵਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।

ਦੂਜੇ ਪਾਸੇ ਐਲਗਰਾਂ ਸੁਆਂ ਨਦੀ 'ਤੇ ਪਾਇਆ ਗਿਆ ਪੱਕਾ ਪੁਲ ਅਸੁਰੱਖਿਅਤ ਹੋਣ ਕਾਰਨ ਮੁਰੰਮਤ ਹੋਣ ਤੱਕ ਬੰਦ ਕਰ ਦਿੱਤਾ ਗਿਆ ਹੈ। ਪੀਡਬਲਯੂਡੀ ਵਿਭਾਗ ਦੇ ਜੇਈ ਬਲਵਿੰਦਰ ਨੇ ਦੱਸਿਆ ਕਿ ਨਦੀ ਵਿੱਚ ਜ਼ਿਆਦਾ ਪਾਣੀ ਆਉਣ ਕਾਰਨ ਪੁਲ ਦੇ ਪੰਜ ਪਿੱਲਰਾਂ ਨੂੰ ਨੁਕਸਾਨ ਪਹੁੰਚਿਆ ਸੀ, ਜਿਸ ਕਰ ਕੇ ਪੁਲ ਤੋਂ ਭਾਰੀ ਵਾਹਨ ਬੰਦ ਕੀਤੇ ਗਏ ਹਨ। ਲੋਕਾਂ ਵੱਲੋਂ ਆਪ ਉਦਮ ਨਾਲ ਇਸ ਦੇ ਨਜ਼ਦੀਕ ਨਦੀ 'ਤੇ ਆਰਜ਼ੀ ਪੁਲ ਬਣਾ ਕੇ ਆਵਾਜਾਈ ਬਹਾਲ ਕੀਤੀ ਗਈ ਸੀ। ਜਾਣਕਾਰੀ ਮੁਤਾਬਕ ਵਿਭਾਗ ਵੱਲੋਂ ਇਸ ਪੁਲ ਨੂੰ ਦਸੰਬਰ ਮਹੀਨੇ ਵਿੱਚ ਬੰਦ ਕੀਤਾ ਗਿਆ ਸੀ ਪਰ ਪੁਲ ਦੀ ਮੁਰੰਮਤ ਲਈ ਸਬੰਧਤ ਵਿਭਾਗ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਇਹ ਪੱਕਾ ਪੁਲ ਇਲਾਕੇ ਲਈ ਅਹਿਮ ਸਮਝਿਆ ਜਾਂਦਾ ਹੈ, ਜਿਸ ਦੇ ਬੰਦ ਹੋਣ ਨਾਲ ਕਾਫੀ ਮੁਸ਼ਕਲ ਪੇਸ਼ ਆ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇ ਇਸ ਪੁਲ ਦੀ ਮੁਰੰਮਤ ਨੂੰ ਲੈ ਕੇ ਸੰਘਰਸ਼ ਕਰਨਾ ਪਿਆ ਤਾਂ ਉਹ ਪਿੱਛੇ ਨਹੀਂ ਹਟਣਗੇ। ਸਮਾਜ ਸੇਵੀ ਅਤੇ ਕੌਮੀ ਮੋਰਚੇ ਦੇ ਕਨਵੀਨਰ ਗੌਰਵ ਰਾਣਾ ਦਾ ਕਹਿਣਾ ਹੈ ਕਿ ਇਹ ਪੁਲ ਨਾਜ਼ਾਇਜ਼ ਮਾਈਨਿੰਗ ਦੀ ਭੇਟ ਚੜ੍ਹਿ ਆ ਹੈ।

ਬਰਸਾਤ ਦੇ ਮੌਸਮ ਵਿੱਚ ਸੁਆਂ ਨਦੀ ਵਿੱਚ ਹਿਮਾਚਲ ਪ੍ਰਦੇਸ਼ ਤੇ ਖੇਤਰਾਂ ਵਿੱਚ ਜ਼ਿਆਦਾ ਪਾਣੀ ਆਉਣ ਨਾਲ ਸਤੰਬਰ ਤੱਕ ਆਵਾਜਾਈ ਬੰਦ ਰਹਿਣ ਦੀ ਸੰਭਾਵਨਾ ਹੈ। ਜੇ ਪੁਲ ਦੀ ਮੁਰੰਮਤ ਸ਼ੁਰੂ ਹੋ ਜਾਂਦੀ ਹੈ ਤਾਂ ਆਵਾਜਾਈ ਪਹਿਲਾਂ ਵਾਂਗ ਬਹਾਲ ਹੋ ਸਕਦੀ ਹੈ। ਸੂਤਰਾਂ ਮੁਤਾਬਕ ਇਸ ਪੁਲ ਦੀ ਮੁਰੰਮਤ ਲਈ ਅਜੇ ਤੱਕ ਕੋਈ ਬਜਟ ਨਹੀਂ ਆਇਆ ਹੈ, ਜਿਸ ਕਾਰਨ ਰਾਹਗੀਰਾਂ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ।

# ਅਦਾਲਤਾਂ 'ਚ ਪਹਿਲੀ ਨੂੰ ਕੰਮਕਾਰ ਠੱਪ ਕਰੇਗਾ ਵਕੀਲ ਭਾਈਚਾਰਾ

**ਮੁਹਾਲੀ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਐਸੋਸੀਏਸ਼ਨ ਆਫ਼ ਲਾਇਰਜ਼ ਨੇ ਕੇਂਦਰ ਸਰਕਾਰ ਵੱਲੋਂ ਪਹਿਲੀ ਜੁਲਾਈ ਤੋਂ ਦੇਸ਼ ਵਿੱਚ ਲਾਗੂ ਕੀਤੇ ਜਾਣ ਵਾਲੇ ਤਿੰਨ ਨਵੇਂ ਫ਼ੌਜਦਾਰੀ ਕਾਨੂੰਨ ਫੌਰੀ ਰੋਕਣ ਦੀ ਮੰਗ ਕੀਤੀ ਹੈ।

ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਪਾਲ ਸਿੰਘ ਦੱਪਰ ਅਤੇ ਸੂਬਾ ਕਾਰਜਕਾਰਨੀ ਮੈਂਬਰ ਐਡਵੋਕੇਟ ਦਰਸ਼ਨ ਸਿੰਘ ਧਾਲੀਵਾਲ ਨੇ ਦੱਸਿਆ ਕਿ ਉਕਤ ਕਾਨੂੰਨਾਂ 'ਤੇ ਰੋਕ ਲਗਾਉਣ ਸਬੰਧੀ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਕਾਨੂੰਨ ਮੰਤਰੀ ਨੂੰ ਮੰਗ ਪੱਤਰ ਭੇਜੇ ਗਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਣੇ ਚੰਡੀਗੜ੍ਹ ਅਤੇ ਹਰਿਆਣਾ ਦੀਆਂ ਸਮੂਹ ਬਾਰ ਐਸੋਸੀਏਸ਼ਨਾਂ ਨੂੰ ਪਹਿਲੀ ਜੁਲਾਈ ਨੂੰ ਅਦਾਲਤਾਂ ਦੇ ਕੰਮਕਾਜ ਬੰਦ ਕਰਨ ਦੀ ਅਪੀਲ ਕੀਤੀ ਗਈ ਹੈ।

ਜੇ ਕੇਂਦਰ ਵੱਲੋਂ ਇਹ ਕਾਨੂੰਨ ਲੋਕਾਂ 'ਤੇ ਜ਼ਬਰਦਸਤੀ ਥੋਪਣ ਦੀ ਕੋਸ਼ਿਸ਼ ਕੀਤੀ ਗਈ ਤਾਂ ਵਕੀਲ ਭਾਈਚਾਰਾ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਲਈ ਜਨ ਅੰਦੋਲਨ ਸ਼ੁਰੂ ਕਰੇਗਾ ਤੇ ਲੋੜ ਪੈਣ 'ਤੇ ਸੜਕਾਂ ਉਤੇ ਉਤਰਨ ਤੋਂ ਗੁਰੇਜ਼ ਨਹੀਂ ਕਰੇਗਾ।

# ਸ਼੍ਰੋਮਣੀ ਅਕਾਲੀ ਦਲ ਦੇ ਰੌਲੇ-ਰੱਪੇ 'ਚ ਮਜੀਠੀਆ ਖ਼ਾਮੋਸ਼..!



**ਚੰਡੀਗੜ੍ਹ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਰੋਮਣੀ ਅਕਾਲੀ ਦਲ 'ਚ ਉੱਠੀ ਬਗ਼ਾਵਤ ਅਤੇ ਅੰਦਰੂਨੀ ਕਲੇਸ਼ ਦਰਮਿਆਨ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਾਮੋਸ਼ ਹਨ। ਸਿਆਸੀ ਹਲਕਿਆਂ ਨੂੰ ਇਹ ਖ਼ਾਮੋਸ਼ੀ ਰੜਕ ਰਹੀ ਹੈ। ਖ਼ਾਸ ਕਰਕੇ ਉਦੋਂ ਇਸ ਦੇ ਮਾਅਨੇ ਹੋਰ ਡੂੰਘੇ ਹੋ ਜਾਂਦੇ ਹਨ ਜਦੋਂ ਮਜੀਠੀਆ ਆਪਣੇ ਨਜ਼ਦੀਕੀ ਰਿਸ਼ਤੇਦਾਰ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਬਣੇ ਸਿਆਸੀ ਸੰਕਟ ਮੌਕੇ ਚੁੱਪ ਧਾਰ ਲੈਂਦੇ ਹਨ। ਮਜੀਠੀਆ ਪੰਜਾਬ ਵਿਚ ਹਰ ਸਿਆਸੀ ਗਤੀਵਿਧੀ 'ਤੇ ਕਦੇ ਵੀ ਟਿੱਪਣੀ ਕਰਨ ਤੋਂ ਨਹੀਂ ਖੁੰਝੇ ਹਨ। ਅਕਾਲੀ ਦਲ ਵਿਚ ਛਿੜੇ ਅੰਦਰੂਨੀ ਕਲੇਸ਼ ਨੂੰ ਲੈ ਕੇ ਮਜੀਠੀਆ ਨੇ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਹੈ।

ਸ਼ਰੋਮਣੀ ਅਕਾਲੀ ਦਲ ਦੀਆਂ ਮੀਟਿੰਗਾਂ 'ਚੋਂ ਮਜੀਠੀਆ ਗ਼ੈਰਹਾਜ਼ਰ ਹਨ। ਪਹਿਲਾਂ ਉਹ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਨਹੀਂ ਆਏ ਅਤੇ ਫਿਰ ਬਾਕੀ ਮੀਟਿੰਗਾਂ 'ਚੋਂ ਵੀ ਗ਼ੈਰਹਾਜ਼ਰ ਹੋਏ ਹਨ। ਜਦੋਂ ਲੋਕ ਸਭਾ ਚੋਣਾਂ ਦਾ ਪ੍ਰਚਾਰ ਚੱਲ ਰਿਹਾ ਸੀ ਤਾਂ ਉਸ ਵਕਤ ਵੀ ਮਜੀਠੀਆ ਗ਼ਾਇਬ ਰਹੇ ਸਨ। ਮਜੀਠੀਆ ਨੇ ਚੋਣ ਪ੍ਰਚਾਰ ਦੇ ਮਾਮਲੇ ਵਿਚ ਖ਼ੁਦ ਨੂੰ ਅੰਮ੍ਰਿਤਸਰ ਅਤੇ ਬਠਿੰਡਾ ਸੰਸਦੀ ਹਲਕੇ ਤੱਕ ਸੀਮਤ ਕੀਤਾ ਹੋਇਆ ਸੀ। ਸੂਤਰਾਂ ਮੁਤਾਬਕ ਹਫ਼ਤਾ ਪਹਿਲਾਂ ਮਜੀਠੀਆ ਅੰਮ੍ਰਿਤਸਰ ਆਏ ਸਨ ਅਤੇ ਦੋ ਦਿਨਾਂ ਮਗਰੋਂ ਮੁੜ ਵਾਪਸ ਚਲੇ ਗਏ। ਕੋਈ ਆਖ ਰਿਹਾ ਹੈ ਕਿ ਮਜੀਠੀਆ ਆਪਣੇ ਪਰਿਵਾਰਕ ਰੁਝੇਵੇਂ ਵਿਚ ਹਨ। ਏਨਾ ਜ਼ਰੂਰ ਦੱਸਿਆ ਜਾ ਰਿਹਾ ਹੈ ਕਿ ਉਹ ਪੰਜਾਬ ਤੋਂ ਬਾਹਰ ਸਨ। ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਮਜੀਠੀਆ ਆਪਣੇ ਬੱਚੇ ਦੀ ਪੜ੍ਹਾਈ ਦੇ ਸਿਲਸਿਲੇ ਵਿਚ ਗਏ ਹੋਏ ਹਨ ਅਤੇ ਇਸ ਗ਼ੈਰਹਾਜ਼ਰੀ ਦੇ ਗ਼ਲਤ ਅਰਥ ਨਹੀਂ ਕੱਢੇ ਜਾਣੇ ਚਾਹੀਦੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਮਜੀਠੀਆ ਪਹਿਲਾਂ ਉੱਤਰ ਪ੍ਰਦੇਸ਼ ਗਏ ਹੋਏ ਸਨ ਅਤੇ ਹੁਣ ਵਾਪਸ ਆ ਗਏ ਹਨ। ਸਿਆਸੀ ਹਲਕਿਆਂ ਮੁਤਾਬਕ ਪਹਿਲਾਂ ਜਦੋਂ ਕੋਈ ਸਿਆਸੀ ਗਤੀਵਿਧੀ ਹੁੰਦੀ ਸੀ ਜਾਂ ਕੋਈ ਮੁੱਦਾ ਉੱਠਦਾ ਸੀ ਤਾਂ ਮਜੀਠੀਆ ਪੰਜਾਬ ਤੋਂ ਬਾਹਰ ਹੋਣ ਦੇ ਬਾਵਜੂਦ ਟਵੀਟ ਕਰ ਦਿੰਦੇ ਸਨ। ਉਨ੍ਹਾਂ ਦੀ ਖ਼ਾਮੋਸ਼ੀ ਨੂੰ ਲੈ ਕੇ ਹੁਣ 'ਜਿੰਨੇ ਮੂੰਹ, ਓਨੀਆਂ ਗੱਲਾਂ ' ਵਾਲੀ ਗੱਲ ਹੈ। ਸ਼ ?ਰੋਮਣੀ ਅਕਾਲੀ ਦਲ ਤੋਂ ਵੱਖ ਚੱਲ ਰਹੇ ਬਾਗ਼ੀ ਆਗੂਆਂ ਨੂੰ ਲੈ ਕੇ ਵੀ ਮਜੀਠੀਆ ਨੇ ਕਿਧਰੇ ਕੋਈ ਟਿੱਪਣੀ ਨਹੀਂ ਕੀਤੀ ਹੈ ਅਤੇ ਨਾ ਹੀ ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੀ ਪਾਰਟੀ ਵਿਚਲੀ ਅਗਵਾਈ ਨੂੰ ਲੈ ਕੇ ਆਪਣੀ ਹਮਾਇਤ ਜ਼ਾਹਰ ਕੀਤੀ ਹੈ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਵੀ ਅਨਜਾਣਤਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਅੰਦਰ ਏਨਾਅਤੇ ਫਿਰ ਬਾਕੀ ਮੀਟਿੰਗਾਂ 'ਚੋਂ ਵੀ ਗ਼ੈਰਹਾਜ਼ਰ ਹੋਏ ਹਨ। ਜਦੋਂ ਲੋਕ ਸਭਾ ਚੋਣਾਂ ਦਾ ਪ੍ਰਚਾਰ ਚੱਲ ਰਿਹਾ ਸੀ ਤਾਂ ਉਸ ਵਕਤ ਵੀ ਮਜੀਠੀਆ ਗ਼ਾਇਬ ਰਹੇ ਸਨ। ਮਜੀਠੀਆ ਨੇ ਚੋਣ ਪ੍ਰਚਾਰ ਦੇ ਮਾਮਲੇ ਵਿਚ ਖ਼ੁਦ ਨੂੰ ਅੰਮ੍ਰਿਤਸਰ ਅਤੇ ਬਠਿੰਡਾ ਸੰਸਦੀ ਹਲਕੇ ਤੱਕ ਸੀਮਤ ਕੀਤਾ ਹੋਇਆ ਸੀ। ਸੂਤਰਾਂ ਮੁਤਾਬਕ ਹਫ਼ਤਾ ਪਹਿਲਾਂ ਮਜੀਠੀਆ ਅੰਮ੍ਰਿਤਸਰ ਆਏ ਸਨ ਅਤੇ ਦੋ ਦਿਨਾਂ ਮਗਰੋਂ ਮੁੜ ਵਾਪਸ ਚਲੇ ਗਏ। ਕੋਈ ਆਖ ਰਿਹਾ ਹੈ ਕਿ ਮਜੀਠੀਆ ਆਪਣੇ ਪਰਿਵਾਰਕ ਰੁਝੇਵੇਂ ਵਿਚ ਹਨ। ਏਨਾ ਜ਼ਰੂਰ ਦੱਸਿਆ ਜਾ ਰਿਹਾ ਹੈ ਕਿ ਉਹ ਪੰਜਾਬ ਤੋਂ ਬਾਹਰ ਸਨ। ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਮਜੀਠੀਆ ਆਪਣੇ ਬੱਚੇ ਦੀ ਪੜ੍ਹਾਈ ਦੇ ਸਿਲਸਿਲੇ ਵਿਚ ਗਏ ਹੋਏ ਹਨ ਅਤੇ ਇਸ ਗ਼ੈਰਹਾਜ਼ਰੀ ਦੇ ਗ਼ਲਤ ਅਰਥ ਨਹੀਂ ਕੱਢੇ ਜਾਣੇ ਚਾਹੀਦੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਮਜੀਠੀਆ ਪਹਿਲਾਂ ਉੱਤਰ ਪ੍ਰਦੇਸ਼ ਗਏ ਹੋਏ ਸਨ ਅਤੇ ਹੁਣ ਵਾਪਸ ਆ ਗਏ ਹਨ। ਸਿਆਸੀ ਹਲਕਿਆਂ ਮੁਤਾਬਕ ਪਹਿਲਾਂ ਜਦੋਂ ਕੋਈ ਸਿਆਸੀ ਗਤੀਵਿਧੀ ਹੁੰਦੀ ਸੀ ਜਾਂ ਕੋਈ ਮੁੱਦਾ ਉੱਠਦਾ ਸੀ ਤਾਂ ਮਜੀਠੀਆ ਪੰਜਾਬ ਤੋਂ ਬਾਹਰ ਹੋਣ ਦੇ ਬਾਵਜੂਦ ਟਵੀਟ ਕਰ ਦਿੰਦੇ ਸਨ। ਉਨ੍ਹਾਂ ਦੀ ਖ਼ਾਮੋਸ਼ੀ ਨੂੰ ਲੈ ਕੇ ਹੁਣ 'ਜਿੰਨੇ ਮੂੰਹ, ਓਨੀਆਂ ਗੱਲਾਂ ' ਵਾਲੀ ਗੱਲ ਹੈ।

## ਸਾਹਨੀ ਵੱਲੋਂ ਭਾਰਤ ਤੇ ਸੀਆਈਐੱਸ ਦੇਸ਼ਾਂ ਵਿਚਾਲੇ ਜ਼ਮੀਨੀ ਰਾਹ ਖੋਲ੍ਹਣ ਦੀ ਵਕਾਲਤ

**ਨਵੀਂ ਦਿੱਲੀ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਖੇਤੀ ਵਪਾਰ ਨੂੰ ਵਧਾਉਣ ਲਈ ਭਾਰਤ ਅਤੇ ਕਾਮਨਵੈਲਥ ਆਫ ਇੰਡਿਪੈਂਡੈਂਟ ਸਟੇਟਜ਼ (ਸੀਆਈਐੱਸ) ਦੇਸ਼ਾਂ ਦਰਮਿਆਨ ਜ਼ਮੀਨੀ ਰਸਤੇ ਖੋਲ੍ਹਣ ਦੀ ਵਕਾਲਤ ਕੀਤੀ ਹੈ।

ਡਾ. ਸਾਹਨੀ ਮਾਸਕੋ ਵਿੱਚ ਖੁਰਾਕ ਸੁਰੱਖਿਆ ਅਤੇ ਟਿਕਾਊ ਖੇਤੀ ਵਿਕਾਸ ਬਾਰੇ ਬ੍ਰਿਕਸ ਰੂਸ ਕਾਨਫਰੰਸ ਵਿੱਚ ਬੋਲ ਰਹੇ ਸਨ। ਉਨ੍ਹਾਂ ਦੁਹਰਾਇਆ ਕਿ ਭਾਰਤ, ਅਫ਼ਗਾਨਿਸਤਾਨ ਅਤੇ ਵੱਖ-ਵੱਖ ਸੀਆਈਐੱਸ ਦੇਸ਼ਾਂ ਜਿਵੇਂ ਉਜ਼ਬੇਕਿਸਤਾਨ, ਕਜ਼ਾਕਿਸਤਾਨ ਆਦਿ ਦਰਮਿਆਨ ਵਪਾਰਕ ਮੌਕਿਆਂ ਦਾ ਲਾਭ ਉਠਾਉਣ ਲਈ ਜ਼ਮੀਨੀ ਮਾਰਗ ਨੂੰ ਖੋਲ੍ਹਣਾ ਲਾਜ਼ਮੀ ਹੈ। ਜ਼ਿਕਰਯੋਗ ਹੈ ਕਿ ਜ਼ਮੀਨੀ ਰਸਤਾ ਲਾਜ਼ਮੀ ਤੌਰ 'ਤੇ ਵਾਹਗਾ ਏਕੀਕ੍ਰਿਤ ਚੈੱਕ ਪੋਸਟ ਪਿਛਲੇ ਸਮੇਂ ਤੋਂ ਬੰਦ ਹੈ।

# ਨਸ਼ਾ ਤਸਕਰੀ: 9.2 ਕਿੱਲੋ ਹੈਰੋਇਨ ਸਣੇ ਤਿੰਨ ਕਾਬੂ

**ਅੰਮ੍ਰਿਤਸਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਪੁਲੀਸ ਨੇ ਸਰਹੱਦ ਪਾਰੋਂ ਚਲਾਏ ਜਾ ਰਹੇ ਨਸ਼ਾ ਤਸਕਰੀ ਦੇ ਦੋ ਵੱਖ-ਵੱਖ ਮਾਮਲਿਆਂ ਦਾ ਪਰਦਾਫਾਸ਼ ਕਰਦਿਆਂ ਤਿੰਨ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ਕੋਲੋਂ 9.2 ਕਿਲੋ ਹੈਰੋਇਨ ਬਰਾਮਦ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਠੋਸ ਸੂਚਨਾ ਦੇ ਆਧਾਰ 'ਤੇ ਏਡੀਸੀਪੀ ਸਿਟੀ-2 ਅਭਿਮਨਿਊ ਰਾਣਾ ਦੀ ਅਗਵਾਈ ਹੇਠ ਥਾਣਾ ਛੇਹਰਟਾ ਦੀਆਂ ਪੁਲੀਸ ਟੀਮਾਂ ਨੇ ਰਾਜਾਸਾਂਸੀ ਦੇ ਸ਼ਿਵਾ ਐਨਕਲੇਵ 'ਚੋਂ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ 8.2 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ।

ਮੁਲਜ਼ਮਾਂ ਦੀ ਪਛਾਣ ਬਚਿੱਤਰ ਸਿੰਘ ਅਤੇ ਸਨੀ ਵਜੋਂ ਹੋਈ ਹੈ। ਬਚਿੱਤਰ ਸਿੰਘ ਨੂੰ 2021 ਤੋਂ ਕਤਲ ਕੇਸ ਵਿੱਚ ਭਗੌੜਾ ਐਲਾਨਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਕੋਲੋਂ 95,000 ਰੁਪਏ ਦੀ ਡਰੱਗ ਮਨੀ, ਇਕ ਇਲੈਕਟ ?ਰਾਨਿਕ ਕੰਡਾ ਅਤੇ ਕਾਰ ਬਰਾਮਦ ਕੀਤੀ ਹੈ। ਇਸ ਸਬੰਧੀ ਥਾਣਾ ਛੇਹਰਟਾ ਵਿੱਚ ਕੇਸ ਦਰਜ ਕੀਤਾ ਗਿਆ ਹੈ। ਇੱਕ ਹੋਰ ਮਾਮਲੇ ਵਿੱਚ ਖੁਫੀਆ ਸੂਚਨਾ 'ਤੇ ਕਾਰਵਾਈ ਕਰਦਿਆਂ ਥਾਣਾ ਰਣਜੀਤ ਐਵੇਨਿਊ ਦੀ ਪੁਲੀਸ ਨੇ ਰਣਜੀਤ ਐਵੇਨਿਊ ਬਾਈਪਾਸ 'ਤੇ ਨਾਕਾਬੰਦੀ ਕਰ ਕੇ ਅਮਨਦੀਪ ਸਿੰਘ ਵਾਸੀ ਪਿੰਡ ਰਾਣੀਆਂ, ਲੋਪੋਕੇ ਨੂੰ 1 ਕਿਲੋ ਹੈਰੋਇਨ ਸਣੇ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਉਸਦੀ ਕਾਰ ਨੂੰ ਵੀ ਜ਼ਬਤ ਕਰ ਲਿਆ ਹੈ। ਇਸ ਸਬੰਧੀ ਥਾਣਾ ਰਣਜੀਤ ਐਵੇਨਿਊ 'ਚ ਕੇਸ ਦਰਜ ਕੀਤਾ ਗਿਆ ਹੈ। ਪੁਲੀਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਮੁਲਜ਼ਮ ਪਾਕਿਸਤਾਨ ਆਧਾਰਿਤ ਤਸਕਰਾਂ ਦੇ ਸਿੱਧੇ ਸੰਪਰਕ ਵਿੱਚ ਸਨ, ਜੋ ਡਰੋਨ ਰਾਹੀਂ ਪਾਕਿਸਤਾਨ ਤੋਂ ਨਸ਼ੀਲੇ ਪਦਾਰਥ ਮੰਗਵਾ ਕੇ ਸੂਬੇ ਭਰ ਵਿੱਚ ਸਪਲਾਈ ਕਰਦੇ ਸਨ।

ਪੰਜਾਬ ਪੁਲੀਸ ਨੇ ਅੱਜ ਅੰਤਰਰਾਜੀ ਅਫ਼ੀਮ ਤਸਕਰੀ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲੀਸ ਨੇ ਗਰੋਹ ਦੇ ਦੋ ਤਸਕਰਾਂ ਨੂੰ 66 ਕਿਲੋਗ੍ਰਾਮ ਨਸ਼ੀਲੇ ਪਦਾਰਥ ਸਣੇ ਗ੍ਰਿਫ਼ਤਾਰ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮਾਂ ਨੇ ਅਫੀਮ ਨੂੰ ਆਪਣੀ ਕਾਰ ਦੇ ਹੇਠਲੇ ਪਾਸੇ ਛੁਪਾ ਕੇ ਰੱਖਿਆ ਹੋਇਆ ਸੀ। ਮੁਲਜ਼ਮਾਂ ਦੀ ਪਛਾਣ ਸੁਖਯਾਦ ਸਿੰਘ ਤੇ ਜਗਰਾਜ ਸਿੰਘ ਵਜੋਂ ਹੋਈ ਹੈ।

ਬੀਐੱਸਐੱਫ਼ ਦੇ ਜਵਾਨਾਂ ਨੇ ਇਥੇ ਹੁਸੈਨੀਵਾਲਾ ਬਾਰਡਰ ਦੇ ਨਾਲ ਲੱਗਦੇ ਪਿੰਡ ਬਾਰੇ ਕੇ ਦੇ ਖੇਤਾਂ 'ਚੋਂ ਪਾਕਿਸਤਾਨ ਤੋਂ ਆਇਆ ਇੱਕ ਡਰੋਨ ਅਤੇ 510 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਹ ਖੇਪ ਕਿਸਾਨ ਸੂਰਤ ਸਿੰਘ ਦੇ ਖੇਤਾਂ 'ਚੋਂ ਬਰਾਮਦ ਹੋਈ ਹੈ। ਬੀਐੱਸਐੱਫ਼ ਦੀ 155 ਬਟਾਲੀਅਨ ਦੇ ਕੰਪਨੀ ਕਮਾਂਡਰ ਮਹੇਸ਼ ਕੁਮਾਰ ਵਰਮਾ ਨੇ ਥਾਣਾ ਸਦਰ ਨੂੰ ਦੱਸਿਆ ਕਿ ਇਸ ਬਾਰੇ ਸੂਚਨਾ ਮਿਲਣ 'ਤੇ ਬੀਐੱਸਐੱਫ਼ ਦੇ ਸਬ-ਇੰਸਪੈਕਟਰ ਗੁਰਤੇਜ ਸਿੰਘ ਨੇ ਦੋਵੇਂ ਚੀਜ਼ਾਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਪੁਲੀਸ ਨੇ ਅਣਪਛਾਤੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰਕੇ ਕਾਰਵਾਈ ਆਰੰਭ ਦਿੱਤੀ ਹੈ।

# ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਅਗਾਮੀ ਚੋਣਾਂ ਲਈ ਵੋਟਾਂ ਬਣਾਉਣ ਲਈ 30 ਜੂਨ ਨੂੰ ਲੱਗਣਗੇ ਵਿਸ਼ੇਸ਼ ਕੈਂਪ - ਡਿਪਟੀ ਕਮਿਸ਼ਨਰ

**ਅੰਮ੍ਰਿਤਸਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਨੂੰ ਲੈ ਕੇ ਵੱਧ ਤੋਂ ਵੱਧ ਵੋਟਰਾਂ ਦੀ ਰਜਿਸਟਰੇਸ਼ਨ ਲਈ 2 ਜੁਲਾਈ ਦਿਨ ਸ਼ਨੀਵਾਰ ਅਤੇ 30 ਜੂਨ ਦਿਨ ਐਤਵਾਰ ਨੂੰ ਸਵੇਰੇ 9:00 ਵਜੇ ਤੋਂ 5:00 ਵਜੇ ਤੱਕ ਸਪੈਸ਼ਲ ਕੰਪੇਨ ਸ਼ੁਰੂ ਕਰਕੇ ਬਾਕੀ ਰਹਿੰਦੇ ਅਲੀਜੀਬਲ ਕੇਸਾਧਾਰੀ ਸਿੱਖ ਵੋਟਰਾਂ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਕੀਤੀ ਜਾਵੇਗੀ।

ਇਸ ਸਬੰਧੀ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਘਰ ਘਰ ਜਾ ਕੇ ਵੋਟਾਂ ਦੀ ਰਜਿਸਟਰੇਸ਼ਨ ਕਰਨ ਤਾਂ ਜੋ ਕੋਈ ਵੋਟਰ ਵੋਟ ਬਣਾਉਣ ਤੋਂ ਵਾਂਝਾ ਨਾ ਰਹੇ। ਜਿਲ੍ਹਾ ਚੋਣ ਅਫ਼ਸਰ ਨੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲਈ ਵੱਧ ਤੋਂ ਵੱਧ ਵੋਟਾਂ ਬਣਾਉਣ ਵਾਸਤੇ ਜਿਲ੍ਹੇ ਦੇ ਸਮੂਹ ਰਿਟਰਨਿੰਗ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਜਿਲ੍ਹੇ ਵਿੱਚ ਪੈਂਦੇ ਸਮੂਹ 11 ਵਿਧਾਨ ਸਭਾ ਚੋਣ ਹਲਕਿਆ ਵਿੱਚ ਨਿਯੁਕਤ ਸਮੂਹ ਬੂਥ ਲੈਵਲ ਅਫ਼ਸਰਾਂ ਦੁਆਰਾ ਆਪਣੇ-ਆਪਣੇ ਪੋਲਿੰਗ ਸਟੇਸਨ ਵਿਖੇ 2 ਜੁਲਾਈ ਦਿਨ ਸ਼ਨੀਵਾਰ ਅਤੇ 30 ਜੂਨ ਦਿਨ ਐਤਵਾਰ ਨੂੰ ਸਵੇਰੇ 9:00 ਵਜੇ ਤੋਂ 5:00 ਵਜੇ ਤੱਕ ਸਪੈਸ਼ਲ ਕੈਂਪ ਲਗਾਉਣ। ਉਨਾਂ ਕਿਹਾ ਕਿ ਕੇਸਾਧਾਰੀ ਸਿੱਖ ਵੋਟਰਾਂ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਕੀਤੀ ਜਾਵੇ। ਇਸ ਮੰਤਵ ਲਈ ਮਿਤੀ 21.10.2023 ਨੂੰ 21 ਸਾਲ ਦੀ ਉਮਰ ਪੂਰੀ ਕਰ ਚੁੱਕੇ ਕੇਸਾਧਾਰੀ ਸਿੱਖ ਬਿਨੈਕਾਰ ਯੋਗ ਸਮਝੇ ਜਾਣਗੇ।

ਸ੍ਰੀ ਥੋਰੀ ਨੇ ਕਿਹਾ ਕਿ ਸਮੂਹ ਬੂਥ ਲੈਵਲ ਅਫ਼ਸਰ ਸਪੈਸ਼ਲ ਕੈਂਪ ਦੀ ਮਿਤੀ ਅਤੇ ਸਮੇਂ ਅਨੁਸਾਰ ਆਪਣੇ ਪੋਲਿੰਗ ਸਟੇਸ਼ਨ ਵਿਖੇ ਹਾਜਰ ਰਹਿਣਗੇ ਅਤੇ ਪ੍ਰਾਪਤ ਹੋ ਰਹੇ ਫਾਰਮ (ਕੇਸਾਧਾਰੀ ਸਿੱਖ ਲਈ) (ਨਿਯਮ 3(1)) ਦੀ ਨਾਲ ਦੀ ਨਾਲ ਵੈਰੀਫਿਕੇਸ਼ਨ ਕਰਨਗੇ। ਅਜਿਹੇ



ਹਰ ਇੱਕ ਫਾਰਮ ਉੱਪਰ ਬਿਨੈਕਾਰ ਦੀ ਤਾਜਾ ਰੰਗਦਾਰ ਫੋਟੋ (ਸੈਲਫ ਅਟੈਸਟਡ) ਚਸਪਾ ਕੀਤੀ ਜਾਵੇਗੀ ਅਤੇ ਬਿਨੈਕਾਰ ਦੇ ਸ਼ਨਾਖਤੀ ਦਸਤਾਵੇਜ ਦੀ ਕਾਪੀ ਨਾਲ ਅਟੈਚ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਸਮੂਹ ਬੂਥ ਲੈਵਲ ਅਫ਼ਸਰ ਘਰ ਘਰ ਜਾ ਕੇ ਵੀ ਸਪੈਸ਼ਲ ਕੈਂਪੇਨ ਤਹਿਤ ਰਹਿੰਦੇ ਅਲੀਜੀਬਲ ਕੇਸਾਧਾਰੀ ਸਿੱਖ ਵੋਟਰਾਂ ਦੀ ਰਜਿਸਟਰੇਸ਼ਨ ਨੂੰ ਯਕੀਨੀ ਬਣਾਉਣਗੇ।

ਬੂਥ ਲੈਵਲ ਅਫ਼ਸਰ ਦੁਆਰਾ ਫਾਰਮ ਵੈਰੀਫਾਈ ਕਰਨ ਹਿੱਤ ਬਿਨੈਕਾਰ ਦਾ ਨਾਮ ਵਿਧਾਨ ਸਭਾ ਵੋਟਰ ਸੂਚੀ ਵਿੱਚੋਂ ਟਰੇਸ ਕਰਕੇ ਸਬੰਧਤ ਬਿਨੈਕਾਰ ਦਾ ਮਕਾਨ ਨੰਬਰ ਅਤੇ ਵੋਟਰ ਕਾਰਡ ਨੰਬਰ ਬੀ.ਐਲ.ਓ. ਦੁਆਰਾ ਫਾਰਮ ਉੱਪਰ ਆਪਣੀ ਵੈਰੀਫਿਕੇਸ਼ਨ ਰਿਪੋਰਟ ਵਿੱਚ ਲਿਖਿਆ ਜਾਵੇ। ਜਿੰਨ੍ਹਾਂ ਵੋਟਰਾਂ ਦੇ ਨਾਮ ਵਿਧਾਨ ਸਭਾ ਸੂਚੀ ਵਿੱਚ ਪਹਿਲਾਂ ਤੋਂ ਦਰਜ ਹਨ ਉਨ੍ਹਾਂ ਦੀ ਘਰ ਘਰ ਜਾ ਕੇ ਵੈਰੀਫਿਕੇਸ਼ਨ ਕਰਨ ਦੀ ਲੋੜ ਨਹੀਂ ਹੈ। ਜਿੰਨ੍ਹਾਂ ਬਿਨੈਕਾਰਾਂ ਦਾ ਨਾਮ ਵਿਧਾਨ ਸਭਾ ਸੂਚੀ ਵਿੱਚ ਵੀ ਦਰਜ ਨਹੀਂ ਹੈ, ਉਨ੍ਹਾਂ ਦੇ ਗੁਰਦੁਆਰਾ ਵੋਟਰ ਸੂਚੀ ਵਾਲੇ ਫਾਰਮ ਦੇ ਨਾਲ ਨਾਲ ਵਿਧਾਨ ਸਭਾ ਵੋਟਰ ਸੂਚੀ ਵਿੱਚ ਨਾਮ ਦਰਜ ਕਰਨ ਲਈ ਫਾਰਮ ਨੰ. 6 ਵੀ ਭਰਵਾ ਲਏ ਜਾਣ। ਇਸ ਤਰ੍ਹਾਂ ਜਦੋਂ ਆਪ ਫਾਰਮ ਨੰ. 6 ਦੀ ਵੈਰੀਫਿਕੇਸ਼ਨ ਕਰੋਗੇ ਤਾਂ ਗੁਰਦੁਆਰਾ ਵੋਟਰ ਸੂਚੀ ਫਾਰਮ ਵੀ ਵੈਰੀਫਾਈ ਹੋ ਜਾਵੇਗਾ।

ਉਨਾਂ ਦੱਸਿਆ ਕਿ ਸਪੈਸ਼ਲ ਕੈਂਪ ਵਾਲੇ ਦਿਨ ਅਤੇ ਉਸ ਤੋਂ ਬਾਅਦ ਹਰ ਦਿਨ (ਰੋਜਾਨਾ ਪੱਧਰ ਤੇ) ਹਰ ਇੱਕ ਪਟਵਾਰੀ ਆਪਣੇ ਅਧੀਨ ਰੈਵੀਨਿਊ ਖੇਤਰ ਵਿੱਚ ਪੈਂਦੇ ਸਮੂਹ ਵਿਧਾਨ ਸਭਾ ਪੋਲਿੰਗ ਸਟੇਸ਼ਨਾਂ ਦੇ ਹਰ ਇੱਕ ਬੂਥ ਲੈਵਲ ਅਫ਼ਸਰ ਨਾਲ ਰੋਜਾਨਾ ਰਾਬਤਾ ਕਰੇਗਾ ਅਤੇ ਬੂਥ ਲੈਵਲ ਅਫ਼ਸਰ ਪਾਸ ਜਾ ਕੇ ਪ੍ਰਾਪਤ ਹੋਏ ਫਾਰਮ ਕੁਲੈਕਟ ਕਰੇਗਾ ਅਤੇ ਆਪਣਾ ਪਿੰਡ-ਵਾਈਜ਼ ਰਜਿਸਟਰ ਮੇਨਟੇਨ ਕਰੇਗਾ।

ਜਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਸ਼ਹਿਰੀ ਵਿਧਾਨ ਸਭਾ ਚੋਣ ਹਲਕਿਆਂ ਦੇ ਬੂਥ ਲੈਵਲ ਅਫ਼ਸਰਾਂ ਪਾਸ ਪ੍ਰਾਪਤ ਹੋਏ ਫਾਰਮ (ਨਿਯਮ 3(1) ਵੈਰੀਫਿਕੇਸ਼ਨ ਉਪਰੰਤ ਸਬੰਧਤ ਸੈਕਟਰ ਅਫ਼ਸਰ ਰਾਹੀਂ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਪਾਸ ਇਕੱਤਰ ਕੀਤੇ ਜਾਣਗੇ, ਜਿੱਥੇ ਕਿ ਚੋਣ ਕਾਨੂੰਗੋ ਅਤੇ ਇਲੈਕਸ਼ਨ ਸੈਲ ਸਟਾਫ ਦੁਆਰਾ ਇੰਨਾਂ ਫਾਰਮਾਂ ਦੀ ਬੋਰਡ ਚੋਣ ਹਲਕੇਵਾਈਜ਼ ਵੰਡ ਕਰਕੇ ਸਬੰਧਤ ਰਿਵਾਈਜਿੰਗ ਅਥਾਰਟੀਜ਼ ਨੂੰ ਇਸ ਦਫ਼ਤਰ ਦੀ ਸੂਚਨਾ ਹੇਠ ਭੇਜੇ ਜਾਣਗੇ।

# ਬੱਸੀ ਪਠਾਣਾਂ ਦੇ ਪਿੰਡਾਂ ਵਿੱਚ ਹੁਣ ਨਹੀਂ ਬਣੇਗੀ ਹੜ੍ਹਾਂ ਵਾਲੀ ਸਥਿਤੀ

## ਜ਼ਿਲ੍ਹਾ ਪ੍ਰਸ਼ਾਸਨ ਦੇ ਯਤਨਾਂ ਨਾਲ ਲੋਕਾਂ ਨੂੰ ਰਾਹਤ ਮਿਲੀ



**ਬੱਸੀ ਪਠਾਣਾਂ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਸਬ ਡਵੀਜ਼ਨ ਬੱਸੀ ਪਠਾਣਾਂ ਦੇ ਪਿੰਡਾਂ ਵਿੱਚ ਖਰੜ ਦੇ ਸੀਵਰੇਜ ਦਾ ਪਾਣੀ ਇਕੱਠਾ ਹੋਣ ਤੇ ਹੜ੍ਹਾਂ ਵਰਗੀ ਸਥਿਤੀ ਦਾ ਕਾਰਨ ਬਣ ਰਿਹਾ ਸੀ ਪਰ ਜ਼ਿ ਲ੍ਹਾ ਪ੍ਰਸ਼ਾਸਨ, ਫ਼ਤਹਿਗੜ੍ਹ ਸਾਹਿਬ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਐਸ.ਏ.ਐਸ.ਨਗਰ ਦੇ ਸਹਿਯੋਗ ਨਾਲ ਕੀਤੇ ਗਏ ਲਗਾਤਾਰ ਯਤਨਾਂ ਸਦਕਾ ਆਖਰ ਇਸ ਸਮੱਸਿਆ ਤੋਂ ਛੁਟਕਾਰਾ ਮਿਲ ਗਿਆ ਹੈ। ਇਸ ਤੋਂ ਇਲਾਵਾ ਬਰਸਾਤ ਦੇ ਮੌਸਮ ਦੌਰਾਨ ਪਾਣੀ ਦੇ ਨਿਰਵਿਘਨ ਵਹਾਅ ਲਈ ਡਰੇਨਾਂ, ਚੋਆਂ ਅਤੇ ਹੋਰ ਪਾਣੀ ਦੇ ਸੋਮਿਆਂ ਦੀ ਸਫ਼ਾਈ ਮੁਕੰਮਲ ਕਰ ਲਈ ਗਈ ਹੈ।

ਇਹ ਪ੍ਰਗਟਾਵਾ ਸ਼੍ਰੀਮਤੀ ਪਰਨੀਤ ਸ਼ੇਰਗਿੱਲ, ਡਿਪਟੀ ਕਮਿਸ਼ਨਰ, ਫ਼ਤਹਿਗੜ੍ਹ ਸਾਹਿਬ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹਾਂ ਤੋਂ ਬਚਾਅ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕੀਤਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖਰੜ ਅਤੇ ਆਸ-ਪਾਸ ਦੀਆਂ ਕਲੋਨੀਆਂ ਦਾ ਸੀਵਰੇਜ ਦਾ ਪਾਣੀ ਜੈਅੰਤੀ ਦੇਵੀ ਕੀ ਰਾਓ ਵਿੱਚ ਪੈਂਦਾ ਹੈ। ਪਰ ਇੱਥੇ ਅਧੂਰਾ ਸੁਪਰਪਾਸ ਹੋਣ ਕਾਰਨ ਜੈਅੰਤੀ ਦੇਵੀ ਕੀ ਰਾਓ ਦਾ ਪਾਣੀ ਪਿੰਡ ਸੋਤਲ ਨੇੜੇ ਨਿਮਾਣ ਵੱਲ ਵਗਦਾ ਹੈ ਪਰ ਖੇੜੀ-ਖਰੜ ਲਿੰਕ ਰੋਡ ਕਰਨ ਪਾਣੀ ਦੇ ਵਹਾਅ ਨੂੰ ਰੋਕ ਲਗਦੀ ਸੀ, ਜਿਸ ਕਾਰਨ ਪਾਣੀ ਦਾ ਵਹਾਅ ਪਿਛਾਂ ਵੱਲ ਹੋ ਜਾਂਦਾ ਸੀ।

ਪਿਛਾਂ ਮੁੜਿਆ ਪਾਣੀ ਰੇਲਵੇ ਕਰਾਸਿੰਗ ਰਾਹੀਂ ਪਿੰਡ ਡੂਮਛੇੜੀ ਵਿੱਚ ਜਾਂਦਾ ਸੀ। ਇਸ ਲਈ ਪਿੰਡ ਡੂਮਛੇੜੀ ਅਤੇ ਬੱਸੀ ਪਠਾਨਾਂ ਦੇ ਕੁਝ ਹੋਰ ਪਿੰਡਾਂ ਦੇ ਲੋਕਾਂ ਨੇ ਆਰਜ਼ੀ ਬੰਨ੍ਹ ਬਣਾ ਲਿਆ ਸੀ। ਖਰੜ ਦੀਆਂ ਕਲੋਨੀਆਂ ਦੇ ਸੀਵਰੇਜ ਦਾ ਪਾਣੀ ਲਗਾਤਾਰ ਜੈਅੰਤੀ ਦੇਵੀ ਕੀ ਰਾਓ ਵਿੱਚ ਆਉਂਦਾ ਹੈ, ਜਿਸ ਕਾਰਨ ਪਾਣੀ ਦੇ ਇਕੱਠਾ ਹੋਣ ਤੇ ਹੜ੍ਹਾਂ ਵਾਲੀ ਸਥਿਤੀ ਬਣ ਜਾਂਦੀ ਸੀ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇਸ ਮੁਸ਼ਕਲ ਦੇ ਹੱਲ ਲਈ ਸਥਾਨਕ ਸਰਕਾਰਾਂ ਵਿਭਾਗ ਨੇ ਖੇੜੀ-ਖਰੜ ਰੋਡ ’ਤੇ ਪਾਈਪਾਂ ਵਿਛਾ ਦਿੱਤੀਆਂ ਹਨ ਤਾਂ ਜੋ ਪਾਣੀ ਸਹੀ ਦਿਸ਼ਾ ਵਿੱਚ ਵਗੇ। ਇਸ ਤੋਂ ਇਲਾਵਾ ਜ਼ਿਲ੍ਹਾ ਐਸ.ਏ.ਐਸ.ਨਗਰ ਦੇ ਪਿੰਡ ਸੋਤਲ ਤੋਂ ਨਿਮਾਣ ਵੱਲ ਪਿੰਡ ਬਾਹਮਣਾਂ ਬੱਸੀਆਂ ਨੇੜੇ ਪਾਈਪਾਂ ਵਿਛਾਉਣ ਦਾ ਕੰਮ ਵੀ ਚੱਲ ਰਿਹਾ ਹੈ। ਇਸ ਨਾਲ ਹੁਣ ਪਾਣੀ ਨਿਮਾਣ ਵੱਲ ਵਗਦਾ ਹੈ ਅਤੇ ਬੱਸੀ ਪਠਾਣਾ ਖੇਤਰ ਦੇ ਪਿੰਡਾਂ ਵਿੱਚ ਪਾਣੀ ਇਕੱਠਾ ਹੋਣ ਤੇ ਹੜ੍ਹਾਂ ਵਰਗੀ ਸਮੱਸਿਆ ਪੈਦਾ ਨਹੀਂ ਹੋਵੇਗੀ। ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਉਨ੍ਹਾਂ ਕਿਹਾ ਕਿ ਹੜ੍ਹਾਂ ਤੋਂ ਬਚਾਅ ਸਬੰਧੀ ਕੰਮ ਮੁਕੰਮਲ ਕਰ ਲਏ ਗਏ ਹਨ। ਥੋੜ੍ਹਾ ਬਹੁਤ ਜਿਹੜਾ ਕੰਮ ਬਕਾਇਆ ਹੈ, ਉਹ ਜਲਦ ਮੁਕੰਮਲ ਕੀਤਾ ਜਾ ਰਿਹਾ ਹੈ।

# ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਹਰੇਕ ਯੋਗ ਲਾਭਪਾਤਰੀ ਨੂੰ ਦਿੱਤਾ ਜਾਵੇਗਾ ਲਾਭ : ਵਿਧਾਇਕ ਹੈਪੀ

## ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਉਨ੍ਹਾਂ ਦੇ ਘਰਾਂ ਨੇੜੇ ਜਾ ਕੇ ਕਰਨ ਲਈ ਸਰਕਾਰ ਨੇ ਜਨ ਸੁਵਿਧਾ ਕੈਂਪ ਕੀਤੇ ਸ਼ੁਰੂ

**ਫ਼ਤਹਿਗੜ੍ਹ ਸਾਹਿਬ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਯੋਗ ਲਾਭਪਾਤਰੀਆਂ ਤੱਕ ਲਾਭ ਪਹੁੰਚਾਉਣ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੇ ਮੰਤਵ ਨਾਲ ਸਰਕਾਰ ਵੱਲੋਂ ਚਲਾਏ ਜਾ ਰਹੇ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਅੱਜ ਬਸੀ ਪਠਾਣਾ ਸਬ ਡਵੀਜ਼ਨ ਦੇ ਪਿੰਡ ਨੌਗਾਵਾਂ ਵਿਖੇ ਜਨ ਸੁਵਿਧਾ ਕੈਂਪ ਲਗਾਇਆ ਗਿਆ ਜਿਸ ਵਿੱਚ ਹਲਕਾ ਵਿਧਾਇਕ ਸ. ਰੁਪਿੰਦਰ ਸਿੰਘ ਹੈਪੀ, ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ, ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਈਸ਼ਾ ਸਿੰਗਲ ਤੇ ਐਸ.ਡੀ.ਐਮ. ਸ਼੍ਰੀ ਸੰਜੀਵ ਕੁਮਾਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।



ਇਸ ਕੈਂਪ ਦਾ ਜਾਇਜ਼ਾ ਲੈਣ ਮੌਕੇ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਹਰੇਕ ਯੋਗ ਲਾਭਪਾਤਰੀ ਤੱਕ ਪਹੁੰਚਾਉਣ ਦੇ ਮੰਤਵ ਨਾਲ ਜਨ ਸੁਵਿਧਾ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਸਰਕਾਰੀ ਸਹੂਲਤਾਂ ਦਾ ਲਾਭ ਮਿਲ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸਰਵਪੱਖੀ ਵਿਕਾਸ ਲਈ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੇ ਹਨ ਤਾਂ ਜ਼ੋ ਪੰਜਾਬ ਦੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹੇ ਕੈਂਪ ਲਗਾਉਣ ਨਾਲ ਜਿਥੇ ਲੋਕਾਂ ਦੇ ਘਰਾਂ ਨੇੜੇ ਸਰਕਾਰੀ ਸਹੂਲਤਾਂ ਮੁਹੱਈਆ ਹੋਣਗੀਆਂ ਉਥੇ ਹੀ ਲੋਕਾਂ ਦੇ ਕੰਮ ਪੂਰੀ ਪਾਰਦਰਸ਼ਤਾ ਨਾਲ ਹੋ ਸਕਣਗੇ।

ਵਿਧਾਇਕ ਹੈਪੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਗਈ ਹੈ ਜਿਸ ਤਹਿਤ ਕਈ ਭ੍ਰਿਸ਼ਟ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਕਾਬੂ ਕਰਕੇ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਲੋਕਾਂ ਨਾਲ ਵਾਅਦਾ ਕੀਤਾ ਹੈ ਕਿ ਲੋਕਾਂ ਦੇ ਪੈਸਿਆਂ ਦੀ ਲੁੱਟ ਕਰਨ ਵਾਲੇ ਕਿਸੇ ਵੀ ਹਾਲਤ ਵਿੱਚ ਬਖਸ਼ੇ ਨਹੀਂ ਜਾਣਗੇ ਅਤੇ ਸਰਕਾਰ ਸੂਬੇ ਵਿੱਚੋਂ ਭ੍ਰਿਸ਼ਟਾਚਾਰ ਦੇ ਮੁਕੰਮਲ ਸਫਾਏ ਲਈ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਜਨ ਸੁਵਿਧਾ ਕੈਂਪਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਇਸ ਦਾ ਲਾਭ ਲੈਣ।

ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਲਗਾਏ ਜਾ ਰਹੇ ਜਨ ਸੁਵਿਧਾ ਕੈਂਪਾਂ ਵਿੱਚ ਸਾਰੇ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਰਹਿੰਦੇ ਹਨ ਤੇ ਲੋਕਾਂ ਦੇ ਕੰਮ ਮੌਕੇ ਤੇ ਹੀ ਨੇਪਰੇ ਚਾੜਨ ਲਈ ਅਗਲੇਰੀ ਕਾਰਵਾਈ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਦੇਣ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ ਤੇ ਹੱਲ ਕੀਤਾ ਜਾਵੇਗਾ।

ਉਨ੍ਹਾਂ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਆਮ ਲੋਕਾਂ ਦੇ ਕੰਮਾਂ ਨੂੰ ਪੂਰੀ ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਨੇਪਰੇ ਚਾੜਿਆ ਜਾਵੇ।

ਇਸ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਇਲਾਕੇ ਦੇ ਵੱਡੀ ਗਿਣਤੀ ਲੋਕ ਹਾਜਰ ਸਨ।

# ਅਸ਼ੀਰਵਾਦ ਸਕੀਮ ਤਹਿਤ 522 ਲਾਭਪਾਤਰੀਆਂ ਨੂੰ 2 ਕਰੋੜ 66 ਲੱਖ 22 ਹਜ਼ਾਰ ਰੁਪਏ ਦਾ ਵਿੱਤੀ ਲਾਭ ਦਿੱਤਾ ਗਿਆ : ਡਿਪਟੀ ਕਮਿਸ਼ਨਰ

**ਮਲੇਰਕੋਟਲਾ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਿਭਾਗ ਦੇ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ’ਚ ਅਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਆਰੰਭ ਕੀਤੇ ਗਏ ਯਤਨਾਂ ਤਹਿਤ ਜ਼ਿਲ੍ਹਾ ਮਾਲੇਰਕੋਟਲਾ ਦੇ 522 ਲਾਭਪਾਤਰੀਆਂ ਨੂੰ 2 ਕਰੋੜ 66 ਲੱਖ 22 ਹਜ਼ਾਰ ਲੱਖ ਰੁਪਏ ਦੀ ਰਾਸ਼ੀ ਦਾ ਵਿੱਤੀ ਲਾਭ ਦਿੱਤਾ ਗਿਆ ਹੈ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵਿੱਤੀ ਸਾਲ 2024-25 ਦੌਰਾਨ ਅਨੁਸੂਚਿਤ ਜਾਤੀ ਦੇ 185 ਲਾਭਪਾਤਰੀਆਂ ਨੂੰ 94 ਲੱਖ 35 ਹਜ਼ਾਰ ਰੁਪਏ ਦੀ ਰਾਸ਼ੀ ਅਤੇ ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ 337 ਲਾਭਪਾਤਰੀਆਂ ਨੂੰ 1 ਕਰੋੜ 71 ਲੱਖ 87 ਹਜ਼ਾਰ ਰੁਪਏ ਦੀ ਰਾਸ਼ੀ ਦਾ ਵਿੱਤੀ ਲਾਭ ਦਿੱਤਾ ਗਿਆ ਹੈ।

ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਮਾਲੇਰਕੋਟਲਾ ਸ੍ਰੀ ਮੁਕਲ ਬਾਵਾ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਅਸ਼ੀਰਵਾਦ ਸਕੀਮ ਲਈ ਅਰਜ਼ੀ ਪ੍ਰਕਿਰਿਆ ਨੂੰ ਆਸਾਨ ਕਰਦਿਆਂ ਲਾਭਪਾਤਰੀਆਂ ਲਈ ਆਨਲਾਈਨ ਪੋਰਟਲ ਤੇ ਬਿਨੈ ਕਰਨ ਦੀ ਸਹੂਲਤ ਸ਼ੁਰੂ ਕਰ ਦਿੱਤੀ ਗਈ ਹੈ, ਚਾਹਵਾਨ http://ashirwad.punjab.gov.in ਤੇ ਅਰਜ਼ੀ ਆਨਲਾਈਨ ਭਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਆਨਲਾਈਨ ਪੋਰਟਲ ਤੇ ਸਕੀਮ ਦਾ ਲਾਭ ਲੈਣ ਦੇ ਚਾਹਵਾਨ ਲਾਭਪਾਤਰੀ ਅਰਜ਼ੀ ਦੇ ਨਾਲ ਸਾਰੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਘਰ ਬੈਠਿਆਂ ਹੀ ਅਪਲਾਈ ਕਰ ਸਕਦੇ ਹਨ।

# ਪੁਲਿਸ ਦੀ ਵਰਦੀ ਪਾ ਕੇ ਲੁੱਟਾਂ-ਖੋਹਾਂ ਕਰਨ ਵਾਲਾ ਗਿਰੋਹ ਕਾਬੂ




ਸੀਆਈਏ ਸਟਾਫ ਦੀ ਟੀਮ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਲੁਟੇਰਾ ਗਰੋਹ ਦੇ ਮੈਂਬਰ।

**ਪਟਿਆਲਾ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਆਈਏ ਸਟਾਫ ਪਟਿਆਲਾ ਦੀ ਟੀਮ ਨੇ ਤਿੰਨ ਮੈਂਬਰੀ ਲੁਟੇਰਾ ਗਰੋਹ ਨੂੰ ਕਾਬੂ ਕੀਤਾ ਹੈ। ਇਹ ਗਰੋਹ ਪੁਲੀਸ ਦੀ ਵਰਦੀ ਪਾ ਕੇ ਲੁੱਟ-ਖੋਹ ਦੀਆਂ ਵਾਰਦਾਤਾਂ ਕਰਦਾ ਸੀ। ਗਰੋਹ ਦਾ ਸਰਗਨਾ ਪੰਜਾਬੀ ਯੂਨੀਵਰਸਿਟੀ ਦੇ ਸਿੱਖਿਆ ਵਿਭਾਗ ਵਿੱਚ ਤਾਇਨਾਤ ਸੀਨੀਅਰ ਸਹਾਇਕ ਹੈ।

ਐੱਸਐੱਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਗਰੋਹ ਦਾ ਮਾਸਟਰ ਮਾਈਂਡ ਸੀਨੀਅਰ ਸਹਾਇਕ ਜਤਿੰਦਰਪਾਲ ਸਿੰਘ ਉਰਫ਼ ਖੋਖਰ ਉਰਫ਼ ਸੰਨੀ ਵਾਸੀ ਦੀਪਨਗਰ ਪਟਿਆਲਾ ਹੈ ਜਿਸ ਦੇ ਨਾਲ ਆਟੋ ਚਾਲਕ ਵਜੋਂ ਕੰਮ ਕਰਨ ਵਾਲੇ ਵਰਿੰਦਰਪਾਲ ਸਿੰਘ ਉਰਫ਼ ਬਿੰਦੂ ਅਤੇ ਪ੍ਰਭਜੋਤ ਸਿੰਘ ਉਰਫ਼ ਜੋਤ ਦਸਮੇਸ਼ ਨਗਰ ਪਟਿਆਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬਾਬੂ ਸਿੰਘ ਕਲੋਨੀ ਦਾ ਰਹਿਣ ਵਾਲਾ ਸੁਨੀਲ ਕੁਮਾਰ 24 ਜੂਨ ਨੂੰ ਖੰਡਵਾਲਾ ਚੌਕ ਤੋਂ ਬਾਰਾਂਦਰੀ ਨੂੰ ਜਾਂਦੇ ਸਮੇਂ ਲੁੱਟ ਖੋਹ ਦਾ ਸ਼ਿਕਾਰ ਹੋ ਗਿਆ ਸੀ। ਮਾਸਟਰਮਾਈਂਡ ਮੁਲਜ਼ਮ ਪੁਲੀਸ ਦੀ ਵਰਦੀ ਪਾ ਕੇ ਕਾਰ ਦੀ ਪਿਛਲੀ ਸੀਟ ’ਤੇ ਬੈਠਦਾ ਸੀ। ਇਨ੍ਹਾਂ ਵਿਅਕਤੀਆਂ ਨੇ ਸੁਨੀਲ ਕੁਮਾਰ ਨੂੰ ਬਾਗ਼ ਨੇੜੇ ਚਿੱਟੇ ਰੰਗ ਦੀ ਸਵਿੱਫ਼ਟ ਕਾਰ ਵਿੱਚ ਲੁੱਟ ਲਿਆ ਸੀ। ਘਟਨਾ ਤੋਂ ਬਾਅਦ ਸਬ-ਇੰਸਪੈਕਟਰ ਸਾਹਿਬ ਸਿੰਘ ਹਜ਼ਾਰਾ ਅਤੇ ਉਨ੍ਹਾਂ ਦੀ ਟੀਮ ਨੇ ਛਾਪਾ ਮਾਰ ਕੇ ਇਸ ਗਰੋਹ ਨੂੰ ਕਾਬੂ ਕੀਤਾ। ਇਸ ਗਰੋਹ ਕੋਲੋਂ ਇਕ ਕਾਂਸਟੇਬਲ ਰੈਂਕ ਦੀ ਵਰਦੀ ਅਤੇ 20 ਮੋਬਾਈਲ ਫੋਨ ਤੇ ਕੁਝ ਨਕਦੀ ਬਰਾਮਦ ਕੀਤੀ ਗਈ ਹੈ। ਗਰੋਹ ਤੋਂ ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਇਨ੍ਹਾਂ ਵਿਅਕਤੀਆਂ ਨੇ ਪਟਿਆਲਾ ਸ਼ਹਿਰ ਦੇ ਪਾਸੀ ਰੋਡ ਵਾਤਾਵਰਨ ਪਾਰਕ ਨੰਬਰ 21 ਓਵਰਬ੍ਰਿਜ ਦੇ ਹੇਠਾਂ ਫੈਕਟਰੀ ਏਰੀਆ ਸਰਹਿੰਦ ਰੋਡ, ਮਾੜੀ ਅਤੇ ਛੋਟੀ ਬਰਾਦਰੀ ਵਿੱਚ ਦੋ ਦਰਜਨ ਤੋਂ ਵੱਧ ਵਾਰਦਾਤਾਂ ਕੀਤੀਆਂ ਹਨ। ਇਨ੍ਹਾਂ ’ਤੇ ਪਹਿਲਾਂ ਵੀ ਕੇਸ ਦਰਜ ਹਨ।

# ਲੁੱਟ-ਖੋਹ ਦੇ ਮਾਮਲੇ ’ਚ ਨੌਕਰਾਣੀ ਤੇ ਪ੍ਰੇਮੀ ਗ੍ਰਿਫ਼ਤਾਰ




**ਪਾਤੜਾਂ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਕਾਹਨਗੜ੍ਹ ਰੋਡ ਉੱਤੇ ਚਾਰ ਦਿਨ ਪਹਿਲਾਂ ਰਾਤ ਸਮੇਂ ਹੋਈ ਲੁੱਟ-ਖੋਹ ਦੇ ਮਾਮਲੇ ਵਿੱਚ ਪੁਲੀਸ ਨੇ ਔਰਤ ਸਮੇਤ ਸੱਤ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ। ਇਨ੍ਹਾਂ ਵਿੱਚੋਂ ਦੋ ਜਣਿਆਂ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ। ਪੁਲੀਸ ਨੇ ਖੋਹ ਕੀਤੀ ਕਾਰ ਅਤੇ ਮਾਰੂ ਹਥਿਆਰ ਬਰਾਮਦ ਕਰ ਲਏ ਹਨ। ਦੋਵਾਂ ਮੁਲਜ਼ਮਾਂ ਤੋਂ ਪੁੱਛਗਿੱਛ ਲਈ ਅਦਾਲਤ ਨੇ ਪਹਿਲੀ ਜੁਲਾਈ ਤੱਕ ਦਾ ਪੁਲੀਸ ਰਿਮਾਂਡ ਦਿੱਤਾ ਹੈ। ਡੀਐੱਸਪੀ (ਪਾਤੜਾਂ) ਦਲਜੀਤ ਸਿੰਘ ਵਿਰਕ ਨੇ ਦੱਸਿਆ ਕਿ ਅਰੋੜਾ ਬਸਤੀ ਦਾ ਬਿਕਰਮਜੀਤ ਸਿੰਘ ਅਤੇ ਉਸ ਦੀ ਪਤਨੀ ਦਲਵਿੰਦਰ ਕੌਰ ਸੁੱਤੇ ਹੋਏ ਸਨ। ਰਾਤ ਇੱਕ ਵਜੇ ਦੇ ਕਰੀਬ ਨੌਕਰਾਣੀ ਜਸਵਿੰਦਰ ਕੌਰ ਉਰਫ ਜਸਵੀਰ ਨੇ ਬਾਥਰੂਮ ਦੇ ਬਹਾਨੇ ਕੋਠੀ ਦਾ ਐਂਟਰੀ ਗੇਟ ਖੁੱਲ੍ਹਾ ਛੱਡ ਦਿੱਤਾ। ਥੋੜ੍ਹੇ ਸਮੇਂ ਬਾਅਦ ਮਾਰੂ ਹਥਿਆਰਾਂ ਨਾਲ ਲੈਸ ਕੁਝ ਵਿਅਕਤੀਆਂ ਨੇ ਘਰ ਵਿੱਚ ਦਾਖਲ ਹੋ ਕੇ ਬਿਕਰਮਜੀਤ ਸਿੰਘ ਦੇ ਸੱਟਾਂ ਮਾਰ ਕੇ ਪੰਦਰਾਂ ਹਜ਼ਾਰ ਰੁਪਏ, ਪੰਜ ਹਜ਼ਾਰ ਅਮਰੀਕੀ ਡਾਲਰ, ਇੱਕ ਤੋਲਾ ਸੋਨੇ ਦੇ ਗਹਿਣੇ, ਆਈਫੋਨ, ਏਅਰ ਗੰਨ, ਦੋ ਐਪਲ ਤੇ ਦੋ ਆਮ ਘੜੀਆਂ, ਕਰੂਜ਼ ਖੋਹ ਕਰ ਲਈ। ਰੌਲਾ ਸੁਣ ਕੇ ਆਏ ਗੁਆਂਢੀ ਸੁਖਪਾਲ ਸਿੰਘ ਸੁੱਖੀ ਦੀ ਕੁੱਟਮਾਰ ਕਰਕੇ ਉਸ ਪਾਸੋਂ ਗਿਆਰਾਂ ਹਜ਼ਾਰ ਤੇ ਉਸ ਦਾ ਮੋਬਾਈਲ ਵੀ ਖੋਹ ਕੇ ਫਰਾਰ ਹੋ ਗਏ ਸਨ। ਉਨ੍ਹਾਂ ਦੱਸਿਆ ਕਿ ਘਟਨਾ ਦੀ ਪੜਤਾਲ ਲਈ ਚਾਰ ਟੀਮਾਂ ਦਾ ਗਠਨ ਕੀਤਾ ਗਿਆ ਸੀ। ਸ਼ਹਿਰੀ ਪੁਲੀਸ ਚੌਕੀ ਇੰਚਾਰਜ ਕਰਨੈਲ ਸਿੰਘ, ਥਾਣਾ ਮੁਖੀ ਯਸ਼ਪਾਲ ਸ਼ਰਮਾ ਅਤੇ ਥਾਣਾ ਸ਼ੁਤਰਾਣਾ ਦੇ ਮੁਖੀ ਗੁਰਮੀਤ ਸਿੰਘ ਵੱਲੋਂ ਕੀਤੀ ਗਈ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਬਿਕਰਮਜੀਤ ਸਿੰਘ ਦੇ ਘਰ ਰਹਿੰਦੀ ਨੌਕਰਾਣੀ ਜਸਵਿੰਦਰ ਕੌਰ ਉਰਫ ਜਸਵੀਰ ਕੌਰ ਦਾ ਸਹੁਰੇ ਪਰਿਵਾਰ ਨਾਲ ਹਰਮਨ ਨਗਰ ਪਾਤੜਾਂ ਵਾਲੇ ਮਕਾਨ ਦਾ ਝਗੜਾ ਚੱਲਦਾ ਸੀ। ਗਿਰਵੀ ਰੱਖਿਆ ਘਰ ਛੁਡਾਉਣ ਲਈ ਉਸ ਨੂੰ ਇੱਕ ਲੱਖ ਰੁਪਏ ਦੀ ਜ਼ਰੂਰਤ ਸੀ। ਉਸ ਨੇ ਆਪਣੇ ਪ੍ਰੇਮੀ ਸੁਖਚੈਨ ਸਿੰਘ ਅਤੇ ਉਸ ਦੇ ਸਾਥੀ ਆਕਾਸ਼ ਉਰਫ ਕਾਕਾ, ਮੋਕਸ਼ ਗੁਪਤਾ, ਨਿਤੀਸ਼ ਉਰਫ ਭੋਲਾ ਅਤੇ ਇੱਕ ਮੋਟਾ ਨਾਮ ਦੇ ਵਿਅਕਤੀ ਨਾਲ ਮਿਲ ਕੇ ਵਾਰਦਾਤ ਨੂੰ ਅੰਜ਼ਾਮ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮਾਂ ਵਿੱਚੋਂ ਜਸਵਿੰਦਰ ਕੌਰ ਅਤੇ ਸੁਖਚੈਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੂਸਰੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਜਨਮ ਅਤੇ ਮੌਤ ਸਰਟੀਫਿਕੇਟ ਜਾਰੀ ਕਰਨ ਵਿਚ ਦੇਰੀ ਬਰਦਾਸ਼ਤ ਨਹੀਂ: ਡੀ ਸੀ ਸ਼੍ਰੀ ਸੰਦੀਪ ਕੁਮਾਰ



**ਤਰਨ ਤਾਰਨ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਕੁਮਾਰ ਜੀ ਦੀ ਅਗਵਾਈ ਹੇਠ ਜ਼ਿਲਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਸ਼ੁਕਰਵਾਰ ਨੂੰ ਜ਼ਿਲਾ ਪੱਧਰੀ ਅੰਤਰ ਵਿਭਾਗੀ ਤਾਲਮੇਲ ਕਮੇਟੀ (ਜਨਮ ਅਤੇ ਮੌਤ) ਦੀ ਅਹਿਮ ਬੈਠਕ ਹੋਈ। ਇਸ ਬੈਠਕ ਦੇ ਵਿੱਚ ਸਿਹਤ ਵਿਭਾਗ, ਪੁਲਿਸ, ਸਿੱਖਿਆ, ਆਂਗਣਵਾੜੀ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ।

ਇਸ ਮੌਕੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਕੁਮਾਰ ਨੇ ਕਿਹਾ ਕਿ ਇਸ ਮੀਟਿੰਗ ਦਾ ਮੁੱਖ ਮੰਤਵ ਨਾਗਰਿਕਾਂ ਨੂੰ ਜਨਮ ਅਤੇ ਮੌਤ ਸਰਟੀਫਿਕੇਟ ਤਿਆਰ ਅਤੇ ਪ੍ਰਾਪਤ ਕਰਨ ਦੀ ਕਾਰਜਪ੍ਰਣਾਲੀ ਨੂੰ ਸਰਲ ਅਤੇ ਸੁਖਾਲਾ ਬਨਾਉਣਾ ਹੈ।

ਉਹਨਾਂ ਕਿਹਾ ਕਿ ਇਹ ਪਾਇਆ ਗਿਆ ਹੈ ਕੇ ਨਿੱਜੀ ਹਸਪਤਾਲ ਅਤੇ ਨਰਸਿੰਗ ਹੋਮਜ ਵਲੋਂ ਜਨਮ ਅਤੇ ਮੌਤ ਸਰਟੀਫਿਕੇਟ ਸੰਬੰਧੀ ਸਹੀ ਜਾਣਕਾਰੀ ਨੂੰ ਸਰਕਾਰੀ ਵਿਭਾਗਾਂ ਨੂੰ ਸਮੇਂ ਸਿਰ ਭੇਜਣਾ ਯਕੀਨੀ ਬਣਾਇਆ ਜਾਵੇ।

ਉਹਨਾਂ ਕਿਹਾ ਕਿ ਜਨਮ ਅਤੇ ਮੌਤ ਸਰਟੀਫਿਕੇਟ ਜਾਰੀ ਕਰਨ ਦੇ ਸੰਬੰਧ ਵਿਚ ਕਿਸੇ ਕਿਸਮ ਦੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਸ਼੍ਰੀ ਸੰਦੀਪ ਕੁਮਾਰ ਨੇ ਕਿਹਾ ਕਿ ਜਨਮ ਅਤੇ ਮੌਤ ਸਰਟੀਫਿਕੇਟ ਨੂੰ ਲਾਭਪਾਤਰੀ ਨੂੰ 21 ਦਿਨਾਂ ਦੇ ਵਿਚ ਜਾਰੀ ਕਰਨਾ ਯਕੀਨੀ ਬਣਾਇਆ ਜਾਵੇ।

ਸਿੱਖਿਆ ਵਿਭਾਗ ਨੂੰ ਹਦਾਇਤ ਕਰਦਿਆ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਕੁਮਾਰ ਕਿਹਾ ਕਿ ਬੱਚਿਆਂ ਦੇ ਦਾਖਲੇ ਤੋਂ ਪਹਿਲਾਂ ਬੱਚੇ ਤੋਂ ਜਨਮ ਸਰਟੀਫਿਕੇਟ ਲੈਣਾ ਜ਼ਰੂਰੀ ਹੈ ਅਤੇ ਵਿਭਾਗ ਇਸ ਨੂੰ ਅਨਗੋਲੀਆਂ ਨਾ ਕਰੇ। ਇੱਸ ਮੌਕੇ ਸਹਾਇਕ ਸਿਵਲ ਸਰਜਨ ਡਾਕਟਰ ਦੇਵੀ ਬਾਲਾ, ਡਾਕਟਰ ਅਮਨਦੀਪ ਸਿੰਘ, ਜ਼ਿਲਾ ਮਾਸ ਮੀਡਿਆ ਅਫਸਰ ਸ੍ਰੀ ਅਮਰਦੀਪ ਸਿੰਘ, ਕੋਰਡੀਨੇਟਰ ਸੁਰਜੀਤ ਸਿੰਘ ਆਦਿ ਮੌਜੂਦ ਰਹੇ।

# ਕਸ਼ਮੀਰ ਸਿੰਘ ਲਾਲਕਾ ਦੇ ਵੱਡੇ ਭਰਾ ਕ੍ਰਿਸ਼ਨ ਲਾਲਕਾ ਦੀ ਅੰਤਿਮ ਅਰਦਾਸ

**ਨਾਭਾ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਦੇ ਲਾਲਕਾ ਪਰਿਵਾਰ ਵਿਚੋਂ ਕਿ ?ਸ਼ਨ ਲਾਲਕਾ ਮਿਤੀ 20 ਜੂਨ ਨੂੰ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਪਰਮਾਤਮਾ ਦੇ ਚਰਨਾਂ ਵਿਚ ਜਾ ਬਿਰਾਜੇ ਹਨ।

ਕਸ਼ਮੀਰ ਸਿੰਘ ਲਾਲਕਾ ਦੇ ਵੱਡੇ ਭਰਾ ਕ੍ਰਿਸ਼ਨ ਲਾਲਕਾ ਜਿਸ ਦੀ ਉਮਰ 53 ਸਾਲ ਵਰ੍ਹਿਆਂ ਦੇ ਕ੍ਰਿਸ਼ਨ ਲਾਲਕਾ ਕਾਫੀ ਸਮੇਂ ਤੋਂ ਬਿਮਾਰ ਚਲ ਰਹੇ ਸਨ। ਉਨਾਂ ਨੇ ਆਪਣੇ ਆਖਰੀ ਸਾਹ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ ਵਿਖੇ ਲਏ।

# ਸਬ-ਕਮੇਟੀ ਸਿੱਖਿਆ ਵਿਭਾਗ ਸਕੂਲ ਵਿੱਚ ਸਫਾਈ ਸੇਵਕ ਅਤੇ ਚੌਂਕੀਦਾਰ ਨਿਗੁਣੀਆਂ ਉਜਰਤਾਂ ਤੇ ਭਰਤੀ ਕਰਨ ਦਾ ਵਿਰੋਧ



**ਪਟਿਆਲਾ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ ਸਕੂਲਜ਼ ਦੇ ਚੌਥਾਂ ਦਰਜਾ ਕਰਮਚਾਰੀਆਂ ਨੇ ਰਾਜ ਦੇ ਤਕਰੀਬਨ 8200 ਸਕੂਲਾਂ ਵਿੱਚ ਆਪ ਸਰਕਾਰ ਵਲੋਂ ਮਿਤੀ 08 ਅਗਸਤ 2023 ਨੂੰ ਇੱਕ ਆਦੇਸ਼ ਜਾਰੀ ਕਰਕੇ ਸਫਾਈ ਸੇਵਕਾ ਦੀ ਭਰਤੀ 3000 ਰੁਪਏ ਪ੍ਰਤੀ ਮਹੀਨਾ ਤੋਂ ਚੌਂਕੀਦਾਰ ਦੀ ਭਰਤੀ 5000 ਰੁਪਏ ਪ੍ਰਤੀ ਮਹੀਨਾ ਕਰਨ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ। ਇੱਥੇ ਸਿੱਖਿਆ ਦਫਤਰ ਵਿਖੇ ਬਿਤੇ ਦਿਨੀ ਇਸ ਦਾ ਵਿਰੋਧ ਜਾਰੀ ਰੱਖਿਆ ਤੇ ਮੰਗ ਕੀਤੀ ਕਿ ਕਿਰਤ ਕਾਨੂੰਨਾਂ ਮੁਤਾਬਿਕ ਘੱਟੋ-ਘੱਟ ਉਜਰਤਾ ਤੋਂ ਘੱਟ ਕਿਰਤੀਆਂ ਨੂੰ ਨਹੀਂ ਦਿੱਤੀ ਜਾ ਸਕਦੀ, ਪਰੰਤੂ ਆਪ ਸਰਕਾਰ ਨੇ ਇੱਕ ਸਮਾਜ ਦੇ ਵਿੱਚੋ ਨਿਗੁਣੀਆਂ ਉਜਰਤਾ ਤੇ ਭਰਤੀ ਕਰਨ ਦਾ ਫੁਰਮਾਨ ਜਾਰੀ ਕਰਕੇ ਉਹਨਾਂ ਨੂੰ ਆਰਥਿਕ ਤੌਰ ਤੇ ਇਸ ਮਹਿਗਾਈ ਵਿੱਚ ਕਮਜੋਰ ਕੀਤਾ ਜਾ ਰਿਹਾ ਸਕੂਲਾਂ ਵਿੱਚ ਹਜਾਰਾਂ ਖਾਲੀ ਪਈਆਂ ਚੌਥਾ ਦਰਜਾ ਕਰਮਚਾਰੀਆਂ ਦੀਆਂ ਅਸਾਮੀਆਂ ਤੇ ਰੈਗੂਲਰ ਭਰਤੀ ਨਹੀਂ ਕੀਤੀ ਜਾ ਰਹੀ।

ਇਸ ਤਰ੍ਹਾਂ ਪਾਰਟ ਟਾਇਮ ਕਰਮੀ ਜ਼ੋ ਪਿਛਲੇ 20-25 ਸਾਲਾਂ ਤੋਂ ਲਗਾਤਾਰ ਕੰਮ ਕਰ ਰਹੇ ਹਨ ਦੀਆਂ ਸੇਵਾਵਾਂ ਨਿਯਮਤ ਨਹੀਂ ਕੀਤੀਆਂ ਜਾ ਰਹੀਆਂ ਅਤੇ ਇਸੇ ਤਰ੍ਹਾਂ ਸਕੂਲ ਵਿੱਚ ਲੰਬੇ ਸਮੇਂ ਤੋਂ ਮਿਡ-ਡੇ-ਮੀਲ ਹੈਲਪਰ ਅਤੇ ਕੁੱਕ ਨਿਗੁਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਹਨ ਮੰਗ ਕੀਤੀ ਜਾਂਦੀ ਹੈ ਕਿ ਉਹਨਾਂ ਦੀ ਉਜਾਰਤ ਵਿੱਚ ਵਾਧਾ ਕੀਤਾ ਜਾਵੇ। ਕਰਮਚਾਰੀਆਂ ਨੂੰ ਸਮੇਂ-ਸਮੇਂ ਸਿਰ ਵਰਦੀਆਂ ਦਿੱਤੀਆਂ ਜਾਣ ਅਤੇ ਉਹਨਾਂ ਨੂੰ ਸੀਲਿਵ ਅਤੇ ਜਨਾਪਾ ਛੁੱਟੀ ਦਿੱਤੀ ਜਾਵੇ ਅਤੇ ਘੱਟੋ-ਘੱਟ 5 ਲੱਖ ਦਾ ਬੀਮਾ ਕੀਤਾ ਜਾਵੇ ਤਾਂ ਜੋ ਉਹਨਾਂ ਦੇ ਕਿਸੇ ਦੁਰਘਟਨਾ ਸਮੇਂ ਕੰਮ ਆਵੇ। ਇਹ ਜਾਣਕਾਰੀ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸਕੂਲ ਸਿੱਖਿਆ ਦੇ ਪ੍ਰਧਾਨ ਰਾਮ ਪ੍ਰਸਾਦ ਸਹੋਤਾ ਨੇ ਦਿੱਤੀ ਤੇ ਕਿਹਾ ਕਿ ਮਿਤੀ: 27-09-2023 ਨੂੰ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ (ਸਕੂਲਜ਼) ਨਾਲ ਮੀਟਿੰਗ ਕਰਕੇ ਸਿੱਖਿਆ ਵਿਭਾਗ ਸਕੂਲਜ਼ ਵਿਚਲਿਆਂ ਮੰਗਾਂ ਤੇ ਉਪਰੋਕਤ ਇਸ਼ੂ ਧਿਆਨ ਵਿੱਚ ਲਿਆਦੇ ਗਏ ਤੇ ਭਰੋਸਾ ਦੇਣ ਉਪਰੰਤ ਪਤਨਾਲਾ ਅੱਜ ਵੀ ਉੱਥੇ ਦਾ ਉੱਥੇ ਹੀ ਹੈ। ਇਕਤਰ ਹੋਏ ਚੌਥਾ ਦਰਜਾ ਮੁਲਾਜਮਾਂ, ਪਾਰਟ ਟਾਇਮ ਕਰਮੀਆਂ ਜਿਸ ਵਿੱਚ ਸਰਵ ਸ੍ਰੀ ਰਾਮ ਪ੍ਰਸਾਦ ਸਹੋਤਾ ਨੇ ਮੰਗ ਕੀਤੀ ਕਿ ਸਕੂਲਾਂ ਵਿੱਚ ਰੈਗੂਲਰ ਭਰਤੀ ਕੀਤੀ ਜਾਵੇ ਤੇ ਘੱਟੋ-ਘੱਟ ਉਜਰਤਾਂ ਦਿੱਤੀਆਂ ਜਾਣ। ਉਹ ਛੇਤੀ ਹੀ ਰੋਸ ਰੈਲੀ ਕਰਨਗੇ। ਇਸ ਮੀਟਿੰਗ ਵਿੱਚ ਸ਼ਾਮਲ ਸਾਥੀ ਤਰਸੇਮ ਲਾਲ, ਸੋਨੂੰ ਪਾਲ, ਧਰਮਿੰਦਰ, ਕੈਲਾਸ਼ ਨਾਥ, ਵਰਿੰਦਰ ਕੁਮਾਰ, ਹਰਪਾਲ ਕੌਰ, ਹਰਜੀਤ ਕੌਰ, ਜੱਗਾ ਸਿੰਘ ਆਦਿ ਸ਼ਾਮਲ ਸਨ।

# ਚਾਲੂ ਭੱਠੀ, ਲਾਹਣ ਅਤੇ ਨਾਜਾਇਜ਼ ਸ਼ਰਾਬ ਸਣੇ ਕਾਬੂ

**ਸਮਾਣਾ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਟੀ ਪੁਲੀਸ ਨੇ ਛਾਪਾ ਮਾਰ ਕੇ ਸ਼ਰਾਬ ਦੀ ਚਾਲੂ ਭੱਠੀ, ਲਾਹਣ ਅਤੇ ਤਿਆਰ ਕੀਤੀ ਗਈ ਨਾਜਾਇਜ਼ ਸ਼ਰਾਬ ਸਣੇ ਇੱਕ ਵਿਅਕਤੀ ਨੂੰ ਕਾਬੂ ਕਰ ਕੇ ਉਸ ਦੇ ਖ਼ ?ਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਸ਼ੀਸ਼ਾ ਸਿੰਘ ਨਿਵਾਸੀ ਬੋਬੀ ਕਲੋਨੀ ਵਜੋਂ ਹੋਈ। ਸਿਟੀ ਪੁਲੀਸ ਅਨੁਸਾਰ ਏਐੱਸਆਈ ਪੂਰਨ ਸਿੰਘ ਨੇ ਪੁਲੀਸ ਪਾਰਟੀ ਸਣੇ ਗਸ਼ਤ ਦੌਰਾਨ ਨਾਜਾਇਜ਼ ਸ਼ਰਾਬ ਤਿਆਰ ਕਰਕੇ ਵੇਚਣ ਦੇ ਆਦੀ ਵਿਅਕਤੀ ਸਬੰਧੀ ਮਿਲੀ ਸੂਚਨਾ ਦੇ ਅਧਾਰ ’ਤੇ ਰੇਡ ਕੀਤੀ। ਇਸ ਦੌਰਾਨ ਚਾਲੂ ਭੱਠੀ, 20 ਲਿਟਰ ਲਾਹਣ ਅਤੇ ਤਿਆਰ ਕੀਤੀ ਗਈ ਨਾਜਾਇਸ਼ ਸ਼ਰਾਬ ਦੀਆਂ ਪੰਜ ਬੋਤਲਾਂ ਬਰਾਮਦ ਕਰਕੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ।

# ਰੋਜ਼ਗਾਰ ਕੈਂਪ ਵਿਚ 113 ਵਿਦਿਆਰਥੀਆਂ ਨੇ ਲਿਆ ਭਾਗ

ਅੰਮ੍ਰਿਤਸਰ, 2 ਜੁਲਾਈ - ਪੰਜਾਬ ਸਰਕਾਰ ਦੇ ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ ਅਧੀਨ ਨੋਜਵਾਨਾਂ ਨੂੰ ਰੋਜ਼ਗਾਰ ਦੇਣ ਅਤੇ ਸਵੈ-ਰੋਜ਼ਗਾਰ ਦੇ ਕਾਬਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ,ਅੰਮ੍ਰਿਤਸਰ ਸ਼੍ਰੀ ਘਨਸ਼ਾਮ ਥੋਰੀ ਨੇ ਕੀਤਾ। ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਇਆ ਰੋਜ਼ਗਾਰ ਅਫਸਰ ਸ਼੍ਰੀ ਨਰੇਸ਼ ਕੁਮਾਰ ਨੇ ਦੱਸਿਆ ਕਿ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਰਣਜੀਤ ਐਵੇਨਿਊ ਅੰਮ੍ਰਿਤਸਰ ਵਿਖੇ ਰਜਿਸਟਰੇਸ਼ਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ 113 ਵਿਦਿਆਰਥੀਆਂ ਨੇ ਭਾਗ ਲਿਆ। ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਰਕਾਰੀ/ਪ੍ਰਾਈਵੇਟ ਨੋਕਰੀਆਂ ਬਾਰੇ ਜਾਣਕਾਰੀ ਦੇਣਾ ਹੈ। ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਰੁਜਗਾਰ ਅਫਸਰ ਸ਼੍ਰੀ ਨਰੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਰੁਜਗਾਰ ਦਫਤਰ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਕਿਹਾ ਉਨ੍ਹਾਂ ਦੱਸਿਆ ਕਿ ਦਫਤਰ ਵਿਖੇ ਪਹੁੰਚ ਕੇ ਕਿਸ ਤਰ੍ਹਾਂ ਸਰਕਾਰੀ ਅਤੇ ਪ੍ਰਾਈਵੇਟ ਨੋਕਰੀਆਂ ਬਾਰੇ ਜਾਣਕਾਰੀ ਲੈ ਸਕਦੇ ਹਨ।

# ਨਗਰ ਕੌਂਸਲ ਜਲਾਲਾਬਾਦ ਦੇ ਦਫਤਰ ਵਿਖੇ ਆਪ ਦੀ ਸਰਕਾਰ ਆਪ ਕੇ ਦੁਆਰ ਤਹਿਤ ਲਗਾਇਆ ਜਾਵੇਗਾ ਕੈਂਪ : ਡਿਪਟੀ ਕਮਿਸ਼ਨਰ

**ਫਾਜ਼ਿਲਕਾ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

2 ਜੁਲਾਈ ਨੂੰ ਨਗਰ ਕੌਂਸਲ ਜਲਾਲਾਬਾਦ ਦੇ ਦਫਤਰ ਵਿਖੇ ਆਪ ਦੀ ਸਰਕਾਰ ਆਪਕੇ ਦੁਆਰ ਕੈਂਪ ਦਾ ਆਯੋਜਨ ਹੋਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਦਿੱਤੀ। ਇਹ ਕੈਂਪ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਲੱਗੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੈਂਪ ਦੌਰਾਨ ਮਾਲ ਵਿਭਾਗ ਨਾਲ ਸਬੰਧਤ ਇੰਤਕਾਲ (ਪਟਵਾਰ ਸਰਕਲ ਜਲਾਲਾਬਾਦ), ਨਗਰ ਕੌਂਸਲ ਜਲਾਲਾਬਾਦ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਸਿਹਤ ਵਿਭਾਗ ਨਾਲ ਸਬੰਧਤ ਕੰਮ ਦੀਆਂ ਸੁਵਿਧਾਵਾਂ ਦਿੱਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਸੇਵਾ ਕੇਂਦਰ ਨਾਲ ਸੰਬਧਤ ਰੇਸੀਡੈਂਸ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਬੁੜਾਪਾ ਪੈਨਸ਼ਨ, ਜਨਮ ਸਰਟੀਫਿਕੇਟ, ਜਨਮ ਸਰਟੀਫਿਕੇਟ ਸਬੰਧੀ/ਜਨਮ ਸਰਟੀਫਿਕੇਟ ਵਿੱਚ ਨਾਮ ਦਾਖਲ ਕਰਵਾਉਣ ਸੰਬਧੀ, ਸ਼ਹਿਰੀ ਖੇਤਰ ਨਾਲ ਸੰਬੰਧਿਤ ਜਨਮ ਸਰਟੀਫਿਕੇਟ ਵਿੱਚ ਕੋਈ ਬਦਲਾਅ ਸਬੰਧੀ ਅਤੇ ਪੁਰਾਣੇ ਦਸਤਾਵੇਜਾਂ ਨੂੰ ਤਸਦੀਕ ਕਰਵਾਉਣ ਸਬੰਧੀ ਆਦਿ ਸੇਵਾਵਾਂ ਮੁਹਈਆ ਕਰਵਾਈਆਂ ਜਾਣਗੀਆਂ।

ਇਸ ਤੋਂ ਇਲਾਵਾ ਖੇਤੀਬਾੜੀ ਵਿਭਾਗ/ਲੀਡ ਬੈਂਕ ਮੈਨੇਜਰ, ਪਸ਼ੂ ਪਾਲਣ ਵਿਭਾਗ, ਮੱਛੀ ਪਾਲਣ ਵਿਭਾਗ, ਕੋਆਪਰੇਟਿਵ ਸੋਸਾਇਟੀ, ਰਾਜ ਪੇਂਡੂ ਰੋਜੀ ਰੋਟੀ ਮਿਸ਼ਨ, ਉਦਯੋਗ ਕੇਂਦਰ, ਸਕਿਲ ਡਿਵੈਲਪਮੈਂਟ, ਰੋਜਗਾਰ ਵਿਭਾਗ ਆਦਿ ਵਿਭਾਗ ਆਪੋ-ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਗੇ। ਉਨਾ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ 2 ਜੁਲਾਈ ਨੂੰ ਇਸ ਕੈਂਪ ਵਿਖੇ ਪਹੁੰਚ ਕੇ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ।

# ਨਵੇਂ ਫ਼ੌਜਦਾਰੀ ਕਾਨੂੰਨ ਦੇਸ਼ ਭਰ ਵਿੱਚ ਲਾਗੂ ਹੋਏ

## ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਵਿਆਪਕ ਬਦਲਾਅ ਦੀ ਸ਼ੁਰੂਆਤ; ਨਵੇਂ ਕਾਨੂੰਨ ਨਿਆਂ ਮੁਹੱਈਆ ਕਰਵਾਉਣ ਨੂੰ ਤਰਜੀਹ ਦੇਣਗੇ: ਸ਼ਾਹ

**ਨਵੀਂ ਦਿੱਲੀ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਦੇਸ਼ ਵਿੱਚ ਅੱਜ ਤੋਂ ਤਿੰਨ ਨਵੇਂ ਫ਼ੌਜਦਾਰੀ ਕਾਨੂੰਨ ਲਾਗੂ ਹੋ ਗਏ, ਜਿਸ ਨਾਲ ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਬਦਲਾਅ ਆਉਣਗੇ। ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) 2023, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀਐੱਨਐੱਸਐੱਸ) 2023 ਅਤੇ ਭਾਰਤੀ ਸਾਕਸ਼ਯ ਅਧੀਨਿਯਮ (ਬੀਐੱਸਏ) 2023 ਅੱਜ ਤੋਂ ਪੂਰੇ ਦੇਸ਼ ਵਿੱਚ ਲਾਗੂ ਹੋ ਗਏ ਹਨ। ਇਨ੍ਹਾਂ ਤਿੰਨੋਂ ਕਾਨੂੰਨਾ ਨੇ ਬਰਤਾਨਵੀ ਕਾਲ ਦੇ ਕਾਨੂੰਨਾਂ ਕ੍ਰਮਵਾਰ ਭਾਰਤੀ ਦੰਡ ਸੰਹਿਤਾ (ਆਈਪੀਸੀ), ਦੰਡ ਪ੍ਰਕਿਰਿਆ ਸੰਹਿਤਾ (ਸੀਆਰਪੀਸੀ) ਅਤੇ ਭਾਰਤ ਸਾਕਸ਼ਯ ਅਧੀਨਿਯਮ ਦੀ ਜਗ੍ਹਾ ਲਈ ਹੈ। ਅੱਜ ਤੋਂ ਸਾਰੀਆਂ ਨਵੀਆਂ ਐੱਫਆਈਆਰਜ਼ ਬੀਐੱਨਐੱਸ ਤਹਿਤ ਦਰਜ ਕੀਤੀਆਂ ਜਾਣਗੀਆਂ। ਹਾਲਾਂਕਿ, ਜਿਹੜੇ ਮਾਮਲੇ ਇਹ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਦਰਜ ਕੀਤੇ ਗਏ ਹਨ ਉਨ੍ਹਾਂ ਦੇ ਅੰਤਿਮ ਨਿਬੇੜੇ ਉਨ੍ਹਾਂ ਮਾਮਲਿਆਂ ਵਿੱਚ ਪੁਰਾਣੇ ਕਾਨੂੰਨਾਂ ਤਹਿਤ ਮੁਕੱਦਮਾ ਚੱਲਦਾ ਰਹੇਗਾ। ਨਵੇਂ ਕਾਨੂੰਨਾਂ ਨਾਲ ਇਕ ਆਧੁਨਿਕ ਨਿਆਂ ਪ੍ਰਣਾਲੀ ਸਥਾਪਤ ਹੋਵੇਗੀ ਜਿਸ ਵਿੱਚ 'ਜ਼ੀਰੋ ਐੱਫਆਈਆਰ', ਪੁਲੀਸ ਵਿੱਚ ਆਨਲਾਈਨ ਸ਼ਿਕਾਇਤ ਦਰਜ ਕਰਾਉਣਾ, ਇਲੈਕਟ੍ਰੌਨਿਕ ਤਰੀਕੇ ਜਿਵੇਂ ਕਿ 'ਐੱਸਐੱਮਐੱਸ' ਰਾਹੀਂ ਸੰਮਨ ਭੇਜਣ ਅਤੇ ਸਾਰੇ ਗੰਭੀਰ ਅਪਰਾਧਾਂ ਦੇ ਘਟਨਾ ਸਥਾਨ ਦੀ ਜ਼ਰੂਰੀ ਵੀਡੀਓਗ੍ਰਾਫੀ ਵਰਗੇ ਪ੍ਰਬੰਧ ਸ਼ਾਮਲ ਹੋਣਗੇ। ਉੱਧਰ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਨਵੇਂ ਕਾਨੂੰਨ ਨਿਆਂ ਮੁਹੱਈਆ ਕਰਵਾਉਣ ਨੂੰ ਪਹਿਲ ਦੇਣਗੇ ਜਦਕਿ ਅੰਗਰੇਜ਼ਾਂ ਦੇ ਸਮੇਂ ਦੇ ਕਾਨੂੰਨਾਂ ਵਿੱਚ ਸਜ਼ਾ ਦੀ ਕਾਰਵਾਈ ਨੂੰ ਪਹਿਲ ਦਿੱਤੀ ਗਈ ਸੀ। ਉਨ੍ਹਾਂ ਕਿਹਾ, "ਇਨ੍ਹਾਂ ਕਾਨੂੰਨ ਨੂੰ ਭਾਰਤੀਆਂ ਨੇ, ਭਾਰਤੀਆਂ ਲਈ ਅਤੇ ਭਾਰਤੀ ਸੰਸਦ ਵੱਲੋਂ ਬਣਾਇਆ ਗਿਆ ਹੈ ਅਤੇ ਇਹ ਬਸਤੀਵਾਦੀ ਯੁੱਗ ਦੇ ਨਿਆਂਇਕ ਕਾਨੂੰਨਾਂ ਦਾ ਖ਼ਾਤਮਾ ਕਰਦੇ ਹਨ।" ਸ਼ਾਹ ਨੇ ਕਿਹਾ ਕਿ ਆਜ਼ਾਦੀ ਤੋਂ 77 ਸਾਲਾਂ ਬਾਅਦ ਅਪਰਾਧਿਕ ਨਿਆਂ ਪ੍ਰਣਾਲੀ ਹੁਣ ਪੂਰੀ ਤਰ੍ਹਾਂ ਦੇਸ਼ੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਸਿਰਫ਼ ਪੁਲੀਸ ਦੇ ਅਧਿਕਾਰੀ ਸੁਰੱਖਿਅਤ ਸਨ ਪਰ ਹੁਣ ਪੀੜਤਾਂ ਤੇ ਸ਼ਿਕਾਇਤਕਰਤਾਵਾਂ ਦੇ ਅਧਿਕਾਰ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ ਨਵੀਂ ਅਪਰਾਧਿਕ ਨਿਆਂ ਪ੍ਰਣਾਲੀ ਬਾਰੇ 22.5 ਲੱਖ ਤੋਂ ਵੱਧ ਪੁਲੀਸ ਮੁਲਾਜ਼ਮਾਂ ਨੂੰ ਸਿਖਲਾਈ ਦੇਣ ਵਾਸਤੇ 12,000 ਤੋਂ ਵੱਧ 'ਮਾਸਟਰ ਟਰੇਨਰ' ਤਾਇਨਾਤ ਕੀਤੇ ਗਏ ਹਨ। ਗ੍ਰਹਿ ਮੰਤਰੀ ਨੇ ਕਿਹਾ, "ਮੈਂ ਸਿਆਸੀ ਪਾਰਟੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਫ਼ੌਜਦਾਰੀ ਨਿਆਂ ਕਾਨੂੰਨਾਂ ਦਾ ਸਮਰਥਾਨ ਕਰਨ। ਉਨ੍ਹਾਂ ਦੱਸਿਆ ਕਿ ਨਵੇਂ ਕਾਨੂੰਨਾਂ ਤਹਿਤ ਪਹਿਲਾ ਕੇਸ ਗਵਾਲੀਅਰ ਵਿੱਚ ਐਤਵਾਰ ਰਾਤ 12.10 ਵਜੇ ਮੋਟਰਸਾਈਕਲ ਚੋਰੀ ਦਾ ਦਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਵੇਂ ਫ਼ੌਜਦਾਰੀ ਨਿਆਂ ਕਾਨੂੰਨਾਂ ਤਹਿਤ ਦੋਸ਼ ਸਾਬਿਤ ਹੋਣ ਦੀ ਦਰ 90 ਫ਼ੀਸਦ ਤੱਕ ਹੋਣ ਦੀ ਆਸ ਹੈ ਅਤੇ ਅਪਰਾਧਾਂ ਵਿੱਚ ਕਮੀ ਆਵੇਗੀ।



ਨਵੀਂ ਦਿੱਲੀ ਵਿੱਚ ਸੋਮਵਾਰ ਨੂੰ ਇਕ ਪੁਲੀਸ ਮੁਲਾਜ਼ਮ ਅੱਜ ਤੋਂ ਦੇਸ਼ ਭਰ ਵਿੱਚ ਲਾਗੂ ਹੋਏ ਨਵੇਂ ਫ਼ੌਜਦਾਰੀ ਕਾਨੂੰਨਾਂ ਬਾਰੇ ਜਾਗਰੂਕਤਾ ਪੋਸਟਰ ਲਾਉਂਦਾ ਹੋਇਆ।

## ਮਹਾਰਾਸ਼ਟਰ 'ਚ ਦੂਸ਼ਿਤ ਪਾਣੀ ਪੀਣ ਮਗਰੋਂ 90 ਤੋਂ ਵੱਧ ਲੋਕ ਬਿਮਾਰ

**ਛਤਰਪਤੀ ਸੰਭਲਜੀਨਗਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਸ਼ਟਰ ਦੇ ਨਾਂਦੇੜ ਜ਼ਿਲ੍ਹੇ ਦੇ ਇਕ ਪਿੰਡ ਵਿੱਚ ਦੂਸ਼ਿਤ ਪਾਣੀ ਪੀਣ ਤੋਂ ਬਾਅਦ ਪੇਟ ਦੀ ਬਿਮਾਰੀ ਕਾਰਨ 93 ਵਿਅਕਤੀ ਬਿਮਾਰ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਮੁਗਾਉਂ ਟਾਂਡਾਂ ਜਿੱਥੇ ਇਹ ਘਟਨਾ ਵਾਪਰੀ ਇਸ ਪਿੰਡ ਵਿੱਚ 107 ਘਰ ਹਨ ਅਤੇ ਇਸ ਦੀ ਆਬਾਦੀ 440 ਹੈ। ਜ਼ਿਲ੍ਹਾ ਸਿਹਤ ਅਧਿਕਾਰੀ ਬਾਲਾਜੀ ਸ਼ਿੰਦੇ ਨੇ ਦੱਸਿਆ ਕਿ 26 ਤੇ 27 ਜੂਨ ਨੂੰ ਇਕ ਸਥਾਨਕ ਸਿਹਤ ਕੇਂਦਰ ਵਿੱਚ 93 ਵਿਅਕਤੀ ਪੇਟ ਦਰਦ ਅਤੇ ਪੇਚਿਸ਼ ਦੀ ਸ਼ਿਕਾਇਤ ਲੈ ਕੇ ਪਹੁੰਚੇ। ਇਨ੍ਹਾਂ ਵਿੱਚੋਂ 56 ਮਰੀਜ਼ਾਂ ਦਾ ਇਲਾਜ ਮੁਗਾਉਂ ਟਾਂਡਾ ਪਿੰਡ ਵਿੱਚ ਹੀ ਹੋਇਆ ਜਦਕਿ 37 ਹੋਰਾਂ ਨੂੰ ਨਾਲ ਲੱਗਦੇ ਪਿੰਡ ਮਾਂਜਾਰਾਮ ਦੇ ਮੁੱਢਲਾ ਸਿਹਤ ਕੇਂਦਰ ਵਿੱਚ ਰੈਫਰ ਕਰ ਦਿੱਤਾ ਗਿਆ, ਜਿਨ੍ਹਾਂ ਦੀ ਬਾਅਦ ਵਿੱਚ ਛੁੱਟੀ ਕਰ ਦਿੱਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਡਾਕਟਰਾਂ ਦੀ ਇਕ ਟੀਮ ਮੁਗਾਉਂ ਵਿੱਚ ਤਾਇਨਾਤ ਕੀਤੀ ਗਈ ਹੈ।

## ਭਾਰਤੀ ਸੈਨਾ ਮੋਟਰ ਸਾਈਕਲ ਰੈਲੀ



**ਅੰਮ੍ਰਿਤਸਰ, 2 ਜੁਲਾਈ**
**- ਦਲਬੀਰ ਸਿੰਘ ਗੁਮਾਨਪੁਰਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਰਗਿਲ ਵਿਜੈ ਦਿਵਸ ਦੀ 'ਰਜਤ ਜਯੰਤੀ' ਮਨਾਉਣ ਅਤੇ ਸਰਬਉੱਚ ਬਲੀਦਾਨ ਦੇਣ ਵਾਲੇ ਅਪਰੇਸ਼ਨ ਵਿਜੈ ਦੇ ਨਾਇਕਾਂ ਨੂੰ ਸ਼ਰਧਾਂਜਲੀ ਦੇਣ ਲਈ, ਭਾਰਤੀ ਸੈਨਾ ਨੇ ਨਵੀਂ ਦਿੱਲੀ ਤੋਂ ਕਾਰਗਿਲ ਦੀਆਂ ਬਰਫ਼ਾਨੀ ਪਹਾੜ ?ਿਆਂ ਤੱਕ ਇੱਕ ਸਰਬ ਭਾਰਤੀ ਮੋਟਰ ਸਾਈਕਲ ਮੁਹਿੰਮ ਸ਼ੁਰੂ ਕੀਤੀ।

20 ਮੈਂਬਰੀ ਮੁਹਿੰਮ ਟੀਮ, ਜੋ 27 ਜੂਨ 2024 ਨੂੰ ਨਵੀਂ ਦਿੱਲੀ ਤੋਂ ਰਵਾਨਾ ਹੋਈ ਸੀ, 30 ਜੂਨ 2024 ਨੂੰ ਗੁਰੂ ਨਗਰੀ ਅੰਮ੍ਰਿਤਸਰ ਪਹੁੰਚੀ ਅਤੇ ਮੇਜਰ ਜਨਰਲ ਮੁਕੇਸ਼ ਸ਼ਰਮਾ, ਜਨਰਲ ਅਫਸਰ ਕਮਾਂਡਿੰਗ, ਪੈਂਥਰ ਡਿਵੀਜ਼ਨ ਨੇ ਇਸ ਨੂੰ ਹਰੀ ਝੰਡੀ ਦਿਖਾਕੇ ਇਸ ਦਾ ਸਵਾਗਤ ਕੀਤਾ ।

ਜਨਰਲ ਅਫਸਰ ਕਮਾਂਡਿੰਗ ਨੇ ਇਸ ਮੌਕੇ ਟੀਮ ਨੂੰ ਮਿਲਣ ਲਈ ਇਕੱਠੇ ਹੋਏ ਵੀਰ ਨਾਰੀਆਂ ਅਤੇ ਵੀਰ ਮਾਤਾਵਾਂ ਨੂੰ ਵੀ ਸਨਮਾਨਿਤ ਕੀਤਾ। ਟੀਮ ਨੇ ਉਤਸ਼ਾਹੀ ਐਨਸੀਸੀ ਕੈਡਿਟਾਂ ਲਈ ਇੱਕ ਪ੍ਰੇਰਣਾਦਾਇਕ ਲੈਕਚਰ ਕਰਵਾਇਆ ਅਤੇ ਡਿਊਟੀ ਦੌਰਾਨ ਮਹਾਨ ਕੁਰਬਾਨੀਆਂ ਦੇਣ ਵਾਲੇ ਬਹਾਦਰਾਂ ਨੂੰ ਸ਼ਰਧਾਂਜਲੀ ਦੇਣ ਲਈ ਅਟਾਰੀ ਸਰਹੱਦ ਦਾ ਦੌਰਾ ਵੀ ਕੀਤਾ।

ਟੀਮ ਨੂੰ 02 ਜੁਲਾਈ 2024 ਨੂੰ ਅੰਮ੍ਰਿਤਸਰ ਤੋਂ ਪੈਂਥਰ ਵਾਰ ਮੈਮੋਰੀਅਲ, ਅੰਮ੍ਰਿਤਸਰ ਵਿਖੇ ਇੱਕ ਸ਼ਰਧਾਂਜਲੀ ਸਮਾਗਮ ਤੋਂ ਬਾਅਦ ਸੇਵਾ ਕਰ ਰਹੇ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਐਨਸੀਸੀ ਕੈਡਿਟਾਂ ਦੀ ਮੌਜੂਦਗੀ ਵਿੱਚ ਪੈਂਥਰ ਡਿਵੀਜ਼ਨ ਦੇ ਡਿਪਟੀ ਜਨਰਲ ਅਫਸਰ ਕਮਾਂਡਿੰਗ ਬ੍ਰਿਗੇਡੀਅਰ ਯੋਗੇਸ਼ ਸ਼ਰਮਾ ਦੁਆਰਾ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਮੋਟਰ ਸਾਈਕਲ ਸਵਾਰਾਂ ਦੀ ਟੀਮ ਕਾਰਗਿਲ ਯੁੱਧ ਸਮਾਰਕ 'ਤੇ ਜੰਗੀ ਨਾਇਕਾਂ ਨੂੰ ਸ਼ਰਧਾਂਜਲੀ ਦੇਣ ਲਈ ਦ੍ਰਾਸ ਜਾਵੇਗੀ, ਜੋ ਉਨ੍ਹਾਂ ਦੀ ਬਹਾਦਰੀ ਦਾ ਸਥਾਨ ਹੈ।

## ਵਿਰੋਧੀ ਧਿਰ ਦੇ ਐੱਮਪੀਜ਼ ਵੱਲੋਂ ਸੰਸਦ ਭਵਨ ਕੰਪਲੈਕਸ 'ਚ ਪ੍ਰਦਰਸ਼ਨ

### ਸਰਕਾਰ 'ਤੇ ਜਾਂਚ ਏਜੰਸੀਆਂ ਦਾ ਗ਼ਲਤ ਇਸਤੇਮਾਲ ਕਰਨ ਦੇ ਦੋਸ਼ ਲਗਾਏ

**ਨਵੀਂ ਦਿੱਲੀ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




ਵਿਰੋਧੀ ਪਾਰਟੀਆਂ ਦੇ ਗੱਠਜੋੜ 'ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਸਿਵ ਅਲਾਇੰਸ' (ਇੰਡੀਆ) ਦੀਆਂ ਭਾਈਵਾਲ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਕੇਂਦਰ ਸਰਕਾਰ ਵੱਲੋਂ ਜਾਂਚ ਏਜਸੀਆਂ ਦਾ ਗ਼ਲਤ ਇਸਤੇਮਾਲ ਕੀਤੇ ਜਾਣ ਦੇ ਵਿਰੋਧ ਵਿੱਚ ਅੱਜ ਸੰਸਦ ਭਵਨ ਕੰਪਲੈਕਸ ਵਿੱਚ ਪ੍ਰਦਰਸ਼ਨ ਕੀਤਾ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਸੰਸਦ ਭਵਨ ਦੇ 'ਮਕਰ ਦੁਆਰ' ਦੇ ਸਾਹਮਣੇ ਪ੍ਰਦਰਸ਼ਨ ਕੀਤਾ। ਵਿਰੋਧੀ ਸੰਸਦ ਮੈਂਬਰਾਂ ਨੇ ਹੱਥਾਂ ਵਿੱਚ ਤਖ਼ਤੀਆਂ ਫੜੀਆਂ ਹੋਈਆਂ ਸਨ ਅਤੇ ਉਨ੍ਹਾਂ ਨੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਕਾਂਗਰਸ ਸੰਸਦ ਮੈਂਬਰ ਰਾਜੀਵ ਸ਼ੁਕਲਾ ਨੇ ਕਿਹਾ, "ਜਾਂਚ ਏਜੰਸੀਆਂ ਦੇ ਗ਼ਲਤ ਇਸਤੇਮਾਲ ਖ਼ਿਲਾਫ਼ 'ਇੰਡੀਆ' ਗੱਠਜੋੜ ਦੀਆਂ ਸਾਰੀਆਂ ਭਾਈਵਾਲ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਪ੍ਰਦਰਸ਼ਨ ਕੀਤਾ ਹੈ।" ਵਿਰੋਧੀ ਸੰਸਦ ਮੈਂਬਰਾਂ ਨੇ 'ਹਿਟਲਰਸ਼ਾਹੀ ਮੁਰਦਾਬਾਦ' ਅਤੇ 'ਵਿਰੋਧੀ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਬੰਦ ਕਰੋ' ਦੇ ਨਾਅਰੇ ਲਾਏ। -

## ਜਲੰਧਰ ਵਿੱਚ ਭਾਜਪਾ ਨੂੰ ਝਟਕਾ; ਸਾਬਕਾ ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ 'ਆਪ' ਵਿੱਚ ਸ਼ਾਮਲ

**ਜਲੰਧਰ,2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਜਲੰਧਰ ਪੱਛਮੀ ਵਿਧਾਨ ਸਭਾ ਦੀ ਜ਼ਿਮਨੀ ਚੋਣ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ। ਅੱਜ ਸਾਬਕਾ ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਘਰ ਜਲੰਧਰ ਪਹੁੰਚ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਚੋਣਾਂ ਤੋਂ ਪਹਿਲਾਂ ਭਾਜਪਾ ਲਈ ਇਹ ਇਕ ਵੱਡਾ ਝਟਕਾ ਹੈ, ਕਿਉਂਕਿ ਭਾਟੀਆ ਸ਼ੀਤਲ ਅੰਗੁਰਾਲ ਅਤੇ ਸਾਬਕਾ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਦੇ ਬਹੁਤ ਕਰੀਬੀ ਮੰਨੇ ਜਾਂਦੇ ਸਨ ਅਤੇ ਪੱਛਮੀ ਹਲਕੇ ਵਿੱਚ ਭਾਟੀਆ ਦਾ ਵੱਡਾ ਵੋਟ ਬੈਂਕ ਸੀ। ਅਜਿਹੇ ਵਿੱਚ ਚੋਣਾਂ ਤੋਂ 10 ਦਿਨ ਪਹਿਲਾਂ ਉਨ੍ਹਾਂ ਦਾ 'ਆਪ' ਵਿੱਚ ਸ਼ਾਮਲ ਹੋਣਾ ਭਾਜਪਾ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਕਮਲਜੀਤ ਸਿੰਘ ਭਾਟੀਆ ਨੇ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਲਈ ਜ਼ੋਰਦਾਰ ਪ੍ਰਚਾਰ ਕੀਤਾ ਸੀ। ਅਜਿਹੇ ਵਿੱਚ ਰਿੰਕੂ ਦੇ ਪੱਛਮੀ ਹਲਕੇ 'ਚ ਕਾਫੀ ਵੋਟਾਂ ਪਈਆਂ ਹਨ। ਉਹ ਕਾਂਗਰਸ ਤੋਂ ਮਹਿਜ਼ 1500 ਵੋਟਾਂ ਨਾਲ ਪਿੱਛੇ ਰਹੇ ਸਨ।

## ਐੱਨਆਈਏ ਨੇ ਇੰਜਨੀਅਰ ਰਾਸ਼ਿਦ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਦੀ ਸਹਿਮਤੀ ਦਿੱਤੀ

**ਨਵੀਂ ਦਿੱਲੀ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਜੇਲ੍ਹ ਵਿੱਚ ਬੰਦ ਕਸ਼ਮੀਰੀ ਆਗੂ ਸ਼ੇਖ ਅਬਦੁਲ ਰਾਸ਼ਿਦ ਉਰਫ਼ ਇੰਜਨੀਅਰ ਰਾਸ਼ਿਦ ਨੂੰ 25 ਜੁਲਾਈ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਵਾਸਤੇ ਅੱਜ ਆਪਣੀ ਸਹਿਮਤੀ ਦੇ ਦਿੱਤੀ। ਵਧੀਕ ਸੈਸ਼ਨ ਜੱਜ ਚੰਦਰ ਜੀਤ ਸਿੰਘ ਇਸ ਬਾਰੇ ਮੰਗਲਵਾਰ ਨੂੰ ਫੈਸਲਾ ਸੁਣਾਉਣਗੇ।

ਬਾਰਾਮੂਲਾ ਤੋਂ ਆਜ਼ਾਦ ਸੰਸਦ ਮੈਂਬਰ ਰਾਸ਼ਿਦ ਨੂੰ ਜੰਮੂ ਕਸ਼ਮੀਰ ਵਿੱਚ ਅਤਿਵਾਦ ਲਈ ਫੰਡਿੰਗ ਦੇ ਇਕ ਮਾਮਲੇ ਵਿੱਚ 2017 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨੇ ਸਹੁੰ ਚੁੱਕਣ ਅਤੇ ਆਪਣੇ ਸੰਸਦ ਫ਼ਰਜ਼ ਨਿਭਾਉਣ ਲਈ ਅੰਤ੍ਰਿਮ ਜ਼ਮਾਨਤ ਦੀ ਅਪੀਲ ਕਰਦੇ ਹੋਏ ਅਦਾਲਤ ਦਾ ਰੁ ?ਖ ਕੀਤਾ ਸੀ। ਇੱਥੇ ਇਕ ਵਿਸ਼ੇਸ਼ ਅਦਾਲਤ ਨੇ 22 ਜੂਨ ਨੂੰ ਮਾਮਲੇ 'ਤੇ ਸੁਣਵਾਈ ਮੁਲਤਵੀ ਕਰ ਦਿੱਤੀ ਸੀ ਅਤੇ ਐੱਨਆਈਏ ਕੋਲੋਂ ਜਵਾਬ ਮੰਗਿਆ ਸੀ।

## ਲਾਲਜੀਤ ਸਿੰਘ ਭੁੱਲਰ ਵੱਲੋਂ ਜਨਤਕ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਵਾਉਣ ਅਤੇ ਸਰਕਾਰੀ ਇਮਾਰਤਾਂ ਦੀ ਸੁਚੱਜੀ ਸਾਂਭ-ਸੰਭਾਲ ਦੇ ਨਿਰਦੇਸ਼

**ਚੰਡੀਗੜ੍ਹ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਅਧਿਕਾਰੀਆਂ ਨੂੰ ਸੂਬੇ ਦੇ ਵੱਖ-ਵੱਖ ਪਿੰਡਾਂ ਵਿੱਚ ਸਰਕਾਰੀ ਇਮਾਰਤਾਂ ਉਸਾਰਨ ਲਈ ਛੱਡੀਆਂ ਥਾਵਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਉਣ ਦੇ ਨਿਰਦੇਸ਼ ਦਿੱਤੇ। ਕੈਬਨਿਟ ਮੰਤਰੀ ਨੇ ਵਿਭਾਗ ਦੇ ਖੇਤਰੀ ਦਫ਼ਤਰਾਂ ਨੂੰ ਪੰਚਾਇਤਾਂ ਅਤੇ ਗ੍ਰਾਮ ਸਭਾਵਾਂ ਦੇ ਸਹਿਯੋਗ ਨਾਲ ਇਨ੍ਹਾਂ ਜ਼ਮੀਨਾਂ ਨੂੰ ਨਜਾਇਜ਼ ਕਬਜ਼ਿਆਂ ਤੋਂ ਤੁਰੰਤ ਮੁਕਤ ਕਰਵਾਉਣ ਅਤੇ ਨਿਯਮਤ ਜਾਂਚ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੇ ਅਰਸੇ ਦੌਰਾਨ ਉਨ੍ਹਾਂ ਵੱਲੋਂ ਵੱਖ-ਵੱਖ ਪਿੰਡਾਂ ਦੇ ਦੌਰਿਆਂ ਦੌਰਾਨ ਲੋਕਾਂ ਨੇ ਧਿਆਨ ਵਿੱਚ ਲਿਆਂਦਾ ਹੈ ਕਿ ਪਿੰਡਾਂ ਦੀਆਂ ਫਿਰਨੀਆਂ, ਲਿੰਕ ਸੜਕਾਂ, ਛੱਪੜਾਂ, ਸ਼ਮਸ਼ਾਨਘਾਟਾਂ ਦੇ ਰਸਤਿਆਂ, ਪਿੰਡਾਂ ਵਿੱਚ ਸਕੂਲ, ਡਿਪਸਪੈਂਸਰੀਆਂ, ਪਸ਼ੂ ਡਿਸਪੈਂਸਰੀਆਂ, ਪੰਚਾਇਤ ਘਰਾਂ ਅਤੇ ਹੋਰ ਰਸਤਿਆਂ ਆਦਿ ਦੀ ਉਸਾਰੀ ਲਈ ਛੱਡੀਆਂ ਗਈਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਕੈਬਨਿਟ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਅਜਿਹੇ ਕਬਜ਼ਿਆਂ ਕਾਰਨ ਇਨ੍ਹਾਂ ਥਾਵਾਂ ਨੂੰ ਲੋਕ ਹਿੱਤ ਲਈ ਵਰਤਣ ਵੇਲੇ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਪਿੰਡਾਂ ਵਿੱਚ ਵਿਭਾਗ ਵੱਲੋਂ ਉਸਾਰੀਆਂ ਹੋਈਆਂ ਵੱਖ-ਵੱਖ ਸਰਕਾਰੀ ਇਮਾਰਤਾਂ ਜਿਵੇਂ ਪੰਚਾਇਤ ਘਰ, ਧਰਮਸ਼ਾਲਾਵਾਂ, ਪਸ਼ੂ ਡਿਸਪੈਂਸਰੀਆਂ ਆਦਿ ਦੀ ਸਹੀ ਢੰਗ ਨਾਲ ਸੰਭਾਲ ਨਹੀਂ ਕੀਤੀ ਜਾ ਰਹੀ। ਇਹ ਵੀ ਧਿਆਨ ਵਿੱਚ ਆਇਆ ਹੈ ਕਿ ਕਈ ਵਾਰ ਲੋਕਾਂ ਵੱਲੋਂ ਇਨ੍ਹਾਂ ਸਰਕਾਰੀ ਇਮਾਰਤਾਂ ਵਿੱਚ ਆਪਣੇ ਘਰਾਂ ਦਾ ਗੰਦਾ ਪਾਣੀ ਛੱਡਿਆ ਜਾਂਦਾ ਹੈ ਅਤੇ ਕੂੜਾ-ਕਰਕਟ ਸੁੱਟਿਆ ਜਾਂਦਾ ਹੈ ਜਿਸ ਕਾਰਨ ਇਹ ਇਮਾਰਤਾਂ ਲੋਕਾਂ ਦੇ ਵਰਤਣਯੋਗ ਨਹੀਂ ਰਹਿ ਜਾਂਦੀਆਂ। ਇਨ੍ਹਾਂ ਮੁੱਦਿਆਂ ਨੂੰ ਧਿਆਨ ਵਿੱਚ ਰੱਖਦਿਆਂ ਕੈਬਨਿਟ ਮੰਤਰੀ ਸ. ਭੁੱਲਰ ਨੇ ਅਧਿਕਾਰੀਆਂ ਨੂੰ ਸਰਕਾਰੀ ਇਮਾਰਤਾਂ ਤੋਂ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਸਖ਼ਤ ਕਦਮ ਚੁੱਕਣ, ਭਵਿੱਖ ਵਿੱਚ ਹੋਣ ਵਾਲੇ ਅਣ-ਅਧਿਕਾਰਤ ਕਬਜ਼ਿਆਂ ਨੂੰ ਰੋਕਣ ਲਈ ਨਿਯਮਤ ਨਿਰੀਖਣ ਕਰਨ ਅਤੇ ਮੌਜੂਦਾ ਸਰਕਾਰੀ ਇਮਾਰਤਾਂ ਦੀ ਸਹੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਜਨਤਕ ਸਹੂਲਤਾਂ ਦੀ ਦੁਰਵਰਤੋਂ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਵੀ ਕਿਹਾ ਤਾਂ ਜੋ ਪੰਜਾਬ ਭਰ ਵਿੱਚ ਲੋਕ ਭਲਾਈ ਅਤੇ ਪਿੰਡਾਂ ਦੇ ਵਿਕਾਸ ਲਈ ਇਨ੍ਹਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਨੂੰ ਯਕੀਨੀ ਬਣਾਇਆ ਜਾ ਸਕੇ।

## ਰਾਹੁਲ ਗਾਂਧੀ ਨੇ ਸੰਸਦ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੀ ਕੀਤੀ ਗੱਲ

**ਨਵੀਂ ਦਿੱਲੀ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸੰਸਦ ਵਿਚ ਅੱਜ ਰਾਹੁਲ ਗਾਂਧੀ ਕੁਝ ਧਾਰਮਿਕ ਤਸਵੀਰਾਂ ਲੈ ਕੇ ਪੁੱਜੇ। ਆਪਣੇ ਸੰਬੋਧਨ ਦੌਰਾਨ ਰਾਹੁਲ ਗਾਂਧੀ ਨੇ ਜਿਥੇ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੀ ਗੱਲ ਕੀਤੀ, ਉਥੇ ਉਹਨਾਂ ਨੇ ਭਗਵਾਨ ਸ਼ਿਵ ਦੀ ਤਸਵੀਰ ਵੀ ਸਦਨ ਵਿਚ ਲਹਿਰਾਈ। ਰਾਹੁਲ ਗਾਂਧੀ ਨੇ ਲੋਕ ਸਭਾ 'ਚ ਆਪਣੇ ਭਾਸ਼ਣ ਦੀ ਸ਼ੁਰੂਆਤ ਜੈ ਸੰਵਿਧਾਨ ਨਾਲ ਕਰਦੇ ਕਿਹਾ ਕਿ ਚੰਗਾ ਲੱਗਦਾ ਹੈ ਕਿ ਭਾਜਪਾ ਵਾਲੇ ਹਰ ਦੋ-ਤਿੰਨ ਮਿੰਟ 'ਚ ਸੰਵਿਧਾਨ ਸੰਵਿਧਾਨ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅਸੀਂ ਦੇਸ਼ ਦੇ ਲੋਕਾਂ ਨਾਲ ਮਿਲ ਕੇ ਇਸ ਦੀ ਰੱਖਿਆ ਕੀਤੀ ਹੈ। ਸਮੁੱਚੀ ਵਿਰੋਧੀ ਧਿਰ ਆਈਡੀਆ ਆਫ ਇੰਡੀਆ ਨੂੰ ਬਚਾ ਰਹੀ ਹੈ। ਰਾਹੁਲ ਗਾਂਧੀ ਨੇ ਲੋਕ ਸਭਾ ਵਿੱਚ ਆਪਣੇ ਸੰਬੋਧਨ ਦੌਰਾਨ ਭਗਵਾਨ ਸ਼ੰਕਰ ਦੀ ਤਸਵੀਰ ਨੂੰ ਲਹਿਰਾਇਆ। ਇਸ 'ਤੇ ਸਪੀਕਰ ਓਮ ਬਿਰਲਾ ਨੇ ਉਨ੍ਹਾਂ ਨੂੰ ਰੋਕਦੇ ਹੋਏ ਰੂਲ ਬੁੱਕ ਕੱਢ ਲਈ। ਰਾਹੁਲ ਗਾਂਧੀ ਨੇ ਕਿਹਾ ਕਿ ਅਸੀਂ ਸਦਨ 'ਚ ਸ਼ਿਵਜੀ ਦੀ ਤਸਵੀਰ ਵੀ ਨਹੀਂ ਦਿਖਾ ਸਕਦੇ, ਤੁਸੀਂ ਮੈਨੂੰ ਰੋਕ ਰਹੇ ਹੋ। ਮੇਰੇ ਕੋਲ ਹੋਰ ਤਸਵੀਰਾਂ ਸਨ, ਜੋ ਮੈਂ ਦਿਖਾਉਣਾ ਚਾਹੁੰਦਾ ਸੀ ਅਤੇ ਦੱਸਣਾ ਚਾਹੁੰਦਾ ਸੀ ਕਿ ਭਗਵਾਨ ਸ਼ਿਵ ਨੇ ਰੱਖਿਆ ਕਿਵੇਂ ਕੀਤੀ। ਭਗਵਾਨ ਸ਼ਿਵ ਨੂੰ ਆਪਣਾ ਪ੍ਰੇਰਨਾ ਸਰੋਤ ਦੱਸਦੇ ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੂੰ ਪ੍ਰਤੀਕੂਲ ਹਾਲਾਤਾਂ ਵਿੱਚ ਸੰਘਰਸ਼ ਕਰਨ ਦੀ ਪ੍ਰੇਰਨਾ ਉਨ੍ਹਾਂ ਤੋਂ ਮਿਲੀ ਹੈ। ਉਸਦੇ ਖੱਬੇ ਹੱਥ ਵਿੱਚ ਤ੍ਰਿਸ਼ੂਲ ਦਾ ਅਰਥ ਹੈ ਅਹਿੰਸਾ। ਅਸੀਂ ਬਿਨਾਂ ਕਿਸੇ ਹਿੰਸਾ ਦੇ ਸੱਚ ਦੀ ਰੱਖਿਆ ਕੀਤੀ ਹੈ।

ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਲਈ ਸਿਰਫ਼ ਸੱਤਾ ਮਾਇਨੇ ਰੱਖਦੀ ਹੈ। ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਉਨ੍ਹਾਂ ਖ਼ਿਲਾਫ਼ ਝੂਠੇ ਕੇਸ ਦਰਜ ਕੀਤੇ ਗਏ ਹਨ। ਈਡੀ ਨੇ ਮੇਰੇ ਕੋਲੋਂ ਪੁੱਛਗਿੱਛ ਕੀਤੀ ਤਾਂ ਅਧਿਕਾਰੀ ਹੈਰਾਨ ਰਹਿ ਗਏ। ਭਾਰਤ ਬਲਾਕ ਦੇ ਆਗੂਆਂ ਨੂੰ ਜੇਲ੍ਹ ਵਿੱਚ ਰੱਖਿਆ ਹੈ। ਓ.ਬੀ.ਸੀ.-ਐਸ.ਸੀ.-ਐਸ.ਟੀ. ਦੀ ਗੱਲ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕੀਤੇ ਜਾ ਰਹੇ ਹਨ। ਰਾਹੁਲ ਗਾਂਧੀ ਨੇ ਭਗਵਾਨ ਸ਼ਿਵ ਦੀ ਅਭਯਾ ਮੁਦਰਾ ਦਾ ਜ਼ਿਕਰ ਕਰਦੇ ਕਿਹਾ ਕਿ ਕਾਂਗਰਸ ਅਭਯਾ ਮੁਦਰਾ 'ਚ ਹੈ। ਵੱਖ-ਵੱਖ ਧਰਮਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਵਿਚ ਵੀ ਅਭਯਾ ਮੁਦਰਾ ਦਿਖਾਈ ਦਿੰਦੀ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਇੱਕ ਦਿਨ ਮੋਦੀ ਜੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਭਾਰਤ ਨੇ ਕਦੇ ਕਿਸੇ 'ਤੇ ਹਮਲਾ ਨਹੀਂ ਕੀਤਾ। ਕਿਉਂਕਿ ਭਾਰਤ ਅਹਿੰਸਾ ਦਾ ਦੇਸ਼ ਹੈ, ਇਹ ਕਿਸੇ ਤੋਂ ਡਰਨ ਵਾਲਾ ਨਹੀਂ। ਸਾਡੇ ਮਹਾਪੁਰਖਾਂ ਨੇ ਇਹ ਸੰਦੇਸ਼ ਦਿੱਤਾ ਸੀ- ਡਰੋ ਨਾ, ਨਾ ਹੀ ਡਰਾਓ। ਸ਼ਿਵਜੀ ਕਹਿੰਦੇ ਹਨ - ਡਰੋ ਨਾ, ਨਾ ਡਰਾਓ। ਦੂਜੇ ਪਾਸੇ ਜਿਹੜੇ ਲੋਕ ਆਪਣੇ ਆਪ ਨੂੰ ਹਿੰਦੂ ਕਹਾਉਂਦੇ ਹਨ ਉਹ 24 ਘੰਟੇ ਹਿੰਸਾ ਤੇ ਨਫ਼ਰਤ ਵਿਚ ਉਲਝੇ ਰਹਿੰਦੇ ਹਨ। ਹਿੰਦੂ ਧਰਮ ਵਿੱਚ ਸਾਫ਼ ਲਿਖਿਆ ਹੈ ਕਿ ਸੱਚ ਦਾ ਸਾਥ ਦੇਣਾ ਚਾਹੀਦਾ ਹੈ।

## ਭਾਰਤੀ ਫ਼ੌਜ ਸਾਰੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਤਿਆਰ ਤੇ ਪੂਰੀ ਤਰ੍ਹਾਂ ਸਮਰੱਥ: ਜਨਰਲ ਦਿਵੇਦੀ

**ਨਵੀਂ ਦਿੱਲੀ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਫ਼ੌਜ ਦੇ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਪੂਰਬ ਲੱਦਾਖ ਵਿੱਚ ਚੀਨ ਦੇ ਨਾਲ ਜਾਰੀ ਸਰਹੱਦੀ ਵਿਵਾਦ ਵਿਚਾਲੇ ਅੱਜ ਕਿਹਾ ਕਿ ਭਾਰਤੀ ਫ਼ੌਜ ਦੇਸ਼ ਦੇ ਸਮਰੱਥ ਸਾਰੇ ਮੌਜੂਦਾ ਤੇ ਭਵਿੱਖ ਦੀਆਂ ਸੁਰੱਖਿਆ ਚੁਣੌਤੀਆਂ ਦਾ ਮੁਕਾਬਲਾ ਕਰਨ ਵਾਸਤੇ ਤਿਆਰ ਤੇ ਪੂਰੀ ਤਰ੍ਹਾਂ ਸਮਰੱਥ ਹੈ। ਦੇਸ਼ ਦੇ 13 ਲੱਖ ਸੈਨਿਕਾਂ ਵਾਲੇ ਮਜ਼ਬੂਤ ਬਲ ਦੀ ਕਮਾਨ ਸੰਭਾਲਣ ਤੋਂ ਇਕ ਦਿਨ ਬਾਅਦ ਉਨ੍ਹਾਂ ਕਿਹਾ ਕਿ ਥਲ ਸੈਨਾ, ਹਵਾਈ ਸੈਨਾ ਅਤੇ ਜਲ ਸੈਨਾ ਵਿਚਾਲੇ ਤਾਲਮੇਲ ਯਕੀਨੀ ਬਣਾਉਣਾ ਉਨ੍ਹਾਂ ਦੀਆਂ ਤਰਜੀਹਾਂ ਵਿੱਚੋਂ ਇਕ ਹੋਵੇਗਾ। ਰਾਇਸਾਨਾ ਹਿੱਲਜ਼ ਦੇ ਸਾਊਥ ਬਲਾਕ ਵਿੱਚ ਸਲਾਮੀ ਗਾਰਦ ਦਾ ਨਿਰੀਖਣ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਭਾਰਤੀ ਫ਼ੌਜ ਨਿਵੇਕਲੀਆਂ ਜੰਗੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ ਅਤੇ ਅਜਿਹੇ ਖਤਰਿਆਂ ਲਈ ਤਿਆਰ ਰਹਿਣ ਵਾਸਤੇ ਇਹ ਮਹੱਤਵਪੂਰਨ ਹੈ ਕਿ ਸੈਨਿਕਾਂ ਨੂੰ ਆਧੁਨਿਕ ਹਥਿਆਰ ਮੁਹੱਈਆ ਕਰਵਾਏ ਜਾਣ।

## ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਚੱਲ ਰਹੇ ਪ੍ਰੋਜੈਕਟ ਜਲਦੀ ਹੋਣਗੇ ਪੂਰੇ : ਡਾ. ਬਲਜੀਤ ਕੌਰ

### ਅਨੁਸੂਚਿਤ ਜਾਤੀਆਂ ਦੇ ਵਿਕਾਸ ਪ੍ਰੋਜੈਕਟਾਂ ਲਈ 7.69 ਕਰੋੜ ਰੁਪਏ ਖਰਚ ਕਰਨ ਦੀ ਮਨਜ਼ੂਰੀ

**ਚੰਡੀਗੜ੍ਹ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਦੀ ਭਲਾਈ ਲਈ ਚੱਲ ਰਹੇ ਵੱਖ-ਵੱਖ ਪ੍ਰੋਜੈਕਟਾਂ ਅਧੀਨ ਬਕਾਇਆ ਰਾਸ਼ੀ ਨੂੰ ਚਾਲੂ ਵਿੱਤੀ ਸਾਲ 2024-25 ਦੌਰਾਨ ਖਰਚ ਕਰਨ ਦੀ ਸੂਬਾ ਸਰਕਾਰ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ। ਇਹ ਪ੍ਰਗਟਾਵਾ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਪ੍ਰੈਸ ਵਾਰਤਾ ਦੌਰਾਨ ਕੀਤਾ। ਵਧੇਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਕੇਂਦਰੀ ਪ੍ਰਯੋਜਿਤ ਸਕੀਮ ਪ੍ਰਧਾਨ ਮੰਤਰੀ ਅਨੁਸੂਚਿਤ ਜਾਤੀ ਅਭਿਉਦੈ ਯੋਜਨਾ ਦੇ ਗ੍ਰਾਂਟ ਇੰਨ ਏਡ ਕੰਪੋਨੈਂਟ ਤਹਿਤ ਕੇਂਦਰ ਸਰਕਾਰ ਵੱਲੋਂ ਪੰਜਾਬ ਰਾਜ ਦੇ ਸਾਲ 2022-23 ਦਾ ਐਕਸ਼ਨ ਪਲਾਨ ਪ੍ਰਵਾਨ ਕੀਤਾ ਗਿਆ ਸੀ ਅਤੇ ਇਹਨਾਂ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਸਾਲ 2023-24 'ਚ 17.24 ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਗਈ ਸੀ। ਜਿਸ ਨਾਲ ਜ਼ਿਲ੍ਹਾ ਪੱਧਰੀ ਤੇ ਰਾਜ ਪੱਧਰੀ ਪ੍ਰੋਜੈਕਟਾਂ ਨੂੰ ਮੁਕੰਮਲ ਕੀਤਾ ਜਾ ਸਕੇ।

ਉਨ੍ਹਾਂ ਵਿਆਖਿਆ ਕੀਤੀ ਕਿ ਮਨਜ਼ੂਰ ਹੋਏ 17.24 ਕਰੋੜ ਰੁਪਏ ਨੂੰ ਖਰਚ ਕਰਨ ਲਈ ਸੀਮਾ ਨਿਰਧਾਰਤ ਕੀਤੀ ਸੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ ਤੇ ਬਠਿੰਡਾ ਅਧੀਨ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਲਈ 1.69 ਕਰੋੜ ਦੀ ਮਨਜ਼ੂਰੀ ਦਿੱਤੀ ਗਈ ਸੀ ਜਿਸ ਵਿੱਚੋ ਪਿਛਲੇ ਵਿੱਤੀ ਸਾਲ ਦੌਰਾਨ 0.84 ਕਰੋੜ ਰੁਪਏ ਦਾ ਖਰਚਾ ਹੋਇਆ ਅਤੇ ਬਕਾਇਆ ਰਾਸ਼ੀ 0.85 ਕਰੋੜ ਨੂੰ ਇਸ ਸਾਲ 2024-25 ਵਿੱਚ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਫਰੀਦਕੋਟ ਅਧੀਨ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਲਈ 0.61 ਕਰੋੜ ਵਿਚੋਂ ਪਿਛਲੇ ਵਿੱਤੀ ਸਾਲ ਦੌਰਾਨ 0.16 ਕਰੋੜ ਰੁਪਏ ਦਾ ਖਰਚਾ ਹੋਇਆ ਅਤੇ ਬਕਾਇਆ ਰਾਸ਼ੀ 0.45 ਕਰੋੜ ਨੂੰ ਚਾਲੂ ਵਿੱਤੀ ਸਾਲ ਵਿੱਚ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਇਸੇ ਤਰ੍ਹਾਂ ਕਪੂਰਥਲਾ ਜ਼ਿਲ੍ਹਾ ਅਧੀਨ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਲਈ 1.29 ਕਰੋੜ ਦੀ ਮਨਜ਼ੂਰੀ ਦਿੱਤੀ ਗਈ ਸੀ ਜਿਸ ਵਿੱਚੋ ਪਿਛਲੇ ਵਿੱਤੀ ਸਾਲ ਦੌਰਾਨ 0.20 ਕਰੋੜ ਰੁਪਏ ਖਰਚਾ ਕੀਤੇ ਗਏ ਅਤੇ ਬਕਾਇਆ ਰਾਸ਼ੀ 1.09 ਕਰੋੜ ਨੂੰ ਇਸ ਸਾਲ ਵਿੱਚ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਇਸੇ ਤਰਜ਼ ਤੇ ਲੁਧਿਆਣਾ ਜ਼ਿਲ੍ਹੇ ਅਧੀਨ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਲਈ 2.30 ਕਰੋੜ ਰੁਪਏ ਵਿੱਚੋ ਪਿਛਲੇ ਵਿੱਤੀ ਸਾਲ ਦੌਰਾਨ ਕੇਵਲ 0.66 ਕਰੋੜ ਰੁਪਏ ਦਾ ਖਰਚਾ ਹੋਇਆ ਅਤੇ ਬਕਾਇਆ ਰਾਸ਼ੀ 1.64 ਕਰੋੜ ਨੂੰ ਸਾਲ 2024-25 ਵਿੱਚ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਮੋਗਾ ਜ਼ਿਲ੍ਹਾ ਅਧੀਨ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਲਈ 1.32 ਕਰੋੜ ਦੀ ਮਨਜ਼ੂਰੀ ਦਿੱਤੀ ਗਈ ਸੀ ਜਿਸ ਵਿੱਚੋ ਪਿਛਲੇ ਵਿੱਤੀ ਸਾਲ ਦੌਰਾਨ ਕੇਵਲ 0.34 ਕਰੋੜ ਰੁਪਏ ਦਾ ਖਰਚਾ ਹੋਇਆ ਅਤੇ ਬਕਾਇਆ ਰਾਸ਼ੀ 0.98 ਕਰੋੜ ਨੂੰ ਇਸ ਵਿੱਤੀ ਵਰ੍ਹੇ ਵਿੱਚ ਖਰਚ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਰਾਜ ਪੱਧਰੀ ਪ੍ਰੋਜੈਕਟਾਂ ਲਈ 8.28 ਕਰੋੜ ਰੁਪਏ ਵਿੱਚੋਂ 5.59 ਕਰੋੜ ਦਾ ਖਰਚਾ ਹੋਇਆ ਅਤੇ 2.69 ਬਕਾਇਆ ਰਾਸ਼ੀ ਨੂੰ ਖਰਚ ਕਰਨ ਦੀ ਪ੍ਰਵਾਨਗੀ ਚਾਲੂ ਵਿੱਤੀ ਸਾਲ ਦੌਰਾਨ ਦਿੱਤੀ ਗਈ ਹੈ।

## ਅਕਾਲੀ ਦਲ ਦੇ ਬਾਗੀ ਧੜੇ ਨੇ ਕੀਤਾ ਵੱਡਾ ਧਮਾਕਾ, ਸੁਖਬੀਰ ਬਾਦਲ ਤੋਂ ਹੋਈਆਂ ਚਾਰ ਵੱਡੀਆਂ ਗ਼ਲਤੀਆਂ ਕਬੂਲੀਆਂ

**ਅੰਮ੍ਰਿਤਸਰ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਖ਼ਿਲਾਫ ਪਾਰਟੀ ਅੰਦਰ ਹੀ ਵੱਡੀ ਬਗਾਵਤ ਹੋ ਗਈ ਹੈ। ਅਕਾਲੀ ਦਲ ਦਾ ਬਾਗੀ ਧੜਾ ਸੋਮਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚਿਆ। ਇੱਥੇ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਮੁਆਫ਼ੀਨਾਮਾ ਦਿੱਤਾ। ਇਸ ਮੁਆਫ਼ੀਨਾਮੇ ਵਿਚ ਸੁਖਬੀਰ ਸਿੰਘ ਬਾਦਲ ਤੋਂ ਹੋਈਆਂ ਚਾਰ ਗਲਤੀਆਂ ਲਈ ਮੁਆਫੀ ਮੰਗੀ ਗਈ ਹੈ। ਜਿਸ ਵਿਚ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਮੁਆਫੀ ਦੇਣ ਨੂੰ ਗਲਤੀ ਮੰਨਿਆ ਗਿਆ ਹੈ। 2015 ਵਿਚ ਫਰੀਦਕੋਟ ਦੇ ਬਰਗਾੜੀ ਵਿਚ ਹੋਈ ਬੇਅਦਬੀ ਦੀ ਘਟਨਾ ਦੀ ਸਹੀ ਢੰਗ ਨਾਲ ਜਾਂਚ ਨਾ ਕਰਨ ਲਈ ਵੀ ਮੁਆਫੀ ਮੰਗੀ ਗਈ ਹੈ। ਉਥੇ ਹੀ ਆਈ. ਪੀ. ਐੱਸ ਅਫਸਰ ਸੁਮੇਧ ਸੈਣੀ ਨੂੰ ਡੀ. ਜੀ. ਪੀ. ਬਣਾਉਣਾ ਅਤੇ ਮੁਹੰਮਦ ਇਜ਼ਹਾਰ ਆਲਮ ਦੀ ਪਤਨੀ ਨੂੰ ਟਿਕਟ ਦੇਣਾ ਵੀ ਗਲਤੀ ਮੰਨੀ ਗਈ ਹੈ।

ਇਸ ਦੌਰਾਨ ਬਾਗੀ ਧੜੇ ਨੇ ਤਲਵੰਡੀ ਸਾਬੋ ਸਥਿਤ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਵੀ ਮੁਲਾਕਾਤ ਕੀਤੀ। ਗਿਆਨੀ ਹਰਪ੍ਰੀਤ ਸਿੰਘ ਨੇ ਦੋਵਾਂ ਧਿਰਾਂ ਨੂੰ ਬੈਠ ਕੇ ਕੋਈ ਹੱਲ ਕੱਢਣ ਲਈ ਆਖਿਆ ਹੈ। ਇਕ ਪਾਸੇ ਅਕਾਲੀ ਦਲ ਵਿਚ ਬਗਾਵਤ ਤੇਜ਼ ਹੁੰਦੀ ਜਾ ਰਹੀ ਹੈ ਤਾਂ ਦੂਜੇ ਪਾਸੇ ਸੁਖਬੀਰ ਵੀ ਆਪਣੇ ਧੜੇ ਨੂੰ ਮਜ਼ਬੂਤ ਕਰਨ ਵਿਚ ਜੁਟੇ ਹੋਏ ਹਨ। ਇਸ ਸਮੇਂ ਪਾਰਟੀ ਦੇ ਮੌਜੂਦਾ 35 ਜ਼ਿਲ੍ਹਾ ਪ੍ਰਧਾਨਾਂ ਵਿੱਚੋਂ 33 ਅਤੇ ਮੌਜੂਦਾ 105 ਹਲਕਾ ਇੰਚਾਰਜਾਂ ਵਿਚੋਂ 96 ਸੁਖਬੀਰ ਸਿੰਘ ਬਾਦਲ ਦੇ ਨਾਲ ਖੜ੍ਹੇ ਹਨ। ਦੂਜੇ ਪਾਸੇ ਚੰਡੀਗੜ੍ਹ ਪਾਰਟੀ ਦਫ਼ਤਰ ਪੁੱਜੇ ਸੁਖਬੀਰ ਬਾਦਲ ਨੂੰ ਜਦੋਂ ਪਾਰਟੀ ਆਗੂਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੈਂ ਕੀ ਕਹਾਂ, ਉਨ੍ਹਾਂ ਨੂੰ ਪੁੱਛੋ ਕਿ ਉਹ ਕਿਉਂ ਗਏ ਹਨ।

**ਕੀ ਕਿਹਾ ਚੰਦੂਮਾਜਰਾ ਨੇ**

ਇਸ ਦੌਰਾਨ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅਸੀਂ ਪਹਿਲਾਂ ਮੁਆਫੀ ਮੰਗਾਂਗੇ ਫਿਰ ਅੱਗੇ ਵਧਾਂਗੇ। ਉਨ੍ਹਾਂ ਕਿਹਾ ਕਿ ਅਸੀਂ ਬਾਗੀ ਨਹੀਂ, ਬਾਗੀ ਉਹ ਗਰੁੱਪ ਹੈ ਜਿਹੜਾ ਅਕਾਲੀ ਦਲ ਨੂੰ ਕਮਜ਼ੋਰ ਕਰ ਰਿਹਾ ਹੈ। ਸੁਖਬੀਰ ਬਾਦਲ ਨੇ ਵਿਧੀ ਵਿਧਾਨ ਨੂੰ ਨਹੀਂ ਮੰਨਿਆ।

ਉਨ੍ਹਾਂ ਕਿਹਾ ਕਿ ਅਸੀਂ ਖਿਮਾ ਯਾਚਕਾ ਲਈ ਆਏ ਹਾਂ, ਜੋ ਗਲਤੀਆਂ ਹੋਈਆਂ ਉਸ ਲਈ ਅਰਜ਼ੀ ਦੇਣ ਆਏ ਹਾਂ। ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਆਪਣੀਆਂ ਗ਼ਲਤੀਆਂ ਸਬੰਧੀ ਅਰਜ਼ੀ ਦਵਾਂਗੇ, ਅਗਲਾ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਕਰਨਾ ਹੈ। ਉਨ੍ਹਾਂ ਕਿਹਾ ਕਿ ਪੰਥ ਪਾਰਟੀ ਤੋਂ ਨਾਰਾਜ਼ ਹੈ, ਇਸ ਲਈ ਖਿਮਾ ਮੰਗਾਂਗੇ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਤਗੜਾ ਕਰਨ ਲਈ ਵਿਦਵਾਨਾਂ ਕੋਲ ਵੀ ਜਾਵਾਂਗੇ। ਅਸੀਂ ਮੁਆਫੀ ਲੈ ਕੇ ਹੀ ਅੱਗੇ ਵਧਾਂਗੇ।

## ਹਰਜੋਤ ਬੈਂਸ ਦੇ ਦਿਸ਼ਾਂ ਨਿਰਦੇਸ਼ਾ ਤੇ ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਪ੍ਰਸ਼ਾਸ਼ਨ ਹੜ੍ਹ ਰੋਕੂ ਪ੍ਰਬੰਧਾਂ ਲਈ ਹੋਇਆ ਪੱਬਾ ਭਾਰ

**ਸ੍ਰੀ ਅਨੰਦਪੁਰ ਸਾਹਿਬ, 2 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾਂ ਨਿਰਦੇਸ਼ਾ ਤੇ ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਰੂਪਨਗਰ ਦੀ ਅਗਵਾਈ ਵਿੱਚ ਪ੍ਰਸ਼ਾਸ਼ਨ ਹੜ੍ਹ ਰੋਕੂ ਪ੍ਰਬੰਧਾਂ ਦੀਆਂ ਅਗਾਓ ਤਿਆਰੀਆਂ ਲਈ ਪੱਬਾ ਭਾਰ ਹੈ। ਦਰਿਆਵਾਂ, ਨਹਿਰਾ ਦੇ ਕੰਢਿਆ ਨੂੰ ਮਜਬੂਤ ਕਰਨ ਦੇ ਨਾਲ ਨਾਲ ਜਿਹੜੇ ਪਿੰਡ ਪਿਛਲੇ ਸਮੇ ਦੌਰਾਨ ਹੜ੍ਹ ਦੀ ਮਾਰ ਹੇਠ ਆਏ ਹਨ, ਉਨ੍ਹਾਂ ਨੂੰ ਸੁਰੱਖਿਅਤ ਕਰਨ ਲਈ ਵੱਖ ਵੱਖ ਵਿਭਾਗ ਪਿਛਲੇ ਕਾਫੀ ਸਮੇਂ ਤੋਂ ਲਗਾਤਾਰ ਵਿਆਪਕ ਪ੍ਰਬੰਧ ਕਰ ਰਹੇ ਹਨ।

ਰਾਜਪਾਲ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਮਹਿੰਦਲੀ ਕਲਾਂ, ਬੁਰਜ, ਸ਼ਾਹਪੁਰ ਬੇਲਾ, ਰਾਏਪੁਰ, ਸੰਗਤਪੁਰ, ਝੱਜ, ਚੰਦਪੁਰ ਪਿੰਡਾਂ ਦਾ ਦੌਰਾ ਕੀਤਾ ਤੇ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਦੱਸਿਆ ਕਿ ਹੜ੍ਹ ਤੋ ਬਚਾਅ ਲਈ ਸੁਚਾਰੂ ਪ੍ਰਬੰਧ ਕਰ ਰਹੇ ਹਾਂ, ਡੰਗੇ ਲਗਾਏ ਜਾ ਰਹੇ ਹਨ, ਰਿਵਰਟਮੈਂਟ ਨਾਲ ਇਲਾਕੇ ਦੇ ਪਿੰਡਾ ਨੂੰ ਹੜ੍ਹਾਂ ਦੀ ਮਾਰ ਤੋ ਬਚਾਉਣ ਲਈ ਪ੍ਰਬੰਧ ਕੀਤੇ ਹਨ ਤੇ ਇਸ ਰਿਵਰਟਮੈਂਟ ਦੀ ਕੁੱਲ ਲੰਬਾਈ 1900 ਫੁੱਟ ਹੈ ਅਤੇ ਇਸ ਦੀਆਂ 3 ਲੇਅਰਾ (12,10,8 ਫੁੱਟ) ਦੀਆਂ ਲਗਾਈਆਂ ਗਈਆਂ ਹਨ ਅਤੇ ਉਚਾਈ ਬੇਸ ਤੋਂ 12 ਫੁੱਟ ਹੈ। ਇਸ ਰਿਵਰਟਮੈਂਟ ਨਾਲ ਲੱਗਦੇ ਪਿੰਡ ਹਰੀਵਾਲ, ਬੱਲੋਵਾਲ ਅਤੇ ਕੁੱਝ ਘਰ ਚੰਦਪੁਰ ਸ੍ਰੀ ਅਨੰਦਪੁਰ ਸਾਹਿਬ ਨੂੰ ਹੜ੍ਹਾਂ ਦੀ ਮਾਰ ਬਚਾ ਰਹੇ ਹਾਂ।

ਉਨ੍ਹਾਂ ਨੇ ਦੱਸਿਆ ਕਿ ਪਿੰਡ ਬੁਰਜ ਵਿਖੇ ਰਿਵਰਟਮੈਂਟ ਦੇ ਕੰਮ 100 ਪ੍ਰਤੀਸ਼ਤ ਮੁਕੰਮਲ ਹੋ ਚੁੱਕਾ ਹੈ। ਦਰਿਆ ਸਤਲੁਜ ਦੇ ਨਾਲ ਲੱਗਦੇ ਇਸ ਪਿੰਡ ਲਈ 530 ਫੁੱਟ ਦੀ ਰਿਵਰਟਮੈਂਟ ਲਗਾਈ ਗਈ ਹੈ, ਕਿਉਂਕਿ ਪਿਛਲੇ ਸਾਲ ਪਾੜ ਪੈਣ ਕਾਰਣ ਇਹ ਪਿੰਡ ਹੜ੍ਹਾਂ ਦੀ ਮਾਰ ਨਾਲ ਪ੍ਰਭਾਵਿਤ ਹੋਇਆ ਸੀ। ਉਨ੍ਹਾਂ ਨੇ ਦੱਸਿਆ ਕਿ ਇਸ ਰਿਵਰਟਮੈਂਟ ਦੀ ਕੁੱਲ ਲੰਬਾਈ 530 ਫੁੱਟ ਹੈ ਅਤੇ ਇਸ ਦੀਆਂ 3 ਲੇਅਰਾਂ (12,10,8 ਫੁੱਟ) ਦੀਆਂ ਲਗਾਈਆਂ ਗਈਆਂ ਹਨ ਅਤੇ ਉਚਾਈ ਬੇਸ ਤੋਂ 12 ਫੁੱਟ ਹੈ। ਇਸ ਰਿਵਰਟਮੈਂਟ ਨਾਲ ਲੱਗਦੇ ਪਿੰਡਾਂ ਗੋਬਿੰਦਪੁਰ ਬੇਲਾ, ਅਮਰਪੁਰ ਬੇਲਾ ਅਤੇ ਕੁੱਝ ਪਿੰਡ ਖੱਬੇ ਪਾਸੇ ਚੰਦਪੁਰ ਦੇ ਹਨ ਜਿਨ੍ਹਾਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਦੇ ਪ੍ਰਬੰਧ ਕੀਤੇ ਹਨ।

ਐਸ.ਡੀ.ਐਮ ਨੇ ਦੱਸਿਆ ਕਿ ਸ਼ਾਹਪੁਰ ਬੇਲਾ, ਨੂਰਪੁਰ ਬੇਦੀ- ਪਿੰਡ ਬੁਰਜ ਵਿਖੇ ਰਿਵਰਟਮੈਂਟ ਦੇ ਹੋਏ ਕੰਮ ਦਾ ਜਾਇਜਾ ਲੈਣ ਪਹੁੰਚੇ ਹਾਂ ਤੇ ਕੰਮ 90% ਮੁਕੰਮਲ ਹੋ ਚੁੱਕਾ ਹੈ। ਇਸ ਪਿੰਡ ਲਈ 400 ਫੁੱਟ ਦੀ ਰਿਵਰਟਮੈਂਟ ਲਗਾਈ ਗਈ ਹੈ, ਕਿਉਂਕਿ ਪਿਛਲੇ ਸਾਲ ਪਾੜ੍ਹ ਪੈਣ ਕਾਰਣ ਇਹ ਪਿੰਡ ਹੜ੍ਹਾਂ ਦੀ ਮਾਰ ਹੇਠ ਆਇਆ ਸੀ। ਇਸ ਰਿਵਰਟਮੈਂਟ ਦੀ ਕੁੱਲ ਲੰਬਾਈ 400 ਫੁੱਟ ਹੈ ਅਤੇ ਇਸ ਦੀਆਂ 2 ਲੇਅਰਾਂ (10-12) ਦੀਆਂ ਲਗਾਈਆਂ ਗਈਆਂ ਹਨ ਅਤੇ ਉਚਾਈ ਬੇਸ ਤੋਂ 7 ਫੁੱਟ ਹੈ ਉਨ੍ਹਾਂ ਨੇ ਦੱਸਿਆ ਕਿ ਇਸ ਵਾਰ ਹੜ੍ਹਾਂ ਤੋ ਬਚਾਅ ਲਈ ਇਹ ਅਗਾਓ ਪ੍ਰਬੰਧ ਕੀਤੇ ਗਏ ਹਨ। ਐਸ.ਡੀ.ਐਮ ਨੇ ਹੋਰ ਦੱਸਿਆ ਕਿ ਰਾਏਪੁਰ, ਸੰਗਤਪੁਰ, ਝੱਜ-ਪਿੰਡ ਰਾਏਪੁਰ-ਝੱਜ ਵਿਖੇ ਪਿਛਲੇ ਸਮੇ ਦੌਰਾਨ ਆਏ ਹੜ੍ਹ ਕਾਰਨ ਪਿੰਡ ਰਾਏਪੁਰ 2 ਥਾਵਾਂ ਦੇ ਨਾਲ ਲੱਗਦੀ ਉਸਾਰੀਆਂ ਨੂੰ ਖੋਰਾ ਪਾਇਆ ਗਿਆ ਹੈ ਜਿਸ ਦਾ ਡਿੱਗਣ ਦਾ ਖਦਸਾ ਸੀ।

# ਮੈਨੂੰ ਸਲਾਹ ਨਹੀਂ, ਸਹਿਯੋਗ ਚਾਹੀਦਾ



ਦੁਨੀਆ ਦੀ ਸਭ ਤੋਂ ਸਸਤੀ ਚੀਜ਼ ਸਲਾਹ ਹੈ ਜੋ ਇਕ ਤੋਂ ਮੰਗੋ ਹਜ਼ਾਰਾਂ ਤੋਂ ਮਿਲਦੀ ਹੈ ਤੇ ਸਭ ਤੋਂ ਮਹਿੰਗਾ ਹੈ ਚੀਜ਼ ਸਹਿਯੋਗ ਹਜ਼ਾਰਾਂ ਤੋਂ ਮੰਗੋ ਇਕ ਤੋਂ ਮਿਲਦਾ ਹੈ। ਕੁਝ ਅਜਿਹਾ ਹੀ ਹੋਇਆ ਅੰਮ੍ਰਿਤਾ ਦੇ ਨਾਲ ਜਿਸ ਨੇ ਬਚਪਨ ਤੋਂ ਇਕ ਹੀ ਸੁਪਨਾ ਵੇਖਿਆ ਸੀ ਪਾਇਲਟ ਬਣਨ ਦਾ। ਬਚਪਨ ਤੋਂ ਹੀ ਉਸ ਦੇ ਇਰਾਦੇ ਮਜ਼ਬੂਤ ਸਨ। ਆਪਣੇ ਇਸੇ ਜਜ਼ਬੇ ਦੇ ਨਾਲ ਉਸ ਨੇ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਉਡਾਨ ਭਰਨੀ ਸ਼ੁਰੂ ਕਰ ਦਿੱਤੀ ਸੀ ਪਰ ਜਦ ਉਹ ਇਸ ਸੁਪਨੇ ਨੂੰ ਪੂਰਾ ਕਰਨ ਦੇ ਬਿਲਕੁਲ ਨੇੜੇ ਜਾ ਪਹੁੰਚੀ ਤਾਂ ਉਸ ਨੂੰ ਇਸ ਦੁਨੀਆ ਦੀਆਂ ਖੋਖਲੀਆਂ ਗੱਲਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ ਕਿ ਕੁੜੀ ਹੋ ਕੇ ਇੰਨੇ ਵੱਡੇ ਸੁਪਨੇ? ਕੁੜੀ ਹੈ ਅੱਜ ਨਹੀਂ ਤਾਂ ਕੱਲ੍ਹ ਸੁਹਰੇ ਘਰ ਜਾਣਾ ਹੈ ਇਸ ਲਈ ਘਰ ਦਾ ਕੰਮ ਸਿੱਖ, ਇਹੋ-ਜਿਹੇ ਸੁਪਨੇ ਨਾ ਪਾਲ! ਦੁਨੀਆ ਦੀਆਂ ਅਜਿਹੀ ਗੱਲਾਂ ਨਾਲ ਉਸ ਦਾ ਹੌਸਲਾ ਟੁਟਿਆ ਨਹੀ ਬਲਕਿ ਹੋਰ ਮਜ਼ਬੂਤ ਹੋ ਗਿਆ। ਇਸ ਵਕਤ ਉਸ ਨੂੰ ਪਰਿਵਾਰ ਦੇ ਸਹਿਯੋਗ ਦੀ ਜ਼ਰੂਰਤ ਸੀ ਪਰ ਉਸ ਦੇ ਘਰਦਿਆਂ ਨੇ ਵੀ ਹੋਰ ਲੋਕਾਂ ਵਾਂਗ ਹੀ ਉਸ ਨੂੰ ਸਲਾਹ ਦੇਣੀ ਸ਼ੁਰੂ ਕਰ ਦਿੱਤੀ। ਸਿਰਫ਼ ਤਾਂ ਸਿਰਫ਼ ਉਸ ਦਾ ਸਾਥ ਦਿੱਤਾ, ਉਸ ਦੀ ਵੱਡੀ ਭੈਣ ਰਾਣੋ ਨੇ। ਆਪਣੇ ਘਰਦਿਆਂ ਦੇ ਖਿਲਾਫ਼ ਜਾ ਕੇ ਰਾਣੋ ਨੇ ਉਸ ਦੇ ਸੁਪਨਿਆਂ ਨੂੰ ਤਰਜੀਹ ਦਿੱਤੀ। ਅੰਮ੍ਰਿਤਾ ਨੇ ਜਦੋਂ ਆਪਣਾ ਸੁਪਨਾ ਨੂੰ ਪੂਰਾ ਕਰਨ ਲਈ ਘਰੋਂ ਪੈਰ ਪੁੱਟਿਆ ਤਾਂ ਆਪਣੇ ਘਰਦਿਆਂ ਨੂੰ ਬਸ ਇਹੀ ਕਿਹਾ, 'ਮੈਨੂੰ ਤੁਹਾਡੀ ਸਲਾਹ ਨਹੀ ਸਹਿਯੋਗ ਚਾਹੀਦਾ ਸੀ ਕਿਉਂਕਿ ਸਲਾਹ ਤਾਂ ਪੂਰੀ ਦੁਨੀਆ ਦੇ ਰਹੀ ਸੀ ਸਹਿਯੋਗ ਸਿਰਫ਼ ਆਪਣੇ ਦੇ ਸਕਦੇ ਸੀ ਪਰ ਸ਼ਾਇਦ ਮੇਰੇ ਆਪਣੇ ਵੀ ਬਾਕੀ ਦੁਨੀਆ ਵਾਂਗ ਸਲਾਹ ਹੀ ਦੇ ਸਕਦੇ, ਸਹਿਯੋਗ ਨਹੀ!

• ਸ਼ਿਵਾਨੀ

# ਕਰਮਾਂ ਦਾ ਫਲ਼

***ਡਾਕਟਰ ਨੇ ਉਨ੍ਹਾਂ ਨੂੰ ਦੱਸਿਆ ਕਿ ਹਿਮਾਨੀ ਦੇ ਅੰਦਰ ਲਗਾਤਾਰ ਸਿਗਰਟ ਦਾ ਧੂੰਆਂ ਜਾਣ ਕਾਰਨ ਉਸ ਨੂੰ ਦਮੇ ਦੀ ਬਿਮਾਰੀ ਹੋ ਗਈ ਹੈ।***



ਮਨਮੀਤ ਰੋਜ਼ ਦੀ ਤਰ੍ਹਾਂ ਬੈਠਕ ਵਿਚ ਆਪਣੀ ਤਿੰਨ ਸਾਲਾਂ ਦੀ ਕੁੜੀ ਹਿਮਾਨੀ ਕੋਲ ਬੈਠਾ ਸਿਗਰਟ ਪੀ ਰਿਹਾ ਸੀ , ਸਿਗਰਟ ਦਾ ਧੂੰਆਂ ਸਿੱਧਾ ਹਿਮਾਨੀ ਦੇ ਮੂੰਹ 'ਤੇ ਪੈ ਰਿਹਾ ਸੀ ਤੇ ਹਿਮਾਨੀ ਉੱਚੀ-ਉੱਚੀ ਖੰਘ ਰਹੀ ਸੀ। ਹਿਮਾਨੀ ਨੂੰ ਖੰਘਦੇ ਦੇਖ ਕੇ ਹਰਜੋਤ ਦੌੜੀ-ਦੌੜੀ ਬੈਠਕ ਵਿਚ ਆਈ ਉਸ ਨੇ ਹਿਮਾਨੀ ਨੂੰ ਆਪਣੀ ਗੋਦ ਵਿਚ ਚੁੱਕ ਕੇ ਮਨਮੀਤ ਨੂੰ ਗੁੱਸੇ ਵਿਚ ਬੋਲ ਦੇ ਹੋਏ ਕਿਹਾ, "ਮੈਂ ਤਹਾਨੂੰ ਕਿੰਨੀ ਵਾਰੀ ਕਿਹਾ ਕਿ ਬੱਚਿਆ ਦੇ ਸਾਹਮਣੇ ਸਿਗਰਟ ਨਾ ਪੀਓ" ਪਰ ਤੁਸੀ ਮੇਰੀ ਸੁਣਦੇ ਹੀ ਨਹੀਂ!!! ਪਰ ਮਨਮੀਤ ਨੇ ਹਰਜੋਤ ਦੀ ਗੱਲ ਨਾ ਮੰਨੀ ਤੇ ਹਰਜੋਤ ਨੂੰ ਹੀ ਬੁਰਾ-ਭਲਾ ਬੋਲ ਕੇ ਓਥੋਂ ਭੇਜ ਦਿੰਦਾ ਹੈ। ਮਨਮੀਤ ਰੋਜ਼ ਹੀ ਕੰਮ ਤੋਂ ਵਾਪਸ ਆ ਕੇ ਬੱਚਿਆਂ ਕੋਲ ਸਿਗਰਟ ਪੀਂਦਾ।

ਇਸ ਤਰ੍ਹਾਂ ਇਕ ਦਿਨ ਜਦ ਮਨਮੀਤ ਕੰਮ ਤੋਂ ਵਾਪਸ ਆਇਆ ਤਾਂ ਉਸ ਨੇ ਦੇਖਿਆ ਕਿ ਹਿਮਾਨੀ ਬੜੀ ਜ਼ੋਰ-ਜ਼ੋਰ ਨਾਲ ਖੰਘ ਰਹੀ ਹੈ ਤੇ ਹਰਜੋਤ ਉਸ ਕੋਲ ਬੈਠੀ ਰੋ ਰਹੀ ਹੈ। ਹਰਜੋਤ ਨੇ ਮਨਮੀਤ ਨੂੰ ਦੱਸਿਆ ਕਿ ਹਿਮਾਨੀ ਪਿਛਲੇ ਦੋ ਘੰਟਿਆਂ ਤੋਂ ਲਗਾਤਾਰ ਖੰਘ ਕਰ ਰਹੀ ਹੈ ਤੇ ਉਸ ਨੂੰ ਸਾਹ ਲੈਣ 'ਚ ਵੀ ਤਕਲੀਫ਼ ਹੋ ਰਹੀ ਹੈ। ਮਨਮੀਤ ਇਕਦਮ ਘਬਰਾ ਗਿਆ ਤੇ ਉਹ ਦੋਵੇਂ ਹਿਮਾਨੀ ਨੂੰ ਡਾਕਟਰ ਕੋਲ ਲੈ ਗਏ। ਡਾਕਟਰ ਨੇ ਉਨ੍ਹਾਂ ਨੂੰ ਦੱਸਿਆ ਕਿ ਹਿਮਾਨੀ ਦੇ ਅੰਦਰ ਲਗਾਤਾਰ ਸਿਗਰਟ ਦਾ ਧੂੰਆਂ ਜਾਣ ਕਾਰਨ ਉਸ ਨੂੰ ਦਮੇ ਦੀ ਬਿਮਾਰੀ ਹੋ ਗਈ ਹੈ। ਇਹ ਸੁਣ ਕੇ ਮਨਮੀਤ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਹ ਸੋਚ ਰਿਹਾ ਸੀ ਕਿ ਉਸ ਦੇ ਬੁਰੇ ਕਰਮਾਂ ਦਾ ਫਲ ਉਸ ਦੀ ਬੱਚੀ ਨੂੰ ਭੁਗਤਣਾ ਪੈ ਰਿਹਾ ਹੈ।

• ਸਿਮਰਨ

ਜਸਪ੍ਰੀਤ ਕੌਰ ਸੰਘਾ

**ਔਰਤ ਹਰ ਖੇਤਰ ਵਿਚ ਮਰਦ ਦੇ ਬਰਾਬਰ ਚੱਲ ਰਹੀ ਹੈ। ਜ਼ਿੰਮੇਵਾਰੀ ਚਾਹੇ ਘਰੇਲੂ ਹੋਵੇ ਜਾਂ ਨੌਕਰੀ ਦੀ, ਔਰਤ ਪੂਰੀ ਤਨਦੇਹੀ ਨਾਲ ਨਿਭਾ ਰਹੀ ਹੈ। ਫਿਰ ਵੀ ਸਾਡੇ ਸਮਾਜ ਨੂੰ ਔਰਤ ਬੋਝ ਲੱਗਦੀ ਹੈ। ਜਦ ਕਿ ਔਰਤ ਤੋਂ ਬਿਨਾਂ ਸਮਾਜ ਦੀ ਹੋਂਦ ਸੰਭਵ ਨਹੀਂ।**

# ਬੋਝ ਨਹੀਂ, ਜਗ ਜਨਣੀ ਹਾਂ





ਬੇਸ਼ੱਕ ਅਸੀ ਆਧੁਨਿਕ ਯੁੱਗ ਦੀ ਤਕਨਾਲੋਜੀ ਭਰਪੂਰ 21ਵੀ ਸਦੀ ਵਿਚ ਵਿਚਰ ਰਹੇ ਹਾਂ ਪਰ ਔਰਤ ਪ੍ਰਤੀ ਸਾਡਾ ਨਜ਼ਰੀਆ ਓਹੀ ਰੂੜ੍ਹੀਵਾਦੀ ਹੈ। ਔਰਤ ਅੱਜ ਵੀ ਸਾਡੇ ਸਮਾਜ ਲਈ ਇਕ ਭੋਗਣ ਵਾਲੀ ਵਸਤੂ ਤੋਂ ਵੱਧ ਕੁਝ ਨਹੀ। ਇਸ ਕਰਕੇ ਧੀਆਂ ਨੂੰ ਸਮਾਜ ਵਿਚ ਅੱਜ ਵੀ ਬੋਝ ਸਮਝਿਆ ਜਾਂਦਾ ਹੈ, ਧੀਆਂ ਦਾ ਕੁੱਖਾਂ ਵਿਚ ਕਤਲ ਕਰਾਇਆ ਜਾ ਰਿਹਾ ਹੈ। ਜੇ ਕੁੱਖ ਵਿੱਚੋਂ ਬਚ ਜਾਣ ਤਾਂ ਕੂੜੇ ਦੇ ਢੇਰਾਂ 'ਤੇ ਸੁੱਟ ਦਿੱਤੀਆਂ ਜਾਂਦੀਆਂ ਹਨ ਤੇ ਜੇ ਉੱਥੋਂ ਵੀ ਬਚ ਜਾਣ ਤਾਂ ਮਰਦ ਪ੍ਰਧਾਨ ਸਮਾਜ ਦੀ ਹਵਸ ਦਾ ਸ਼ਿਕਾਰ ਹੋ ਜਾਂਦੀਆਂ ਹਨ। ਜੇ ਚੰਗੀ ਕਿਸਮਤ ਨਾਲ ਉੱਥੋਂ ਵੀ ਬਚ ਜਾਣ ਤਾਂ ਦਾਜ ਦੀ ਅੱਗ ਵਿਚ ਸਾੜ ਦਿੱਤੀਆਂ ਜਾਂਦੀਆਂ ਹਨ।

ਔਰਤ ਪ੍ਰਤੀ ਸਾਡੀ ਸੋਚ ਦੋਗਲੀ ਹੈ। ਸਾਨੂੰ ਘਰ ਵਿਚ ਸੁੰਦਰ ਨੂੰਹ ਤਾਂ ਚਾਹੀਦੀ ਪਰ ਧੀ ਨਹੀ। ਇਕ ਪਾਸੇ ਅਸੀ ਮੰਦਰਾਂ ਵਿਚ ਕੰਜਕਾਂ ਪੂਜੀ ਜਾ ਰਹੇ ਹਾਂ ਤੇ ਦੂਜੇ ਪਾਸੇ ਉਨ੍ਹਾਂ ਹੀ ਮੰਦਰਾਂ ਵਿਚ ਧੀਆਂ ਨਾਲ ਜਬਰ-ਜਿਨਾਹ ਦੀਆਂ ਘਟਨਾਵਾਂ ਹੋ ਰਹੀਆਂ ਹਨ। ਔਰਤ ਪ੍ਰਤੀ ਇਹ ਦੋਹਰਾ ਮਾਪਦੰਡ ਕਿਉਂ? ਸਮਾਜ ਦੇ ਦੋਹਰੇ ਨਜ਼ਰੀਏ ਕਰਕੇ ਹੀ ਔਰਤ ਅੱਜ ਆਪਣੇ ਵਜੂਦ ਲਈ ਤਰਸ ਰਹੀ ਹੈ।

ਅੱਜ ਔਰਤ ਹਰ ਖੇਤਰ ਵਿਚ ਮਰਦ ਦੇ ਬਰਾਬਰ ਮੋਢੇ ਨਾਲ ਮੋਢਾ ਲਾ ਕੇ ਚੱਲ ਰਹੀ ਹੈ। ਚਾਹੇ ਘਰੇਲੂ ਜ਼ਿੰਮੇਵਾਰੀ ਹੋਵੇ ਜਾਂ ਨੌਕਰੀ ਦੀ। ਔਰਤ ਦੋਨੋਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾਉਂਦੀ ਹੈ ਪਰ ਫਿਰ ਵੀ ਸਾਡੇ ਸਮਾਜ ਨੂੰ ਔਰਤ ਬੋਝ ਲੱਗਦੀ ਹੈ। ਔਰਤ ਬੋਝ ਨਹੀ, ਔਰਤ ਤਾਂ ਜਗ ਜਨਣੀ ਹੈ। ਔਰਤ ਹੈ ਤਾਂ ਹੀ ਧਰਤੀ 'ਤੇ ਜੀਵਨ ਹੈ। ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਮਹਾਰਾਣਾ ਪ੍ਰਤਾਪ , ਮਹਾਰਾਜਾ ਰਣਜੀਤ ਸਿੰਘ ਜਿਹੇ ਸੂਰਬੀਰਾਂ ਨੂੰ ਜਨਮ ਦੇਣ ਵਾਲੀ ਵੀ ਔਰਤ ਹੀ ਹੈ। ਧੀਆਂ ਨੂੰ ਕੁੱਖੀ ਕਤਲ ਕਰਨ ਤੋਂ ਪਹਿਲਾਂ ਇਕ ਵਾਰ ਝਾਂਸੀ ਦੀ ਰਾਣੀ ਲਕਸ਼ਮੀ ਬਾਈ, ਮਾਤਾ ਭਾਗ ਕੌਰ, ਮਾਤਾ ਗੁਜਰੀ, ਸਦਾ ਕੌਰ, ਕਲਪਨਾ ਚਾਵਲਾ, ਮਦਰ ਟਰੇਸਾ ਜਿਹੀਆਂ ਮਹਾਨ ਔਰਤਾਂ ਦੇ ਜੀਵਨ 'ਤੇ ਝਾਤ ਮਾਰੋ, ਜਿਨ੍ਹਾਂ ਨੂੰ ਅੱਜ ਵੀ ਉਨ੍ਹਾਂ ਦੇ ਗੁਣਾਂ ਕਰਕੇ ਯਾਦ ਕੀਤਾ ਜਾਂਦਾ ਹੈ। ਅੱਜ ਦੀ ਔਰਤ ਤਾਂ ਚੰਦ ਤਕ ਪਹੁੰਚ ਗਈ ਹੈ। ਆਪਣੇ ਹੀ ਦੇਸ਼ ਅੰਦਰ ਦੇਖ ਲਓ, ਦੇਸ਼ ਦੀ ਰੱਖਿਆ ਮੰਤਰੀ ਔਰਤ, ਵਿਦੇਸ਼ ਮੰਤਰੀ ਔਰਤ, ਲੋਕ ਸਭਾ ਦੀ ਸਪੀਕਰ ਔਰਤ, ਫਿਰ ਔਰਤ ਮਰਦ ਨਾਲੋਂ ਪਿੱਛੇ ਕਿੱਦਾ ਹੈ?

ਔਰਤ ਪਿਆਰ, ਮੋਹ, ਮਮਤਾ, ਤਿਆਗ ਅਤੇ ਸਬਰ-ਸੰਤੋਖ ਦੀ ਮੂਰਤ ਹੈ। ਤੁਸੀ ਉਸ ਨੂੰ ਜਿੰਨਾ ਜ਼ਿਆਦਾ ਪਿਆਰ-ਸਤਿਕਾਰ ਦਿਉਗੇ, ਓਹ ਉਸ ਤੋਂ ਦੁੱਗਣਾ ਤਹਾਨੂੰ ਵਾਪਸ ਦੇਵੇਗੀ। ਬਹੁਤ ਭਾਗਾਂ ਵਾਲੇ ਨੇ ਉਹ ਘਰ ਜਿੱਥੇ ਧੀ ਦਾ ਜਨਮ ਹੁੰਦਾ ਹੈ ਕਿਉਂਕਿ ਧੀ ਨਾਲ ਹੀ ਪਰਿਵਾਰ ਹੈ। ਧੀ ਨਾਲ ਹੀ ਸਮਾਜ ਹੈ ਤੇ ਧੀ ਨਾਲ ਹੀ ਸੰਸਾਰ ਹੈ। ਧੀ ਦਾ ਤ੍ਰਿਸਕਾਰ ਕਰਨ ਦੀ ਬਜਾਇ ਉਸ ਨੂੰ ਪਿਆਰ ਸਤਿਕਾਰ ਦਿਉ, ਉਡਣ ਲਈ ਖੁੱਲ੍ਹਾ ਅਸਮਾਨ ਦਿਉ। ਦੋ-ਦੋ ਘਰਾਂ ਦੀ ਮਾਣ ਮਰਿਆਦਾ ਦਾ ਪਾਲਣ ਧੀਆਂ ਕਰਦੀਆਂ ਹਨ, ਫਿਰ ਵੀ ਉਨ੍ਹਾਂ ਨੂੰ ਬੇਗਾਨੀਆਂ ਸਮਝਣਾ ਸਾਡੇ ਸਮਾਜ ਦੀ ਛੋਟੀ ਸੋਚ ਹੈ।

ਔਰਤ ਜਨਮ ਤੋਂ ਮਰਨ ਤਕ ਸਿਰਫ਼ ਪਿਆਰ ਹੀ ਵੰਡਦੀ ਹੈ। ਚਾਹੇ ਉਹ ਧੀ ਦੇ ਰੂਪ ਵਿਚ ਹੋਵੇ, ਚਾਹੇ ਭੈਣ ਦੇ ਰੂਪ ਵਿਚ, ਚਾਹੇ ਪਤਨੀ ਦੇ ਰੂਪ ਵਿਚ ਜਾਂ ਫਿਰ ਮਾਂ ਦੇ ਰੂਪ ਵਿਚ ਹੋਵੇ। ਹਰ ਰੂਪ ਵਿਚ ਔਰਤ ਪਿਆਰ ਤੇ ਬਲੀਦਾਨ ਦੀ ਮੂਰਤ ਹੈ।

ਪਰ ਅਫ਼ਸੋਸ ਸਾਡੇ ਸਮਾਜ ਵਿਚ ਔਰਤ ਦਾ ਅੱਜ ਵੀ ਆਪਣਾ ਕੋਈ ਵਜੂਦ ਨਹੀ ਹੈ। ਕੁਝ ਗਿਣਤੀ ਦੀਆਂ ਔਰਤਾਂ ਹਨ, ਜਿਨ੍ਹਾਂ ਨੇ ਸਮਾਜ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੈ, ਪਰ ਇਹ ਗਿਣਤੀ ਵੀ ਆਟੇ ਵਿਚ ਲੂਣ ਬਰਾਬਰ ਹੈ।

ਭਰੂਣ-ਹੱਤਿਆ, ਦਹੇਜ ਪ੍ਰਥਾ, ਜਿਸਮਾਨੀ ਤੇ ਮਾਨਸਿਕ ਸ਼ੋਸ਼ਣ, ਘਰੇਲੂ ਹਿੰਸਾ ਆਦਿ ਸਮੱਸਿਆਵਾਂ ਨਾਲ ਅੱਜ ਵੀ ਔਰਤ ਜੂਝ ਰਹੀ ਹੈ। ਜਿਸ ਸਮਾਜ ਵਿਚ ਔਰਤ 'ਤੇ ਇੰਨੇ ਅੱਤਿਆਚਾਰ ਹੋ ਰਹੇ ਹੋਣ, ਉਸ ਨੂੰ ਸੱਭਿਆ ਸਮਾਜ ਨਹੀ ਕਿਹਾ ਜਾ ਸਕਦਾ। ਜਿਸ ਸਮਾਜ ਵਿਚ ਔਰਤ ਆਪਣੇ ਘਰ ਵਿਚ ਵੀ ਸੁਰੱਖਿਅਤ ਨਹੀ ਅਜਿਹਾ ਸਮਾਜ ਵਿਕਾਸ ਕਿਵੇਂ ਕਰ ਸਕਦਾ ਹੈ। ਲੋੜ ਹੈ ਔਰਤ ਪ੍ਰਤੀ ਨਜ਼ਰੀਏ ਨੂੰ ਬਦਲਣ ਦੀ। ਔਰਤ ਨੂੰ ਉਸ ਦਾ ਬਣਦਾ ਮਾਣ-ਸਤਿਕਾਰ ਦੇਣ ਦੀ। ਔਰਤ ਜੀਵਨਦਾਤੀ ਹੈ। ਜੇਕਰ ਸਮਾਂ ਰਹਿੰਦੇ ਇਸ ਗੱਲ ਨੂੰ ਅਸੀ ਨਾ ਸਮਝੇ ਤਾਂ ਆਪਣੇ ਵਿਨਾਸ਼ ਦੇ ਜ਼ਿੰਮੇਵਾਰ ਅਸੀ ਖ਼ੁਦ ਹੋਵਾਂਗੇ ਤੇ ਫਿਰ ਆਦਮ ਜਾਤ ਨੂੰ ਕਿਸੇ ਵੀ ਦੈਵੀ ਸ਼ਕਤੀ ਨੇ ਆ ਕੇ ਨਹੀ ਬਚਾਉਣਾ।

**ਔਰਤ ਨੂੰ ਵਸਤੂ**
**ਸਮਝਣ ਵਾਲਿਆ**
**ਤੂੰ ਵੀ ਤਾਂ ਕਿਸੇ**
**ਔਰਤ ਦਾ ਜਾਇਆ ਹੈ**
**ਕਿਤੇ ਔਰਤ ਬਣ ਕੇ ਤਾਂ ਦੇਖ**
**ਅਸੀਂ ਕਿੰਨਾ ਦਰਦ**
**ਹੰਢਾਇਆ ਹੈ।**

ਸਤਨਾਮ ਚੌਹਾਨ

*ਬੁੱਧੀਜੀਵੀ ਸਮਾਜ ਵਿਚ ਲੇਖਕ ਵਰਗ ਵੀ ਆਉਂਦਾ ਹੈ। ਇਨ੍ਹਾਂ ਦੀ ਕਲਮ ਸੱਚ ਤੇ ਝੂਠ ਦਾ ਨਿਤਾਰਾ ਕਰਦੀ ਹੋਈ ਸਮੇਂ-ਸਮੇਂ ਸਮਾਜ ਦੀਆਂ ਕੁਰੀਤੀਆਂ ਨੂੰ ਉਜਾਗਰ ਕਰਦੀ ਹੈ।*



# ਬੁੱਧੀਜੀਵੀ

ਲੇਖਕ ਸਮਾਜ ਦਾ ਉਹ ਵਰਗ ਹੈ ਜੋ ਬੁੱਧੀਜੀਵੀ ਜਮਾਤ ਵਿਚ ਆਉਂਦਾ ਹੈ। ਲੇਖਕ ਦੀ ਕਲਮ ਹਰ, ਨਿਆਂ, ਅਨਿਆਂ ਵਿਰੁੱਧ ਖੜ੍ਹਦੀ ਹੈ। ਸੱਚ ਤੇ ਝੂਠ ਦਾ ਨਿਤਾਰਾ ਕਰਦੀ ਹੈ। ਸਮੇਂ-ਸਮੇਂ ਸਮਾਜ ਦੀਆਂ ਕੁਰੀਤੀਆਂ ਨੂੰ ਉਜਾਗਰ ਕਰਦੀ ਹੈ। ਸਾਡੇ ਗੁਰੂ ਸਾਹਿਬਾਨ ਮਹਾਨ ਲੇਖਕ ਸਨ ਜਿਨ੍ਹਾਂ ਨੇ ਗੁਰਬਾਣੀ ਰਚ ਕੇ ਸਮਾਜਿਕ ਬੁਰਾਈਆਂ ਦਾ ਵਿਰੋਧ ਅੱਜ ਤੋਂ ਕਈ ਸਾਲ ਪਹਿਲਾਂ ਕੀਤਾ। ਗੁਰੂ ਨਾਨਕ ਦੇਵ ਜੀ ਨੇ ਇਸਤਰੀਆਂ ਦੇ ਹੁੰਦੇ।

ਬੰਗਾਲ ਦੀਆਂ ਇਸਤਰੀਆਂ ਜੋ ਜਾਦੂ-ਟੂਣਿਆਂ ਵਿਚ ਫਸੀਆਂ ਹੋਈਆਂ ਸਨ, ਉਨ੍ਹਾਂ ਨੂੰ ਵੀ ਗੁਰੂ ਨਾਨਕ ਸਾਹਿਬ ਨੇ ਉਪਦੇਸ਼ ਕੀਤਾ ਤੇ ਚੰਗਾ ਜੀਵਨ ਜਿਉਣ ਵੱਲ ਪ੍ਰੇਰਿਆ। ਅੰਮ੍ਰਿਤਾ ਦੀ ਕਲਮ ਨੇ ਸਮੇਂ ਦੇ ਹਾਕਮ ਵੱਲੋਂ ਕੀਤੀ ਗਈ ਵੰਡ ਤੇ ਰੁਲੀਆਂ ਅਸਮਤਾਂ ਦੇ ਵਿਰੁੱਧ ਵੈਣ ਵਰਗੇ ਬੋਲ ਲਿਖੇ :

ਅੱਜ ਆਖਾਂ ਵਾਰਿਸ ਸ਼ਾਹ ਨੂੰ
ਕਿਤੋਂ ਕਬਰਾਂ ਵਿੱਚੋਂ ਬੋਲ...

ਇਸੇ ਤਰ੍ਹਾਂ ਮੈਡਮ ਦਲੀਪ ਕੌਰ ਟਿਵਾਣਾ, ਜੋ ਮੇਰੀ ਪਸੰਦੀਦਾ ਕਹਾਣੀਕਾਰਾ ਹੈ, ਬਚਿੰਤ ਕੌਰ ਅਤੇ ਹੋਰ ਬਹੁਤ ਸਾਰੀਆਂ ਲੇਖਕਾਵਾਂ ਤੇ ਲੇਖਕ। ਹੁਣੇ ਜਿਹੇ ਜਸਵੀਰ ਮੰਡ ਦਾ ਨਾਵਲ 'ਬੋਲ ਮਰਦਾਨਿਆ' ਆਇਆ ਜੋ ਕਿ ਮਹਾਨ ਰਚਨਾ ਹੈ ਉਸ ਲੇਖਕ ਦੀ । ਵਰ੍ਹਿਆਂ ਦੀ ਮਿਹਨਤ। ਸਮੇਂ-ਸਮੇਂ ਸਰਕਾਰ ਇਨ੍ਹਾਂ ਮਹਾਨ ਕਲਮਾਂ ਨੂੰ ਨਿਵਾਜਦੀ ਹੈ। ਇਨ੍ਹਾਂ ਦਾ ਮਾਣ-ਸਨਮਾਨ ਕੀਤਾ ਜਾਂਦਾ ਹੈ। ਜੋ ਕਿ ਕਰਨਾ ਵੀ ਬਣਦਾ ਹੈ। ਬਹੁਤ ਸਾਰੀਆਂ ਕਲਮਾਂ ਤਾਂ ਅਣਗੌਲੀਆਂ ਹੀ ਰਹਿ ਜਾਂਦੀਆਂ ਹਨ। ਜਦੋਂ ਉਹ ਲੇਖਕ ਵਿਲੱਖਣ ਅਵਸਥਾ ਵਿਚ ਹੁੰਦੇ ਹਨ। ਉਨ੍ਹਾਂ ਦੀ ਕਲਮ ਬਹੁਤ ਕੁਝ ਲਿਖਦੀ ਹੈ ਪਰ ਆਰਥਿਕ ਮਜਬੂਰੀਆਂ ਕਰਕੇ ਉਹ ਕਦੇ ਕਿਤਾਬ ਨਹੀਂ ਛਪਵਾ ਸਕਦੇ। ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਤਕ ਪਹੁੰਚਦੀਆਂ ਹੀ ਨਹੀਂ। ਜੋ ਲੇਖਕ ਸਾਹਮਣੇ ਆ ਜਾਂਦੇ ਹਨ। ਵਧੀਆ ਲਿਖਦੇ ਹਨ, ਉਨ੍ਹਾਂ ਦੁਆਰਾ ਰਚਿਆ ਸਾਹਿਤ ਪੜ੍ਹਿਆ ਤੇ ਵਿਚਾਰਿਆ ਜਾਂਦਾ ਹੈ। ਉਹ ਸਮਾਜਿਕ ਕੁਰੀਤੀਆਂ ਵਿਰੁੱਧ ਲਿਖਦੇ ਹਨ। ਸਮੇਂ ਦੇ ਹਾਕਮਾਂ ਦਾ ਵਿਰੋਧ ਕਰਦੇ ਹਨ ਜੇ ਉਹ ਗ਼ਲਤ ਹੁੰਦੇ ਹਨ। ਇਨ੍ਹਾਂ ਦੁਆਰਾ ਹੀ ਲਿਖਿਆ ਸਾਹਿਤ ਸਮੇਂ ਦੀ ਗੱਲ ਕਰਦਾ ਹੈ। ਫੇਰ ਸਰਕਾਰਾਂ ਇਨ੍ਹਾਂ ਮਹਾਨ ਕਲਮਾਂ ਨੂੰ ਸਨਮਾਨਿਤ ਕਰਦੀਆਂ ਹਨ ਪਰ ਕਦੋਂ? ਜਦੋਂ ਉਹ ਬਿਮਾਰ ਹੁੰਦੇ ਹਨ ਜਾਂ ਤੁਰਨ ਫਿਰਨ ਤੋਂ ਅਸਮਰੱਥ ਹੋ ਜਾਂਦੇ ਹਨ। ਪਿੱਛੋਂ ਜਿਹੇ ਭਾਸ਼ਾ ਵਿਭਾਗ ਵੱਲੋਂ ਲੇਖਕਾਂ ਨੂੰ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਬਹੁਤ ਚੰਗੀ ਤੇ ਖ਼ੁਸ਼ੀ ਵਾਲੀ ਗੱਲ ਹੈ। ਕਲਮਾਂ ਦਾ ਮਾਣ-ਸਨਮਾਨ ਬਣਦਾ ਹੈ ਤੇ ਕਰਨਾ ਵੀ ਚਾਹੀਦਾ ਪਰ ਕਈ ਲੇਖਕ ਬਜ਼ੁਰਗ ਹੋ ਚੁੱਕੇ ਸਨ। ਸਨਮਾਨ ਮਿਲਣ 'ਤੇ ਕੋਈ ਵੀ ਕਲਾ ਹੋਵੇ ਹੋਰ ਉਭਰਦੀ ਹੈ ਤੇ ਕਲਾਕਾਰ, ਲੇਖਕ ਉਤਸ਼ਾਹਿਤ ਹੁੰਦੇ। ਉਹ ਚੰਗਾ ਕੁਝ ਹੋਰ ਸਿਰਜਦੇ, ਜੇ ਇਹੋ ਰਾਸ਼ੀ ਉਨ੍ਹਾਂ ਨੂੰ ਠੀਕ ਸਮੇਂ ਦਿੱਤੀ ਜਾਵੇ ਜਦੋਂ ਉਹ ਪੜ੍ਹ-ਲਿਖ ਸਕਦੇ ਤੇ ਹੋਰ ਸਾਹਿਤ ਦੀ ਰਚਨਾ ਕਰ ਸਕਦੇ ਸੀ, ਨਹੀਂ ਤਾਂ ਇਹ ਪੈਸਾ ਉਨ੍ਹਾਂ ਲਈ ਕਿਸ ਕੰਮ ਦਾ ਜਦੋਂ ਉਹ ਆਪ ਤੁਰ ਫਿਰ ਨਹੀਂ ਸਕਦੇ, ਖਾ ਨਹੀਂ ਸਕਦੇ।



ਸੋ ਮੇਰੀ ਸਰਕਾਰਾਂ ਨੂੰ ਬੇਨਤੀ ਹੈ ਕਿ ਜੇਕਰ ਕੋਈ ਚੰਗਾ ਲਿਖ ਰਿਹਾ ਹੈ, ਬਿਨਾਂ ਪੱਖ-ਪਾਤ ਤੋਂ ਉਸ ਨੂੰ ਨਿਵਾਜ਼ਿਆ ਜਾਵੇ ਤਾਂ ਜੋ ਉਹ ਹੋਰ ਵਧੀਆ ਲਿਖੇ, ਕਿਉਂਕਿ ਸਾਹਿਤਕਾਰ ਨੇ ਹੀ ਸਮਾਜ ਨੂੰ ਸ਼ੀਸ਼ਾ ਦਿਖਾਉਣਾ ਹੁੰਦਾ ਕਿ ਉਹ ਕੀ ਕਰ ਰਿਹਾ ਹੈ। ਗ਼ਲਤ ਹੋ ਰਿਹਾ ਜਾਂ ਠੀਕ। ਆਓ ਆਪਾਂ ਵੀ ਉਨ੍ਹਾਂ ਗੁਮਨਾਮ ਲੇਖਕਾਂ ਦੀ ਮਦਦ ਕਰੀਏ ਜੋ ਲਿਖਦੇ ਤਾਂ ਬਹੁਤ ਚੰਗਾ ਨੇ ਪਰ ਆਰਥਿਕ ਮਜਬੂਰੀਆਂ ਕਾਰਨ ਉਹ ਸਾਹਮਣੇ ਨਹੀਂ ਆ ਸਕਦੇ। ਸਰਕਾਰ ਨੂੰ ਵੀ ਇਸ ਸਬੰਧੀ ਉਪਰਾਲੇ ਕਰਨੇ ਚਾਹੀਦੇ ਹਨ।

9888615531

# ਸੋਇਆਬੀਨ ਤੋਂ ਤਿਆਰ ਪਕਵਾਨ

### ਸੋਇਆਚਾਪ



**ਸਮੱਗਰੀ** : ਸੋਇਆਬੀਨ 250 ਗ੍ਰਾਮ, ਟਮਾਟਰ-3, ਅਦਰਕ-2 ਚਮਚ, ਹਰੀ ਮਿਰਚ-1, ਕ੍ਰੀਮ-100 ਗ੍ਰਾਮ, ਤੇਲ-4 ਚਮਚ, ਧਨੀਆ, ਹਿੰਗ, ਜ਼ੀਰਾ, ਹਲਦੀ ਪਾਊਡਰ, ਲਾਲ ਮਿਰਚ, ਗਰਮ ਮਸਾਲਾ, ਕਸੂਰੀ ਮੇਥੀ, ਨਮਕ, ਵੱਡੀ ਇਲਾਇਚੀ, ਦਾਲਚੀਨੀ, ਲੌਂਗ, ਕਾਲੀ ਮਿਰਚ।

**ਵਿਧੀ** : ਸੋਇਆ ਚਾਪ ਨੂੰ ਇਕ ਤੋਂ ਡੇਢ ਇੰਚ ਦੇ ਟੁਕੜਿਆਂ 'ਚ ਕੱਟ ਲਵੋ ਤੇ ਇਸ ਨੂੰ ਤੇਲ 'ਚ ਗਰਮ ਕਰੋ। ਜਦੋਂ ਤੱਕ ਇਸ ਦਾ ਰੰਗ ਸੁਨਿਹਰੀ ਨਹੀ ਹੋ ਜਾਂਦਾ। ਟਮਾਟਰ, ਅਦਰਕ ਤੇ ਹਰੀ ਮਿਰਚ ਦਾ ਪੇਸਟ ਬਣਾ ਲਵੋ। ਗਰਮ ਤੇਲ 'ਚ ਜ਼ੀਰੇ ਨੂੰ ਭੁੰਨੋ। ਜਦੋਂ ਜ਼ੀਰਾ ਪੱਕ ਜਾਵੇ ਤਾਂ ਹਿੰਗ, ਹਲਦੀ ਪਾਊਡਰ, ਮੇਥੀ ਤੇ ਸਾਬਤ ਮਸਾਲਾ ਪਾਉ ਤੇ ਇਨ੍ਹਾਂ ਨੂੰ ਭੁੰਨੋ ਤੋਂ ਬਾਅਦ ਇਸ 'ਚ ਟਮਾਟਰ ਵਾਲਾ ਪੇਸਟ ਮਿਲਾ ਦਿਉ। ਇਸ ਨੂੰ ਚੰਗੀ ਤਰ੍ਹਾਂ ਭੁੰਨਣ ਤੋਂ ਬਾਅਦ ਇਸ ਵਿਚ ਮਲਾਈ ਤੇ ਪਾਣੀ ਮਿਲਾ ਦਿਉ। ਗ੍ਰੇਵੀ 'ਚ ਧਨੀਏ ਦੀਆਂ ਪੱਤੀਆਂ ਪਾ ਕੇ ਮਿਲਾਓ। ਇਸ ਸਾਰੇ ਮਿਸ਼ਰਣ ਨੂੰ 5 ਮਿੰਟ ਲਈ ਪਕਾਓ। ਤੁਹਾਡੀ ਸੋਈਆਚਾਪ ਤਿਆਰ ਹੈ। ਇਸ ਨੂੰ ਪੁਦੀਨੇ ਦੀ ਚਟਨੀ ਨਾਲ ਪਰੋਸੋ।

### ਸੋਇਆ ਕਬਾਬ



**ਸਮੱਗਰੀ** : ਸੋਇਆਬੀਨ-2 ਕੱਪ, ਬ੍ਰੈਡ, ਨਮਕ, ਲਸਣ, ਕਾਲੀ ਮਿਰਚ, ਪਿਆਜ਼, ਹਰੀ ਮਿਰਚ, ਲਾਲ ਮਿਰਚ, ਤੇਲ।

**ਵਿਧੀ** : ਸੋਇਆਬੀਨ ਨੂੰ ਅੱਧੇ ਘੰਟੇ ਲਈ ਪਾਣੀ 'ਚ ਭਿਓਂ ਕੇ ਰੱਖੋ ਤੇ ਬਾਅਦ 'ਚ ਇਸ ਦਾ ਪਾਣੀ ਨਿਚੋੜ ਦਿਉ। ਬ੍ਰੈਡ ਦਾ ਬਾਰੀਕ ਪਾਊਡਰ ਬਣਾ ਲਵੋ। ਇਕ ਬਾਊਲ 'ਚ ਇਸ ਸਾਰੀ ਸਮਗਰੀ ਨੂੰ ਮਿਲਾਓ ਤੇ ਛੋਟੇ-ਛੋਟੇ ਗੋਲੇ ਬਣਾਓ। ਇਨ੍ਹਾਂ ਨੂੰ ਫਰਿੱਜ 'ਚ ਰੱਖੋ। ਤੇਲ ਨੂੰ ਗਰਮ ਕਰਨ ਤੋਂ ਬਾਅਦ ਇਨ੍ਹਾਂ ਗੋਲਿਆਂ ਨੂੰ ਤਲੋ। ਪਿਆਜ਼ ਤੇ ਨਿੰਬੂ ਦੇ ਟੁਕੜਿਆਂ ਨੂੰ ਗਾਰਨਸ਼ਿੰਗ ਕਰਕੇ ਚਟਨੀ ਨਾਲ ਸਰਵ ਕਰੋ।

### ਸੋਇਆ ਚਿੱਲੀ



**ਸਮੱਗਰੀ** : ਸੋਇਆਬੀਨ 100 ਗ੍ਰਾਮ, ਲਸਣ, ਤੇਲ, ਪਿਆਜ਼, ਹਰੀ ਮਿਰਚ, ਸੋਇਆ ਸੌਸ, ਨਮਕ।

**ਵਿਧੀ** : ਸੋਇਆਬੀਨ ਨੂੰ ਅੱਧੇ ਘੰਟੇ ਦੇ ਲਈ ਪਾਣੀ 'ਚ ਰੱਖਣ ਤੋਂ ਬਾਅਦ ਇਸ ਨੂੰ ਨਿਚੋੜ ਦਿਉ। ਇਸ 'ਚ ਨਮਕ ਤੇ ਲਸਣ ਨੂੰ ਮਿਲਾਓ। ਤੇਲ 'ਚ ਪਿਆਜ਼ ਤੇ ਹਰੀ ਮਿਰਚ ਨੂੰ ਭੁੰਨਣ ਤੋਂ ਬਾਅਦ ਸੋਇਆਬੀਨ ਇਸ ਵਿਚ ਪਾ ਦਿਉ। ਇਸ ਨੂੰ ਦੋ-ਚਾਰ ਮਿੰਟ ਲਈ ਪਕਾਓ ਤੇ ਸਰਵ ਕਰੋ।

### ਸੋਇਆਬੀਨ ਰਾਈਸ



**ਸਮੱਗਰੀ** : ਚਾਵਲ, ਸੋਇਆਬੀਨ, ਮਟਰ, ਪਿਆਜ਼, ਅਦਰਕ ਲਸਣ ਦਾ ਪੇਸਟ, ਦਹੀ, ਟਮਾਟਰ, ਨਿੰਬੂ ਦਾ ਰਸ, ਦਾਲਚੀਨੀ, ਤੇਜ਼ਪੱਤਾ, ਜ਼ੀਰਾ, ਸੌਂਫ਼ ਪਾਊਡਰ, ਗਰਮ ਮਸਾਲਾ, ਪੁਦੀਨਾ, ਤੇਲ, ਘਿਓ, ਪਾਣੀ।

**ਵਿਧੀ** : ਸੋਇਆਬੀਨ ਨੂੰ ਨਮਕ ਤੇ ਪਾਣੀ 'ਚ ਮਿਲਾ ਕੇ ਉਬਾਲ ਲਵੋ ਤੇ ਪਾਣੀ ਨੂੰ ਚੰਗੀ ਤਰ੍ਹਾਂ ਨਿਚੋੜ ਦਿਉ। ਤੇਲ 'ਚ ਤੇਜ਼ਪੱਤਾ, ਦਾਲਚੀਨੀ, ਹਰੀ ਤੇ ਕਾਲੀ ਇਲਾਇਚੀ, ਜ਼ੀਰਾ, ਕਾਲੀ ਮਿਰਚ ਤੇ ਲੌਂਗ ਪਾ ਕੇ ਗਰਮ ਕਰੋ। ਜਦੋਂ ਇਹ ਮਸਾਲੇ ਪੱਕਣ ਲੱਗਣ ਤਾਂ ਪਿਆਜ਼, ਅਦਰਕ-ਲਸਣ ਦੇ ਪੇਸਟ ਅਤੇ ਮਿਰਚਾਂ ਦੇ ਪੇਸਟ ਨੂੰ ਮਿਲਾਓ। ਇਸ ਨੂੰ ਇਕ ਮਿੰਟ ਤਕ ਭੁੰਨੋ। ਹੁਣ ਇਸ ਨੂੰ ਹਰੇ ਧਨੀਏ, ਨਿੰਬੂ ਦਾ ਰਸ ਅਤੇ ਪੁਦੀਨੇ ਨਾਲ ਸਜਾਓ ਤੇ ਸਰਵ ਕਰੋ।

• ਮਨਪ੍ਰੀਤ ਕੌਰ

# ਤਸੱਲੀ

ਇਕ ਵਿਅਕਤੀ ਨੂੰ ਢੇਰ ਗਿਆਨ ਦੇ ਬਾਵਜੂਦ ਤਸੱਲੀ ਨਹੀ ਸੀ। ਗੁਰੂ ਦੀ ਤਲਾਸ਼ ਕੀਤੀ, ਲੱਭ ਲਿਆ, ਕਿਹਾ, ਕੁਝ ਦੱਸੋ। ਗੁਰੂ ਨੇ ਕਿਹਾ, ਤੂੰ ਜੋ ਜਾਣਦੈਂ, ਲਿਖ ਲਿਆ। ਕਈ ਮਹੀਨੇ ਲਾ ਕੇ, ਹਜ਼ਾਰਾਂ ਪੰਨੇ ਲਿਖ ਲਿਆਇਆ। ਵੇਖ ਕੇ ਗੁਰੂ ਨੇ ਕਿਹਾ, 'ਇੰਨੇ ਕੌਣ ਪੜ੍ਹੇਗਾ, ਸੰਖੇਪ ਕਰ ਕੇ । ਹਜ਼ਾਰਾਂ ਪੰਨਿਆਂ ਦੇ ਉਸ ਨੇ ਇਕ ਹਜ਼ਾਰ ਬਣਾਏ। ਗੁਰੂ ਨੇ ਫਿਰ ਕਿਹਾ, 'ਹੋਰ ਸੰਖੇਪ ਕਰ। ਸੌ ਪੰਨੇ ਕਰ ਦਿੱਤੇ। ਹੋਰ ਸੰਖੇਪ ਕਰ, ਦਸ ਪੰਨੇ ਰਹਿ ਗਏ। ਹੋਰ ਸੰਖੇਪ ਕਰਨ ਲਈ ਕਿਹਾ, ਇਕ ਪੰਨਾ ਕਰ ਲਿਆ। ਗੁਰੂ ਨੇ ਕਿਹਾ ਇਹ ਵੀ ਸਮਝ ਨਹੀ ਆਇਆ, ਹੋਰ ਸੰਖੇਪ ਕਰ। ਅਖ਼ੀਰ 'ਤੇ ਉਹ ਖ਼ਾਲੀ ਪੰਨਾ ਲੈ ਕੇ ਆਇਆ। ਹਾਂ, ਇਹ ਠੀਕ ਹੈ। ਹੁਣ ਤੂੰ ਮੇਰਾ ਸ਼ਿਸ਼ ਹੈਂ। ਪਹਿਲਾਂ ਤੇਰੇ-ਮੇਰੇ ਵਿਚਕਾਰ ਗਿਆਨ ਦੀ ਦੀਵਾਰ ਸੀ। ਵਿਦਿਆਰਥੀ ਜਾ ਸ਼ਿਸ਼ ਉਹ ਹੁੰਦਾ ਹੈ, ਜੋ ਗੁਰੂ ਜਾਂ ਅਧਿਆਪਕ ਕੋਲ, ਇਸ ਭਾਵ ਨਾਲ ਜਾਵੇ ਕਿ ਉਹ ਕੁਝ ਨਹੀ ਜਾਣਦਾ।

• ਨਰਿੰਦਰ ਸਿੰਘ ਕਪੂਰ

*ਕਦੇ ਵੇਲਾ ਸੀ ਜਦੋਂ ਪਰਿਵਾਰ ਕਈ-ਕਈ ਪੀੜ੍ਹੀਆਂ ਤਕ ਇਕੱਠਿਆਂ ਰਹਿੰਦਾ ਸੀ । ਅੱਜ ਇਹੋ-ਜਿਹਾ ਪਰਿਵਾਰ ਕਿਤੇ ਵਿਰਲਾ ਹੀ ਨਜ਼ਰੀ ਆਉਂਦਾ ਹੈ ...*



# ਕਿੱਥੇ ਗਈ ਰਿਸ਼ਤਿਆਂ ਵਿਚਲੀ ਸਾਂਝ

ਹਨੀ ਸੋਢੀ

ਅੱਜ ਦੇ ਪਦਾਰਥਵਾਦੀ ਯੁੱਗ ਵਿਚ ਹਰ ਬੰਦਾ ਇਕ-ਦੂਜੇ ਨਾਲੋਂ ਅੱਗੇ ਨਿਕਲਣ ਦੀ ਦੌੜ ਵਿਚ ਲੱਗਿਆ ਹੋਇਆ ਹੈ। ਸਿਰਫ਼ ਤੇ ਸਿਰਫ਼ ਪੈਸਾ ਇਕੱਠਾ ਕਰਨ ਦੇ ਲਾਲਚ ਕਾਰਨ ਆਪਣੇ ਸਾਰੇ ਰਿਸ਼ਤੇ-ਨਾਤੇ ਭੁੱਲੀ ਬੈਠਾ ਹੈ। ਪੈਸੇ ਦੇ ਲਾਲਚ ਵਿਚ ਆ ਕੇ ਬੰਦਾ ਬਿਨਾਂ ਕੁਝ ਸੋਚੇ-ਸਮਝੇ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦਾ ਹੈ। ਅੱਜ ਸਮਾਜ ਵਿਚ ਰਿਸ਼ਤਿਆਂ ਦੀ ਸਾਂਝ ਇਸ ਕਦਰ ਟੁੱਟਦੀ ਜਾ ਰਹੀ ਹੈ, ਜਿਵੇਂ ਟੁੱਟੀ ਹੋਈ ਮਾਲਾ ਵਿੱਚੋਂ ਮਾਲਾ ਦੇ ਮੋਤੀ ਇਕ-ਇਕ ਕਰ ਕੇ ਖਿੱਲਰ ਦੇ ਜਾ ਰਹੇ ਹੋਣ।

ਕਦੇ ਵੇਲਾ ਸੀ ਜਦੋਂ ਇਕ ਪਰਿਵਾਰ ਕਈ-ਕਈ ਪੀੜ੍ਹੀਆਂ ਤਕ ਇਕ ਸੰਯੁਕਤ ਰੂਪ ਵਿਚ ਇਕੱਠਿਆਂ ਰਹਿੰਦਾ ਸੀ ਤੇ ਅੱਜ ਇਹੋ-ਜਿਹਾ ਪਰਿਵਾਰ ਕਿਤੇ ਵਿਰਲਾ-ਟਾਵਾਂ ਹੀ ਨਜ਼ਰੀ ਆਉਂਦਾ ਹੈ ਜੋ ਇਕ ਸਾਂਝੇ ਪਰਿਵਾਰ ਵਿਚ ਰਹਿ ਰਿਹਾ ਹੋਵੇ। ਕਿੱਦਾਂ ਦਾ ਜ਼ਮਾਨਾ ਆ ਗਿਐ, ਰਿਸ਼ਤਿਆਂ ਦਾ ਘਾਣ ਇਸ ਕਦਰ ਹੋ ਰਿਹਾ ਹੈ ਕਿ ਭਾਈ ਆਪਣੇ ਹੀ ਸਕੇ ਭਾਈ ਜਾਂ ਬਾਪ ਦਾ ਕਤਲ ਕਰੀ ਜਾ ਰਿਹੈ। ਇਕ ਕਲਯੁਗੀ ਬਾਪ ਆਪਣੀ ਧੀ ਨੂੰ ਹਵਸ ਦਾ ਸ਼ਿਕਾਰ ਬਣਾ ਰਿਹਾ ਹੈ। ਭਾਵੇਂ ਅੱਜ ਸਾਡਾ ਸਮਾਜ ਪੜ੍ਹ-ਲਿਖ ਤਾਂ ਬਹੁਤ ਗਿਆ ਪਰ ਸਾਡੇ ਇਸ ਪੜ੍ਹੇ-ਲਿਖੇ ਸਮਾਜ ਦੀ ਸੋਚ ਪਤਾ ਨਹੀਂ ਕਿੱਥੇ ਟਿਕੀ ਹੋਈ ਹੈ ਕਿ ਇਕ ਧੀ ਨੂੰ ਕੁੱਖ ਵਿਚ ਹੀ ਮਾਰ ਦਿੱਤਾ ਜਾਂਦਾ ਹੈ। ਇਕ ਮਾਂ-ਬਾਪ ਦੇ ਸਾਰੇ ਸੁਫ਼ਨੇ ਉਸ ਵੇਲੇ ਚਕਨਾਚੂਰ ਹੋ ਜਾਂਦੇ, ਜਦੋਂ ਉਨ੍ਹਾਂ ਵੱਲੋਂ ਚਾਵਾਂ-ਲਾਡਾਂ ਨਾਲ ਪਾਲੇ, ਪੜ੍ਹਾ-ਲਿਖਾ ਕੇ ਇਕ ਵੱਡਾ ਅਫ਼ਸਰ ਬਣਾਏ ਪੁੱਤ ਵੱਲੋਂ ਕੁੱਟਮਾਰ ਕਰ ਕੇ ਘਰੋਂ ਬਾਹਰ ਕੱਢਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਬਿਰਧ ਆਸ਼ਰਮ ਵਿਚ ਸ਼ਰਨ ਲੈਣੀ ਪੈਂਦੀ। ਅਸੀ ਆਪਣੇ ਬਜ਼ੁਰਗਾਂ ਤੋਂ ਸੁਣਿਆ ਕਿ ਪੁਰਾਣੇ ਸਮੇਂ ਵਿਚ ਇਕ ਸਾਂਝਾ ਪਰਿਵਾਰ ਹੁੰਦਾ ਸੀ। ਰਿਸ਼ਤਿਆਂ ਵਿਚ ਆਪਸੀ ਪਿਆਰ ਤੇ ਸਾਂਝ ਹੁੰਦੀ ਸੀ। ਅੱਜ ਪਰਿਵਾਰ ਵਿਚ ਬੱਚੇ ਉਨ੍ਹਾਂ ਦੀ ਭਲਾਈ ਲਈ ਮਾਂ-ਬਾਪ ਵੱਲੋਂ ਲਿਆ ਫ਼ੈਸਲਾ ਆਪਣੀ ਨਿੱਜੀ ਜ਼ਿੰਦਗੀ ਵਿਚ ਦਖ਼ਲ-ਅੰਦਾਜ਼ੀ ਸਮਝਦੇ ਹਨ।

ਸਮਾਜ ਵਿਚ ਮਾਂ-ਬਾਪ, ਗੁਰੂ-ਚੇਲਾ, ਦੋਸਤੀ ਦੇ ਰਿਸ਼ਤੇ ਤਾਂ ਭਾਵੇਂ ਕਈ ਹਨ। ਇਨ੍ਹਾਂ ਵਿੱਚੋਂ ਸਭ ਤੋਂ ਅਹਿਮ ਰਿਸ਼ਤਾ ਹੈ ਇਨਸਾਨੀਅਤ ਦਾ ਜਿਸ ਦਾ ਅਜੋਕੇ ਸਮੇਂ ਵਿਚ ਪੂਰੀ ਤਰ੍ਹਾਂ ਘਾਣ ਹੋ ਚੁੱਕਿਆ। ਅਸੀ ਹਰ ਰੋਜ਼ ਅਖ਼ਬਾਰਾਂ ਅਤੇ ਟੀਵੀ ਵਿਚ ਪੜ੍ਹਦੇ-ਸੁਣਦੇ ਹਾਂ ਕਿ ਕੁੜੀਆਂ ਨਾਲ ਛੇੜਖਾਨੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਸ ਨਾਲ ਸ਼ਰਮਸਾਰ ਹੋਣਾ ਪੈ ਰਿਹਾ ਇਨਸਾਨੀਅਤ ਦੇ ਰਿਸ਼ਤੇ ਨੂੰ। ਅੱਜ ਲੋੜ ਹੈ ਇਨ੍ਹਾਂ ਰਿਸ਼ਤਿਆਂ ਦੀ ਟੁੱਟਦੀ ਜਾ ਰਹੀ ਸਾਂਝ ਨੂੰ ਬਚਾਉਣ ਦੀ। ਜੇਕਰ ਇਨ੍ਹਾਂ ਰਿਸ਼ਤਿਆਂ ਦੀ ਸਾਂਝ ਇਸੇ ਤਰ੍ਹਾਂ ਟੁੱਟਦੀ ਰਹੀ ਤਾਂ ਉਹ ਦਿਨ ਦੂਰ ਨਹੀ, ਜਦੋਂ ਸਾਡਾ ਪੂਰਾ ਸਮਾਜ ਨਰਕ ਬਣ ਕੇ ਰਹਿ ਜਾਵੇਗਾ। ਸੋ ਲੋੜ ਹੈ ਰਿਸ਼ਤਿਆਂ ਨੂੰ ਬਚਾਉਣ ਦੀ।

98156-19248

ਅਰਵਿੰਦ ਕੁਮਾਰ

# ਥੱਕਿਆ-ਥੱਕਿਆ ਕਿਉਂ ਰਹਿੰਦਾ ਵਿਹਲੜ ਬੰਦਾ

ਕੰਮ ਕਰਨ ਵਾਲੇ ਵਿਅਕਤੀ ਲਈ ਤਾਂ ਸਾਰਾ ਜੀਵਨ ਹੀ ਇਕ ਤਿਉਹਾਰ ਹੈ। ਇਸ ਸਦੀ ਦਾ ਮੁੱਖ ਏਜੰਡਾ ਹੈ ਕਿ ਵੱਡਾ ਸੋਚੋ ਤੇ ਬਿਹਤਰ ਕਰੋ। ਕੰਮ ਇਨਸਾਨ ਦੀ ਜ਼ਿੰਦਗੀ ਦਾ ਆਧਾਰ ਹੈ। ਕੰਮ ਤੋਂ ਬਿਨ੍ਹਾਂ ਜ਼ਿੰਦਗੀ ਜਿਉਣ ਯੋਗ ਨਹੀਂ ਰਹਿੰਦੀ। ਕੰਮ ਕਰਨ ਵਾਲਾ ਇਨਸਾਨ ਹੀ ਕੁਝ ਸਿਰਜ ਸਕਦਾ ਹੈ। ਜ਼ਿੰਦਗੀ ਦੇ ਚਾਵਾਂ, ਰੀਝਾਂ, ਉਮੀਦਾਂ ਅਤੇ ਸੁਪਨਿਆਂ ਨੂੰ ਹਕੀਕਤ ਵਿਚ ਬਦਲਣ ਲਈ ਰੁਝੇਵੇਂ, ਕੰਮ-ਕਾਰ ਹਾਂ ਪੱਖੀ ਭੂਮਿਕਾ ਨਿਭਾਉਂਦੇ ਹਨ। ਜਿਹੜੇ ਦੇਸ਼ਾਂ ਵਿਚ ਕੰਮ ਨੂੰ ਪੂਜਾ ਸਮਝਿਆ ਜਾਂਦਾ ਹੈ ਉਹ ਮੁਲਕ ਹਮੇਸ਼ਾਂ ਹੀ ਦੂਜੇ ਮੁਲਕਾਂ ਤੋਂ ਅੱਗੇ ਰਹਿੰਦੇ ਹਨ। ਪੱਛਮੀ ਦੇਸ਼ਾਂ ਦੀ ਉਦਾਹਰਨ ਸਾਡੇ ਸਾਹਮਣੇ ਹੈ ਜਿਵੇਂ ਛੋਟੇ ਕੈਨਵਸ 'ਤੇ ਵੱਡੀ ਤਸਵੀਰ ਬਣਾਉਣਾ ਸੰਭਵ ਨਹੀਂ ਉਸੇ ਤਰ੍ਹਾਂ ਛੋਟੀ ਸੋਚ ਨਾਲ ਕੋਈ ਵੱਡਾ ਕੰਮ ਕਰਨਾ ਸੰਭਵ ਨਹੀਂ। ਵਿਹਲੇ ਰਹਿਣਾ ਤੇ ਸਮੇਂ ਦੀ ਕਦਰ ਨਾ ਕਰਨਾ ਆਪਣੇ ਆਪ ਵਿਚ ਹੀ ਭਿਆਨਕ ਰੋਗ ਹੈ। ਵਿਹਲੜ ਇਨਸਾਨ ਹਮੇਸ਼ਾਂ ਥੱਕਿਆ-ਥੱਕਿਆ ਰਹਿੰਦਾ ਹੈ। ਉਹ ਆਪਣੀਆਂ ਸ਼ਕਤੀਆਂ ਨੂੰ ਪੂਰੀ ਤਰ੍ਹਾਂ ਜਗਾਉਣ ਲਈ ਕਦੇ ਯਤਨ ਹੀ ਨਹੀਂ ਕਰਦਾ।

ਸਮਾਂ ਬੀਤਣ ਦੇ ਨਾਲ ਉਹ ਆਲਸ ਦੀਆਂ ਤੰਦਾਂ ਦੀ ਜਕੜ 'ਚ ਆ ਜਾਂਦਾ ਹੈ। ਨਤੀਜੇ ਵਜੋਂ ਉਹ ਜਵਾਨੀ ਵਿਚ ਬੁਢਾਪੇ ਦੀਆਂ ਅਲਾਮਤਾਂ ਦਾ ਸਾਹਮਣਾ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਜ਼ਿੰਦਗੀ ਦਾ ਮਜ਼ਾ ਲੈਣ ਲਈ ਕਿਸੇ ਨਾ ਕਿਸੇ ਕੰਮ ਵਿਚ ਰੁੱਝੇ ਰਹੋ। ਜ਼ਿੰਦਗੀ ਦੇ ਹਰ ਪੜਾਅ 'ਤੇ ਕਿਰਤ ਕਰਨਾ ਤੇ ਰੁੱਝੇ ਰਹਿਣਾ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਦਾ ਪ੍ਰਮਾਣ ਹੈ। ਅੱਜ ਹਰੇਕ ਨੌਜਵਾਨ ਦੀ ਇਕ ਹੀ ਇੱਛਾ ਹੈ ਕਿ ਪੜ੍ਹਾਈ ਪੂਰੀ ਕਰਨ ਉਪਰੰਤ ਉਸ ਨੂੰ ਸਰਕਾਰੀ ਨੌਕਰੀ ਮਿਲ ਜਾਵੇ, ਪਰ ਜਦੋਂ ਉਸ ਨੂੰ ਨੌਕਰੀ ਨਹੀਂ ਮਿਲਦੀ ਤਾਂ ਉਹ ਬੇਰੁਜ਼ਗਾਰ ਫ਼ੌਜ ਦਾ ਮੈਂਬਰ ਬਣਨ ਲਈ ਮਜਬੂਰ ਹੋ ਜਾਂਦਾ ਹੈ। ਸਰਕਾਰੀ ਨੌਕਰੀ ਉਸ ਨੂੰ ਮਿਲਦੀ ਨਹੀ ਤੇ ਹੱਥੀਂ ਕਿਰਤ ਕਰਨ ਨੂੰ ਉਹ ਤਿਆਰ ਨਹੀਂ ਹੁੰਦਾ। ਅਜਿਹੀ ਸਥਿਤੀ ਵਿਚ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਸਰਕਾਰੀ ਨੌਕਰੀ ਪਿੱਛੇ ਦੌੜਨ ਦੀ ਬਜਾਏ ਉਹ ਕਿਸੇ ਮਨਚਾਹੇ ਕੰਮ ਵਿਚ ਲੀਨ ਹੋ ਜਾਣ। ਥੋੜ੍ਹੇ ਸਮੇਂ ਬਾਅਦ ਹੀ ਉਨ੍ਹਾਂ ਨੂੰ ਕਿਰਤ ਦੀ ਮਿੱਠੀ ਖ਼ੁਸ਼ਬੂ ਅਤੇ ਨੇਕ ਕਮਾਈ 'ਚੋਂ ਪੈਦਾ ਹੋਈ ਰੁੱਖੀ-ਸੁੱਕੀ ਰੋਟੀ ਵਿੱਚੋਂ ਵੀ ਅੰਮ੍ਰਿਤ ਦਾ ਮਜ਼ਾ ਆਵੇਗਾ। ਵਿਹਲੜ ਵਿਅਕਤੀ ਧਰਤੀ 'ਤੇ ਬੋਝ ਹੈ। ਵਿਹਲੜ ਦਾ ਚਿਹਰਾ ਤਾਂ ਉਸ ਦੀ ਮਾਂ ਨੂੰ ਵੀ ਚੰਗਾ ਨਹੀਂ ਲੱਗਦਾ।



## ਮਹਾਨ ਸ਼ਖ਼ਸੀਅਤ ਬਣਨ ਲਈ

*ਆਮ ਇਨਸਾਨ ਤੋਂ ਮਹਾਨ ਸ਼ਖ਼ਸੀਅਤ ਬਣਨ ਲਈ ਰਾਤਾਂ ਦੀ ਨੀਂਦ ਤਿਆਗ ਕੇ ਕੰਮ ਕਰਨਾ ਪੈਂਦਾ ਹੈ। ਦੇਖਣ ਵਿਚ ਆਉਂਦਾ ਹੈ ਕਿ ਜ਼ਿਆਦਾ ਪੜ੍ਹੇ-ਲਿਖੇ ਲੋਕ ਜ਼ਿਆਦਾ ਸੋਚ ਵਿਚਾਰ ਕਰਦੇ ਹਨ ਜਦੋਂ ਕਿ ਉਨ੍ਹਾਂ ਦੇ ਮੁਕਾਬਲੇ ਘੱਟ ਪੜ੍ਹੇ ਲਿਖੇ ਲੋਕ ਕੰਮ ਕਰਨ 'ਚ ਜ਼ਿਆਦਾ ਭਰੋਸਾ ਕਰਦੇ ਹਨ। ਸ਼ਾਇਦ ਇਸੇ ਕਰਕੇ ਹੀ ਕਰੋੜਪਤੀਆਂ ਦੀ ਸੂਚੀ ਵਿਚ ਤੁਸੀਂ ਦੇਖੋਗੇ ਕਿ ਬਹੁਗਿਣਤੀ ਘੱਟ ਪੜ੍ਹਿਆਂ-ਲਿਖਿਆਂ ਦੀ ਹੈ।*

ਜ਼ਿਆਦਾਤਰ ਲੋਕ ਪੈਸਾ ਕਮਾਉਣ ਲਈ ਕੰਮ ਕਰਦੇ ਹਨ ਤਾਂ ਕਿ ਉਹ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕਣ। ਭਾਵੇਂ ਕਿਹਾ ਜਾਂਦਾ ਹੈ ਕਿ ਹਰ ਚੀਜ਼ ਪੈਸੇ ਨਾਲ ਨਹੀਂ ਖ਼ਰੀਦੀ ਜਾ ਸਕਦੀ ਪਰ ਪੈਸੇ ਤੋਂ ਬਿਨਾਂ ਕੋਈ ਖ਼ਾਸ ਚੀਜ਼ ਵੀ ਨਹੀਂ ਖ਼ਰੀਦੀ ਜਾ ਸਕਦੀ। ਇਸ ਲਈ ਮੌਜੂਦਾ ਦੌਰ ਵਿਚ ਹਰੇਕ ਧੰਦੇ ਲਈ ਕੰਮ ਕਰਨਾ ਜ਼ਰੂਰੀ ਹੈ।

ਸਮਾਜ ਵਿਚ ਦੋ ਤਰ੍ਹਾਂ ਦੇ ਵਰਗ ਹਨ ਜੋ ਦੁੱਖਾਂ ਤੋਂ ਪ੍ਰਭਾਵਿਤ ਹਨ। ਇਕ ਵਰਗ ਕੋਲ ਕੁਝ ਨਹੀਂ ਹੈ, ਇੱਥੋਂ ਤਕ ਕੇ ਉਨ੍ਹਾਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ, ਉਹ ਦੁਖੀ ਹੈ। ਦੂਜਾ ਵਰਗ ਉਹ ਹੈ ਜਿਸ ਕੋਲ ਸਭ ਕੁਝ ਹੈ, ਪਰ ਕੰਮ ਨਾ ਕਰਨ ਕਾਰਨ ਅਕੇਵਾਂ ਉਨ੍ਹਾਂ ਦੇ ਦੁੱਖ ਦਾ ਕਾਰਨ ਬਣ ਗਿਆ ਹੈ। ਉਨ੍ਹਾਂ ਨੂੰ ਆਪਣਾ ਜੀਵਨ ਬੇਰਸਾ, ਬੇਰੰਗਾ ਅਤੇ ਬੋਝਲ ਲੱਗਦਾ ਹੈ। ਜ਼ਿੰਦਗੀ ਦਾ ਅਸਲ ਸੁੱਖ ਕੰਮ ਵਿਚ ਮਸਰੂਫ਼ ਰਹਿਣ ਵਾਲੇ ਹੀ ਮਾਣਦੇ ਹਨ। ਮੰਜ਼ਿਲ 'ਤੇ ਉਹ ਹੀ ਪਹੁੰਚਦੇ ਹਨ ਜਿਹੜੇ ਸਵੇਰੇ ਰਵਾਨਾ ਹੁੰਦੇ ਹਨ। ਤੈਰਨਾ ਉਹ ਹੀ ਸਿੱਖਦੇ ਹਨ ਜੋ ਡੁੱਬਣ ਦੇ ਡਰ ਤੋਂ ਮੁਕਤ ਹੋ ਕੇ ਪਾਣੀ ਵਿਚ ਛਾਲ ਮਾਰਦੇ ਹਨ। ਮਹਾਨ ਵਿਅਕਤੀ ਜ਼ਿੰਦਗੀ 'ਚ ਉਦੇਸ਼ ਰੱਖਦੇ ਹਨ ਤੇ ਕੰਮ ਨੂੰ ਆਪਣਾ ਧਰਮ ਸਮਝਦੇ ਹਨ। ਜਦੋਂ ਕਿ ਸਾਧਾਰਨ ਵਿਅਕਤੀ ਦੇ ਜੀਵਨ 'ਚ ਸਿਰਫ਼ ਇੱਛਾਵਾਂ ਹੀ ਹੁੰਦੀਆਂ ਹਨ।

ਕਈ ਨੌਜਵਾਨ ਆਪਣੇ ਮੋਟਰਸਾਈਕਲਾਂ, ਜੀਪਾਂ ਤੇ ਕਾਰਾਂ ਪਿੱਛੇ ਆਪਣੇ ਪਿਤਾ ਦਾ ਰੁਤਬਾ ਜਿਵੇਂ ਸਰਪੰਚ, ਜ਼ੈਲਦਾਰ, ਲੰਬੜਦਾਰ, ਜਾਤੀ ਜਾਂ ਕੋਈ ਗੋਤ ਆਦਿ ਲਿਖਾ ਕੇ ਲੋਕਾਂ 'ਚ ਟੌਹਰ ਦਿਖਾਉਣ ਦਾ ਯਤਨ ਕਰਦੇ ਹਨ। ਸਮਾਜ 'ਚ ਮਾਨਤਾ ਪ੍ਰਾਪਤ ਕਰਨ ਲਈ ਇਹ ਇਕ ਤਰਲਾ ਹੀ ਹੁੰਦਾ ਹੈ। ਅਜਿਹੇ ਨੌਜਵਾਨ ਇਹ ਭੁੱਲ ਜਾਂਦੇ ਹਨ ਕਿ ਮੰਗਵੇ ਪਰਾਂ ਨਾਲ ਲੰਮੀ ਉਡਾਣ ਨਹੀਂ ਭਰੀ ਜਾ ਸਕਦੀ। ਹੋ ਸਕਦਾ ਹੈ ਕਿ ਕੁਝ ਸਮੇਂ ਲਈ ਤੁਸੀਂ ਲੋਕਾਂ ਦਾ ਧਿਆਨ ਖਿੱਚਣ ਵਿਚ ਸਫ਼ਲ ਵੀ ਹੋ ਜਾਵੋ ਪਰ ਲੰਬੇ ਸਮੇਂ ਲਈ ਲੋਕਾਂ ਦੇ ਦਿਲ ਵਿਚ ਵੜਨ ਲਈ ਤੇ ਲੋਕਾਂ ਤੋਂ ਸਤਿਕਾਰ ਲੈਣ ਲਈ ਤੁਸੀ ਤਾਂ ਹੀ ਸਫ਼ਲ ਹੋ ਸਕੋਗੇ ਜੇ ਆਪ ਮਿਹਨਤ ਕਰ ਕੇ ਨੇਕ ਕੰਮ ਕਰੋਗੇ। ਹੁਣ ਤੁਹਾਡਾ ਦੌਰ ਹੈ। ਸਮਾਜ ਤੁਹਾਡੇ ਕੰਮ ਦੇਖੇਗਾ ਨਾ ਕਿ ਤੁਹਾਡੇ ਪਿਤਾ ਦੇ। ਜੇ ਤੁਸੀਂ ਜ਼ਿੰਦਗੀ ਵਿਚ ਤਰੱਕੀ ਚਹੁੰਦੇ ਹੋ ਤਾਂ ਆਪਣੇ ਮਨ ਦੀ ਕੋਠੜੀ ਦੇ ਦਰਵਾਜ਼ੇ ਹਮੇਸ਼ਾਂ ਉਸਾਰੂ ਅਤੇ ਸਾਕਾਰਾਤਮਿਕ ਵਿਚਾਰਾਂ ਵਾਸਤੇ ਖੁੱਲ੍ਹੇ ਰੱਖ ਕੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਨਿਰੰਤਰ ਕੰਮ ਕਰਦੇ ਰਹੋ। ਜਿਹੜਾ ਵਿਅਕਤੀ ਕੰਮ ਨਹੀਂ ਕਰਦਾ ਉਸ ਦੀਆਂ ਸ਼ਿਕਾਇਤਾਂ ਅਤੇ ਗਿਲੇ-ਸ਼ਿਕਵਿਆਂ ਦੀ ਸੂਚੀ ਲੰਬੀ ਹੁੰਦੀ ਜਾਂਦੀ ਹੈ। ਕੰਮ ਵਿਚ ਮਸ਼ਰੂਫ਼ ਰਹਿਣ ਵਾਲਾ ਵਿਅਕਤੀ ਬੇਲੋੜੀ ਭਟਕਣਾ ਅਤੇ ਬੇਚੈਨੀ ਤੋਂ ਬਚ ਜਾਂਦਾ ਹੈ। ਕਾਰਜਸ਼ੀਲ ਰਹਿਣ ਕਰਕੇ ਛੋਟੀਆਂ ਚੀਜ਼ਾਂ ਵੱਲ ਉਸ ਦਾ ਧਿਆਨ ਹੀ ਨਹੀਂ ਜਾਂਦਾ। ਅਜਿਹਾ ਵਿਅਕਤੀ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਕੰਮ ਨੂੰ ਹੀ ਪੂਜਾ ਸਮਝਦਾ ਹੈ ਤੇ ਸਿਰ ਸੁੱਟ ਕੇ ਕੰਮ ਕਰਦਾ ਹੈ। ਬੇਲੋੜੀਆਂ ਗੱਲਾਂ ਜਾਂ ਚੀਜ਼ਾਂ ਉਸ ਦਾ ਧਿਆਨ ਭੰਗ ਨਹੀਂ ਕਰ ਸਕਦੀਆਂ।

ਜਿਹੜਾ ਵਿਅਕਤੀ ਅਸਫ਼ਲ ਹੋਣ ਕਾਰਨ ਕੰਮ ਸ਼ੁਰੂ ਹੀ ਨਹੀਂ ਕਰਦਾ ਉਹ ਜ਼ਿੰਦਗੀ 'ਚ ਕੁਝ ਮਾਣਯੋਗ ਪ੍ਰਾਪਤ ਨਹੀਂ ਕਰ ਸਕਦਾ। ਜਦੋਂ ਵੀ ਤੁਸੀਂ ਕਿਸੇ ਕੰਮ ਨੂੰ ਦ੍ਰਿੜ ਇਰਾਦੇ ਨਾਲ ਸ਼ੁਰੂ ਕਰੋਗੇ ਤਾਂ ਪਹਿਲਾ ਨਜ਼ਰ ਆਉਣ ਵਾਲੀਆਂ ਮੁਸ਼ਕਿਲਾਂ ਇਕ-ਇਕ ਕਰ ਕੇ ਲੋਪ ਹੋ ਜਾਣਗੀਆਂ ਤੇ ਤੁਹਾਡੇ ਨਿਰੰਤਰ ਯਤਨਾਂ ਸਦਕਾ ਸਫ਼ਲਤਾ ਤੁਹਾਡੀ ਝੋਲੀ ਵਿਚ ਹੋਵੇਗੀ। ਇਸ ਲਈ 'ਕੰਮ ਹੀ ਪੂਜਾ' ਵਾਲਾ ਸਿਧਾਂਤ ਅਪਣਾ ਕੇ ਤੁਸੀਂ ਆਪਣੀ ਅਤੇ ਆਪਣੇ ਪਰਿਵਾਰ ਦੀ ਦਸ਼ਾ ਸੁਧਾਰ ਸਕਦੇ ਹੋ। ਸ਼ੁਭ ਸਮਾਂ ਸ਼ੁਰੂ ਹੋਣ ਨਾਲ ਕੰਮ ਸ਼ੁਭ ਨਹੀਂ ਹੁੰਦਾ ਸਗੋਂ ਕੰਮ ਸ਼ੁਰੂ ਹੋਣ ਨਾਲ ਸਮਾਂ ਸ਼ੁਭ ਹੋ ਜਾਂਦਾ ਹੈ। ਇਸ ਲਈ ਕਦੇ ਵੀ ਕੰਮ ਦੀ ਸ਼ੁਰੂਆਤ ਕਰਨ ਮੌਕੇ ਕੋਈ ਖ਼ਾਸ ਦਿਨ ਜਾਂ ਖ਼ਾਸ ਲਗਨ ਦੀ ਉਡੀਕ ਕਰ ਕੇ ਆਪਣਾ ਅਮੁੱਲ ਸਮਾਂ ਵਿਅਰਥ ਨਾ ਗੁਆਓ। ਬਸ ਕੰਮ ਸ਼ੁਰੂ ਕਰ ਦਿਉ।



# ਵੱਡੀ ਵਾਰਦਾਤ ਨਾਲ ਕੰਬਿਆ ਅੰਮ੍ਰਿਤਸਰ, ਨਾਕੇ ਤੋਂ ਕੁਝ ਦੂਰੀ 'ਤੇ 2 ਧਿਰਾਂ ਵਿਚਾਲੇ ਅੰਨ੍ਹੇਵਾਹ ਗੋਲੀਬਾਰੀ

**ਏਜੰਸੀਆਂ**

ਅੰਮ੍ਰਿਤਸਰ 2 ਜੁਲਾਈ। ਅੰਮ੍ਰਿਤਸਰ ਦੇ ਪਾਸ਼ ਇਲਾਕੇ ਰਣਜੀਤ ਐਵੇਨਿਊ ਵਿਚ ਦੋ ਧਿਰਾਂ ਵਿਚਕਾਰ ਅੰਨ੍ਹੇਵਾਹ ਗੋਲੀਬਾਰੀ ਹੋ ਗਈ, ਜਿਸ ਵਿਚ ਅਜੈਦੀਪ ਸਿੰਘ ਨਾਂ ਦਾ ਨੌਜਵਾਨ ਗੋਲੀ ਲੱਗਣ ਨਾਲ ਜਖਮੀ ਹੋ ਗਿਆ ਅਤੇ ਉਸ




ਨੂੰ ਇਲਾਜ ਲਈ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ, ਜੇਕਰ ਚਸਮਦੀਦ ਗਵਾਹਾਂ ਦੀ ਮੰਨੀਏ ਤਾਂ ਦੋਵਾਂ ਧਿਰਾਂ ਦਰਮਿਆਨ ਦਰਜਨਾਂ ਗੋਲੀਆਂ ਚੱਲੀਆਂ, ਜਦੋਂਕਿ ਪੁਲਸ ਵਲੋਂ ਇਸ ਘਟਨਾ ਨੂੰ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਮਾਮਲਾ ਦਰਜ ਕਰਕੇ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਕ ਪਾਸੇ ਜਿੱਥੇ ਚੋਣ ਜਾਬਤਾ ਲਾਗੂ ਹੈ, ਉੱਥੇ ਹੀ ਦੂਜੇ ਪਾਸੇ ਰਣਜੀਤ ਐਵੇਨਿਊ ਵਿਚ ਨੀਮ ਫੌਜੀ ਬਲਾਂ ਦੇ ਪੱਕੇ ਨਾਕੇ ਤੋਂ ਕੁਝ ਦੂਰੀ 'ਤੇ ਹੀ ਗੁੰਡਾਗਰਦੀ ਦਾ ਨੰਗਾ ਨਾਚ ਦੇਖਣ ਨੂੰ ਮਿਲ ਰਿਹਾ ਹੈ। ਇਸ ਮਾਮਲੇ ਨੂੰ ਲੈ ਕੇ ਦਿਨ-ਦਿਹਾੜੇ ਦੋ ਧਿਰਾਂ ਵਿਚਾਲੇ ਹੋਈ ਗੋਲੀਬਾਰੀ ਨੇ ਲੋਕਾਂ ਦੇ ਦਿਲਾਂ 'ਚ ਦਹਿਸਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ, ਲੋਕਾਂ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਦਾ ਇਹ ਪਾਸ ਇਲਾਕਾ ਵੀ ਸੁਰੱਖਿਅਤ ਨਹੀਂ ਹੈ। ਏ. ਡੀ. ਸੀ. ਪੀ. ਪ੍ਰਭਜੋਤ ਸਿੰਘ ਵਿਰਕ ਅਤੇ ਏ. ਸੀ. ਪੀ. ਨਾਰਥ ਵਰਿੰਦਰਾ ਸਿੰਘ ਖੋਸਾ ਦਾ ਕਹਿਣਾ ਹੈ ਕਿ ਗੋਲੀਬਾਰੀ ਦੀ ਘਟਨਾ ਅਜੇ ਦੀਪ ਸਿੰਘ, ਰਾਜਦੀਪ ਸਿੰਘ, ਅਰਸਦੀਪ ਸਿੰਘ ਅਤੇ ਬਲਿਹਾਰ ਸਿੰਘ ਵਿਚਕਾਰ ਹੋਈ ਹੈ, ਜਿਸ ਦਾ ਕਾਰਨ ਵਿਦੇਸ਼ ਜਾਣ ਲਈ ਤੈਅ ਕੀਤੇ ਗਏ ਪੈਸੇ ਸੀ। ਅਜੇ ਦੀਪ ਸਿੰਘ, ਰਾਜਦੀਪ ਵਲੋਂ ਅਰਸਦੀਪ ਬਲਿਹਾਰ ਦੇ ਵੀਜੇ ਸਬੰਧੀ 26 ਲੱਖ ਰੁਪਏ ਵਿਚ ਗੱਲ ਹੋਈ ਸੀ ਜਦਕਿ ਬਾਅਦ 'ਚ 29 ਲੱਖ ਰੁਪਏ ਦੀ ਮੰਗ ਕੀਤੀ ਗਈ ਸੀ, ਫਿਲਹਾਲ ਪੁਲਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ, ਜਿਸ ਤੋਂ ਬਾਅਦ ਦੋਸੀਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮੌਕੇ 'ਤੇ ਮੌਜੂਦ ਵਿਸਾਲ ਸੱਭਰਵਾਲ ਦਾ ਕਹਿਣਾ ਹੈ ਕਿ ਅੱਜ ਰਣਜੀਤ ਐਵੇਨਿਊ ਇਲਾਕੇ 'ਚ ਸਰੇਆਮ ਗੋਲੀਬਾਰੀ ਹੋਈ, ਜਿਸ 'ਚ ਇਕ ਨੌਜਵਾਨ ਵੀ ਜਖਮੀ ਹੋ ਗਿਆ, ਜਿਸ ਕਾਰਨ ਆਸ-ਪਾਸ ਦੇ ਲੋਕ ਆਪਣੇ ਘਰਾਂ 'ਚ ਲੁਕੇ ਹੋਏ ਹਨ ਅਤੇ ਦਹਿਸਤ ਦੇ ਮਾਹੌਲ 'ਚ ਹਨ। ਲੋਕ ਸਭਾ ਚੋਣਾਂ ਨੂੰ ਲੈ ਕੇ ਦੇਸ ਭਰ ਵਿਚ ਚੋਣ ਜਾਬਤਾ ਲਾਗੂ ਹੋ ਗਿਆ ਹੈ। ਪੰਜਾਬ ਪੁਲਸ ਦੇ ਨਾਲ-ਨਾਲ ਪੈਰਾ ਮਿਲਟਰੀ ਬਲ 24 ਘੰਟੇ ਪੰਜਾਬ ਪੁਲਸ ਦੇ ਨਾਲ-ਨਾਲ ਰਣਜੀਤ ਐਵੇਨਿਊ ਇਲਾਕੇ 'ਚ ਵੀ ਪਹਿਰਾ ਦੇ ਰਹੇ ਹਨ ਅਤੇ ਵਾਹਨਾਂ ਅਤੇ ਸ਼ੱਕੀ ਵਿਅਕਤੀਆਂ ਦੀ ਜਾਂਚ ਕਰਨ ਦਾ ਦਾਅਵਾ ਕਰ ਰਹੀ ਹੈ ਪਰ ਇਸ ਦੌਰਾਨ ਰਣਜੀਤ ਐਵੇਨਿਊ ਵਿਚ ਦਿਨ ਦਿਹਾੜੇ ਦੋ ਧਿਰਾਂ ਦਰਮਿਆਨ ਹੋਈ ਗੋਲੀਬਾਰੀ ਨੇ ਪੁਲਸ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ

# ਬਿਨਾਂ ਵੀਜਾ ਦੂਨੀਆ ਦੇ ਇਨ੍ਹਾਂ 62 ਦੇਸਾਂ 'ਚ ਜਾ ਸਕਦੇ ਹਨ ਭਾਰਤੀ

**ਕਿਸ਼ਨ ਪਾਲ**

ਇੰਟਰਨੈਸ਼ਨਲ ਡੈਸਕ 2 ਜੁਲਾਈ। ਦੁਨੀਆ 'ਚ ਭਾਰਤ ਦੇ ਪਾਸਪੋਰਟ ਦੀ ਤਾਕਤ ਤੇਜੀ ਨਾਲ ਵਧ ਰਹੀ ਹੈ। ਜਾਰੀ ਕੀਤੀ ਗਈ ਨਵੀਂ ਰੈਂਕਿੰਗ ਮੁਤਾਬਕ ਭਾਰਤ ਦਾ ਪਾਸਪੋਰਟ ਦੁਨੀਆ 'ਚ 80ਵੇਂ ਸਥਾਨ 'ਤੇ ਆਉਂਦਾ ਹੈ। ਇੰਨਾ ਹੀ ਨਹੀਂ ਭਾਰਤ ਦੇ ਪਾਸਪੋਰਟ ਦੀ ਤਾਕਤ ਹੁਣ ਇਹ ਹੈ ਕਿ ਦੇਸ ਦੇ ਨਾਗਰਿਕ ਦੁਨੀਆ ਦੇ 62 ਦੇਸਾਂ 'ਚ ਬਿਨਾਂ ਵੀਜਾ ਦੇ ਜਾ ਸਕਦੇ ਹਨ। ਹੈਨਲੇ ਪਾਸਪੋਰਟ ਸੂਚਕਾਂਕ ਮੁਤਾਬਕ ਪਾਕਿਸਤਾਨ ਦੇ ਪਾਸਪੋਰਟ ਦੀ ਹਾਲਤ ਖਰਾਬ ਹੈ ਅਤੇ ਇਹ ਦੁਨੀਆ ਵਿਚ ਚੌਥੇ ਸਭ ਤੋਂ ਹੇਠਲੇ ਸਥਾਨ 'ਤੇ ਹੈ। ਦੁਨੀਆ ਦੇ ਚੋਟੀ ਦੇ 6 ਦੇਸ ਅਜਿਹੇ ਹਨ ਜਿਨ੍ਹਾਂ ਦੇ ਪਾਸਪੋਰਟ ਧਾਰਕ 194 ਦੇਸਾਂ ਵਿਚ ਬਿਨਾਂ ਵੀਜਾ ਦੇ ਜਾ ਸਕਦੇ ਹਨ। ਅਫਗਾਨਿਸਤਾਨ ਸਭ ਤੋਂ ਹੇਠਲੇ ਨੰਬਰ 'ਤੇ ਆਉਂਦਾ ਹੈ। ਇਸ ਦੇ ਨਾਗਰਿਕ ਬਿਨਾਂ ਵੀਜਾ ਦੇ ਸਿਰਫ 28 ਦੇਸਾਂ ਦਾ ਦੌਰਾ ਕਰ ਸਕਦੇ ਹਨ। ਇਸ ਤੋਂ ਇਲਾਵਾ ਸੀਰੀਆ ਦੇ ਲੋਕ 29 ਦੇਸਾਂ ਵਿਚ ਅਤੇ ਇਰਾਕ ਦੇ ਲੋਕ 31 ਦੇਸਾਂ ਵਿਚ ਬਿਨਾਂ ਵੀਜਾ ਦੇ ਜਾ ਸਕਦੇ ਹਨ। ਇਸ ਦੇ ਨਾਲ ਹੀ ਹੇਠਾਂ ਤੋਂ ਚੌਥੇ ਨੰਬਰ ਯਾਨੀ 101ਵੇਂ ਸਥਾਨ 'ਤੇ ਆਉਣ ਵਾਲੇ ਪਾਕਿਸਤਾਨ ਦੇ ਲੋਕ ਸਿਰਫ 34 ਦੇਸਾਂ 'ਚ ਬਿਨਾਂ ਵੀਜਾ ਦੇ ਐਂਟਰੀ ਲੈ ਸਕਦੇ ਹਨ। ਦੁਨੀਆ ਦੇ 10 ਸਭ ਤੋਂ ਖਰਾਬ ਦਰਜੇ ਵਾਲੇ ਪਾਸਪੋਰਟ ਵਾਲੇ ਦੇਸਾਂ ਵਿੱਚ ਨੇਪਾਲ, ਫਲਸਤੀਨ, ਸੋਮਾਲੀਆ, ਯਮਨ, ਇਰਾਕ,




ਸੀਰੀਆ, ਅਫਗਾਨਿਸਤਾਨ, ਇਰਾਕ, ਪਾਕਿਸਤਾਨ ਅਤੇ ਲੀਬੀਆ ਸਾਮਲ ਹਨ। ਅੰਗੋਲਾ, ਬਾਰਬਾਡੋਸ, ਭੂਟਾਨ, ਬੋਲੀਵੀਆ, ਬ੍ਰਿਟਿਸ ਵਰਜਿਨ ਆਈਲੈਂਡ, ਬੁਰੰਡੀ, ਕੰਬੋਡੀਆ, ਕੇਪ ਵਰਡੇ ਆਈਲੈਂਡ, ਕੋਮੋਰੋ ਆਈਲੈਂਡ, ਕੁੱਕ ਆਈਲੈਂਡ, ਜਿਬੂਟੀ, ਡੋਮਿਨਿਕਾ, ਅਲ ਸਲਵਾਡੋਰ, ਇਥੋਪੀਆ, ਫਿਜੀ, ਗੈਬਨ, ਗ੍ਰੇਨਾਡਾ, ਗੁਏਨਾ ਬਿਸਾਊ, ਹੈਤੀ, ਇੰਡੋਨੇਸੀਆ, ਈਰਾਨ, ਜਮਾਇਕਾ, ਜਾਰਡਨ, ਕਜਾਕਿਸਤਾਨ, ਕੀਨੀਆ, ਕਿਰੀਬਾਤੀ, ਲਾਓਸ, ਮਕਾਊ, ਮੈਡਾਗਾਸਕਰ, ਮਲੇਸੀਆ, ਮਾਲਦੀਵ, ਮਾਰਸਲ ਆਈਲੈਂਡ, ਮੌਰੀਤਾਨੀਆ, ਮਾਰੀਸਸ, ਮਾਈਕ੍ਰੋਸ਼ੀਆ, ਮੋਂਟਸੇਰਾਟ, ਮੋਜਾਮਬੀਕ, ਮਿਆਂਮਾਰ, ਨੇਪਾਲ, ਨਿਉ, ਓਮਾਨ, ਪਾਲਾਓ ਆਈਲੈਂਡ, ਕਤਰ, ਰਵਾਂਡਾ, ਸਮੋਆ, ਸੇਨੇਗਲ, ਸੇਸੇਲਸ, ਸੀਏਰਾ ਲਿਓਨ, ਸੋਮਾਲੀਆ, ਸ੍ਰੀਲੰਕਾ, ਸੇਂਟ ਕਿਟਸ ਅਤੇ ਨੇਵਿਸ, ਸੇਂਟ ਲੂਸੀਆ, ਸੇਂਟ ਵਿਨਸੇਟ, ਤਨਜਾਨੀਆ, ਥਾਈਲੈਂਡ, ਤਿਮੋਰ, ਟੋਗੋ, ਤ੍ਰਿਨੀਦਾਦ ਅਤੇ ਟੋਬੈਗੋ, ਟਿਊਨੀਸੀਆ, ਟੁਵਾਲੂ, ਵੈਨੂਆਤੂ, ਜ਼ਿੰਬਾਬਵੇ। ਦੁਨੀਆ 'ਚ ਸਿਰਫ 6 ਦੇਸ ਅਜਿਹੇ ਹਨ ਜਿੱਥੇ ਦੇ ਲੋਕ ਬਿਨਾਂ ਵੀਜਾ ਦੁਨੀਆ ਦੇ 194 ਦੇਸਾਂ ਦੀ ਯਾਤਰਾ ਕਰ ਸਕਦੇ ਹਨ। ਇਨ੍ਹਾਂ ਦੇਸਾਂ ਵਿੱਚ ਫਰਾਂਸ, ਜਰਮਨੀ, ਇਟਲੀ, ਜਾਪਾਨ, ਸਿੰਗਾਪੁਰ ਅਤੇ ਸਪੇਨ ਸਾਮਲ ਹਨ। ਇਨ੍ਹਾਂ ਦੇਸਾਂ ਤੋਂ ਬਾਅਦ ਦੂਜੇ ਨੰਬਰ 'ਤੇ ਫਿਨਲੈਂਡ, ਦੱਖਣੀ ਕੋਰੀਆ ਅਤੇ ਸਵੀਡਨ ਆਉਂਦੇ ਹਨ। ਤੀਜੇ ਸਥਾਨ 'ਤੇ ਆਸਟਰੀਆ, ਡੈਨਮਾਰਕ, ਆਇਰਲੈਂਡ ਅਤੇ ਨੀਦਰਲੈਂਡ ਆਉਂਦੇ ਹਨ। ਇਸ ਸੂਚਕਾਂਕ ਵਿਚ ਬੈਲਜੀਅਮ, ਲਕਸਮਬਰਗ, ਨਾਰਵੇ, ਪੁਰਤਗਾਲ ਅਤੇ ਯੂਨਾਈਟਿਡ ਕਿੰਗਡਮ ਚੌਥੇ ਸਥਾਨ 'ਤੇ ਹਨ। ਇਨ੍ਹਾਂ ਦੇਸਾਂ ਦੇ ਨਾਗਰਿਕ ਕੁੱਲ 191 ਦੇਸਾਂ ਦਾ ਦੌਰਾ ਕਰ ਸਕਦੇ ਹਨ।

## ਅਦਾਲਤ ਦਾ ਸਖਤ ਫੈਸਲਾ, ਨਸ਼ੇ ਵਾਲੀਆਂ ਗੋਲੀਆਂ ਦੇ ਮਾਮਲੇ 'ਚ ਦੋਸ਼ੀ ਨੂੰ 10 ਸਾਲ ਦੀ ਕੈਦ

ਮੋਗਾ 2 ਜੁਲਾਈ। ਜ਼ਿਲ੍ਹਾ ਅਤੇ ਵਧੀਕ ਸੈਸ਼ਨ ਜੱਜ ਹਰਜੀਤ ਸਿੰਘ ਦੀ ਅਦਾਲਤ ਨੇ ਨਸ਼ੇ ਵਾਲੀਆਂ ਗੋਲੀਆਂ ਦੇ ਮਾਮਲੇ 'ਚ ਦੋਸ਼ੀ ਨੂੰ ਕਰੀਬ ਢਾਈ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਪਹਿਲਾਂ ਮਹਿਣਾ ਥਾਣੇ ਦੀ ਪੁਲਸ ਨੇ ਵਿਕਰੀ ਕੇਸ ਵਿਚ ਨਾਮਜ਼ਦ ਇਕ ਮੁਲਜ਼ਮ ਨੂੰ ਦੋਸ਼ੀ ਕਰਾਰ ਦਿੱਤਾ ਹੈ। ਮਾਣਯੋਗ ਅਦਾਲਤ ਨੇ ਉਸ ਨੂੰ 10 ਸਾਲ ਦੀ ਕੈਦ ਅਤੇ 1 ਲੱਖ ਰੁਪਏ ਜੁਰਮਾਨਾ ਭਰਨ ਦਾ ਹੁਕਮ ਸੁਣਾਇਆ ਹੈ। ਅਦਾਲਤ ਦੇ ਹੁਕਮਾਂ ਅਨੁਸਾਰ ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਦੋਸ਼ੀ ਨੂੰ ਇਕ ਸਾਲ ਦੀ ਵਾਧੂ ਕੈਦ ਕੱਟਣੀ ਪਵੇਗੀ। ਇਸ ਕੇਸ ਦੀ ਸੁਣਵਾਈ ਦੌਰਾਨ ਜ਼ਿਲ੍ਹਾ ਅਟਾਰਨੀ ਐਡਵੋਕੇਟ ਨੀਲਮ ਪਾਠਕ ਅਤੇ ਸਰਕਾਰੀ ਵਕੀਲ ਐਡਵੋਕੇਟ ਅਮਿਤ ਮਿੱਤਲ ਵੱਲੋਂ ਮਾਣਯੋਗ ਅਦਾਲਤ ਵਿਚ ਪੁਖਤਾ ਸਬੂਤ ਅਤੇ ਗਵਾਹ ਪੇਸ਼ ਕੀਤੇ ਗਏ, ਜਿਸ ਦੇ ਆਧਾਰ 'ਤੇ



ਮਾਣਯੋਗ ਅਦਾਲਤ ਨੇ ਆਪਣਾ ਫੈਸਲਾ ਸੁਣਾਇਆ ਹੈ। ਇਸ ਮਾਮਲੇ 'ਚ ਥਾਣਾ ਮਹਿਣਾ ਦੀ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਦਵਿੰਦਰ ਸਿੰਘ ਉਰਫ ਜੱਸੀ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਚੁਗਾਵਾਂ ਨੂੰ ਭਾਰੀ ਮਾਤਰਾ 'ਚ ਨਸ਼ੇ ਵਾਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਪੁਲਸ ਵੱਲੋਂ ਦਵਿੰਦਰ ਸਿੰਘ ਖ਼ਿਲਾਫ਼ 12 ਅਗਸਤ 2021 ਨੂੰ ਐੱਨ. ਡੀ. ਪੀ. ਐੱਸ. ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

## ਜਲੰਧਰ ਜਿਮਨੀ ਚੋਣ, ਚੋਣ ਆਬਜ਼ਰਵਰਾਂ ਵੱਲੋਂ ਪੋਲਿੰਗ ਬੂਥਾਂ ਦਾ ਦੌਰਾ, ਪ੍ਰਬੰਧਾਂ ਦਾ ਲਿਆ ਜਾਇਜ਼ਾ

ਜਲੰਧਰ 2 ਜੁਲਾਈ। ਭਾਰਤ ਚੋਣ ਕਮਿਸ਼ਨ ਵੱਲੋਂ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ (ਅ.ਜ.) ਲਈ ਨਿਯੁਕਤ ਜਨਰਲ ਆਬਜ਼ਰਵਰ ਉੱਤਮ ਕੁਮਾਰ ਪਾਤਰਾ ਅਤੇ ਪੁਲਸ ਆਬਜ਼ਰਵਰ ਦਾਲੂਰਾਮ ਤੇਨੀਵਾਰ ਨੇ ਜ਼ਿਮਨੀ ਚੋਣ ਲਈ ਹਲਕੇ ਵਿੱਚ ਸਥਾਪਤ ਵੱਖ-ਵੱਖ ਪੋਲਿੰਗ ਬੂਥਾਂ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਚੋਣ ਆਬਜ਼ਰਵਰਾਂ ਨੇ ਰਿਟਰਨਿੰਗ ਅਫਸਰ ਵਿਧਾਨ ਸਭਾ ਹਲਕਾ ਪੱਛਮੀ ਅਲਕਾ ਕਾਲੀਆ ਸਮੇਤ ਪੋਲਿੰਗ ਬੂਥਾਂ ਦਾ ਦੌਰਾ ਕਰਦਿਆਂ 10 ਜੁਲਾਈ ਨੂੰ ਪੈਣ ਵਾਲੀਆਂ




ਵੋਟਾਂ ਦੇ ਮੱਦੇਨਜ਼ਰ ਪੋਲਿੰਗ ਬੂਥਾਂ 'ਤੇ ਕੀਤੇ ਸਮੁੱਚੇ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸਾਰੇ ਇੰਤਜ਼ਾਮ ਸਮੇਂ ਸਿਰ ਮੁਕੰਮਲ ਕਰ ਲਏ ਜਾਣ। ਰਿਟਰਨਿੰਗ ਅਫਸਰ ਨੇ ਚੋਣ ਆਬਜ਼ਰਵਰਾਂ ਨੂੰ ਸੁਰੱਖਿਆ ਵਿਵਸਥਾ ਅਤੇ ਹੋਰ ਪ੍ਰਬੰਧਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਉਪ ਚੋਣ ਨੂੰ ਨਿਰਵਿਘਨ ਅਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਹਲਕੇ ਦੇ ਸਮੁੱਚੇ 181 ਪੋਲਿੰਗ ਬੂਥਾਂ 'ਤੇ ਭਾਰਤ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸਾਰੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਗਏ ਹਨ।

# ਅਕਾਲੀ ਦਲ ਦੇ ਬਾਗੀ ਧੜੇ ਨੇ ਕੀਤਾ ਵੱਡਾ ਧਮਾਕਾ, ਸੁਖਬੀਰ ਬਾਦਲ ਤੋਂ ਹੋਈਆਂ ਚਾਰ ਵੱਡੀਆਂ ਗਲਤੀਆਂ ਕਬੂਲੀਆਂ

**ਏਜੰਸੀਆਂ**

ਅੰਮ੍ਰਿਤਸਰ 2 ਜੁਲਾਈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਖ਼ਿਲਾਫ ਪਾਰਟੀ ਅੰਦਰ ਹੀ ਵੱਡੀ ਬਗਾਵਤ ਹੋ ਗਈ ਹੈ। ਅਕਾਲੀ ਦਲ ਦਾ ਬਾਗੀ ਧੜਾ ਸੋਮਵਾਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਪਹੁੰਚਿਆ। ਇੱਥੇ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ ਹੋ ਕੇ ਮੁਆਫੀਨਾਮਾ ਦਿੱਤਾ। ਇਸ ਮੁਆਫੀਨਾਮੇ ਵਿਚ ਸੁਖਬੀਰ ਸਿੰਘ ਬਾਦਲ ਤੋਂ ਹੋਈਆਂ ਚਾਰ ਗਲਤੀਆਂ ਲਈ ਮੁਆਫੀ ਮੰਗੀ ਗਈ ਹੈ। ਜਿਸ ਵਿਚ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਮੁਆਫੀ ਦੇਣ ਨੂੰ ਗਲਤੀ ਮੰਨਿਆ ਗਿਆ ਹੈ। 2015 ਵਿਚ ਫਰੀਦਕੋਟ ਦੇ ਬਰਗਾੜੀ ਵਿਚ ਹੋਈ ਬੇਅਦਬੀ ਦੀ ਘਟਨਾ ਦੀ ਸਹੀ ਢੰਗ ਨਾਲ ਜਾਂਚ ਨਾ ਕਰਨ ਲਈ ਵੀ ਮੁਆਫੀ ਮੰਗੀ ਗਈ ਹੈ। ਉਥੇ ਹੀ ਆਈ. ਪੀ. ਐੱਸ ਅਫਸਰ ਸੁਮੇਧ ਸੈਣੀ ਨੂੰ ਡੀ. ਜੀ. ਪੀ. ਬਣਾਉਣਾ ਅਤੇ ਮੁਹੰਮਦ ਇਜਹਾਰ ਆਲਮ ਦੀ ਪਤਨੀ ਨੂੰ ਟਿਕਟ ਦੇਣਾ ਵੀ ਗਲਤੀ ਮੰਨੀ ਗਈ ਹੈ। ਇਸ ਦੌਰਾਨ ਬਾਗੀ ਧੜੇ ਨੇ ਤਲਵੰਡੀ ਸਾਬੋ ਸਥਿਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਵੀ ਮੁਲਾਕਾਤ ਕੀਤੀ। ਗਿਆਨੀ ਹਰਪ੍ਰੀਤ ਸਿੰਘ ਨੇ ਦੋਵਾਂ ਧਿਰਾਂ ਨੂੰ ਬੈਠ ਕੇ ਕੋਈ ਹੱਲ ਕੱਢਣ ਲਈ ਆਖਿਆ ਹੈ। ਇਕ ਪਾਸੇ ਅਕਾਲੀ ਦਲ



ਵਿਚ ਬਗਾਵਤ ਤੇਜ ਹੁੰਦੀ ਜਾ ਰਹੀ ਹੈ ਤਾਂ ਦੂਜੇ ਪਾਸੇ ਸੁਖਬੀਰ ਵੀ ਆਪਣੇ ਧੜੇ ਨੂੰ ਮਜਬੂਤ ਕਰਨ ਵਿਚ ਜੁਟੇ ਹੋਏ ਹਨ। ਇਸ ਸਮੇਂ ਪਾਰਟੀ ਦੇ ਮੌਜੂਦਾ 35 ਜ਼ਿਲ੍ਹਾ ਪ੍ਰਧਾਨਾਂ ਵਿੱਚੋਂ 33 ਅਤੇ ਮੌਜੂਦਾ 105 ਹਲਕਾ ਇੰਚਾਰਜਾਂ ਵਿਚੋਂ 96 ਸੁਖਬੀਰ ਸਿੰਘ ਬਾਦਲ ਦੇ ਨਾਲ ਖੜ੍ਹੇ ਹਨ। ਦੂਜੇ ਪਾਸੇ ਚੰਡੀਗੜ੍ਹ ਪਾਰਟੀ ਦਫਤਰ ਪੁੱਜੇ ਸੁਖਬੀਰ ਬਾਦਲ ਨੂੰ ਜਦੋਂ ਪਾਰਟੀ ਆਗੂਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੈਂ ਕੀ ਕਹਾਂ, ਉਨ੍ਹਾਂ ਨੂੰ ਪੁੱਛੋ ਕਿ ਉਹ ਕਿਉਂ ਗਏ ਹਨ। ਇਸ ਦੌਰਾਨ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅਸੀਂ ਪਹਿਲਾਂ ਮੁਆਫੀ ਮੰਗਾਂਗੇ ਫਿਰ ਅੱਗੇ ਵਧਾਂਗੇ। ਉਨ੍ਹਾਂ ਕਿਹਾ ਕਿ ਅਸੀਂ ਬਾਗੀ ਨਹੀਂ, ਬਾਗੀ ਉਹ ਗਰੁੱਪ ਹੈ ਜਿਹੜਾ ਅਕਾਲੀ ਦਲ ਨੂੰ ਕਮਜੋਰ ਕਰ ਰਿਹਾ ਹੈ। ਸੁਖਬੀਰ ਬਾਦਲ ਨੇ ਵਿਧੀ ਵਿਧਾਨ ਨੂੰ ਨਹੀਂ ਮੰਨਿਆ। ਉਨ੍ਹਾਂ ਕਿਹਾ ਕਿ ਅਸੀਂ ਖਿਮਾ ਯਾਚਕਾ ਲਈ ਆਏ ਹਾਂ, ਜੋ ਗਲਤੀਆਂ ਹੋਈਆਂ ਉਸ ਲਈ ਅਰਜੀ ਦੇਣ ਆਏ ਹਾਂ। ਅਸੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਆਪਣੀਆਂ ਗਲਤੀਆਂ ਸਬੰਧੀ ਅਰਜੀ ਦਵਾਂਗੇ, ਅਗਲਾ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਕਰਨਾ ਹੈ। ਉਨ੍ਹਾਂ ਕਿਹਾ ਕਿ ਪੰਥ ਪਾਰਟੀ ਤੋਂ ਨਾਰਾਜ ਹੈ, ਇਸ ਲਈ ਖਿਮਾ ਮੰਗਾਂਗੇ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਤਗੜਾ ਕਰਨ ਲਈ ਵਿਦਵਾਨਾਂ ਕੋਲ ਵੀ ਜਾਵਾਂਗੇ। ਅਸੀਂ ਮੁਆਫੀ ਲੈ ਕੇ ਹੀ ਅੱਗੇ ਵਧਾਂਗੇ।

## ਨੈਸ਼ਨਲ ਹਾਈਵੇਅ ਨੇੜੇ ਸਥਿਤ ਕਾਰ ਬਾਜਾਰ 'ਚ ਲਗਜਰੀ ਗੱਡੀਆਂ ਨੂੰ ਲੱਗੀ ਭਿਆਨਕ ਅੱਗ

ਜਲੰਧਰ 2 ਜੁਲਾਈ। ਜਲੰਧਰ-ਅੰਮ੍ਰਿਤਸਰ ਨੈਸਨਲ ਹਾਈਵੇਅ ਦੇ ਨਾਲ ਲੱਗਦੀ ਜਨਤਾ ਕਲੋਨੀ ਵਿੱਚ ਕਰਨ ਕਾਰ ਬਾਜਾਰ ਦੇ ਅੰਦਰ ਖੜ੍ਹੀਆਂ ਮਹਿੰਗੀਆਂ ਕਾਰਾਂ ਨੂੰ ਸੁੱਕਰਵਾਰ ਸਵੇਰੇ ਅਚਾਨਕ ਅੱਗ ਲੱਗ ਗਈ। ਅੱਗ ਲੱਗਣ ਕਾਰਨ 1 ਬੀ. ਐੱਮ. ਡਬਲਿਊ., 3 ਓ. ਡੀ. ਅਤੇ ਇਕ ਇੰਡੀਕਾ ਕਾਰ ਸੜ ਕੇ ਸੁਆਹ ਹੋ ਗਈ। ਲੋਕਾਂ ਨੇ ਕਿਸੇ ਤਰ੍ਹਾਂ ਪਲਾਟ ਦੇ ਅੰਦਰ ਖੜ੍ਹੀਆਂ ਕਾਰਾਂ ਨੂੰ ਇਕ ਪਾਸੇ ਕਰ ਦਿੱਤਾ। ਜੇਕਰ ਸਮੇਂ ਸਿਰ ਅੱਗ 'ਤੇ ਕਾਬੂ ਨਾ ਪਾਇਆ ਜਾਂਦਾ ਤਾਂ ਮੌਕੇ 'ਤੇ ਮੌਜੂਦ ਹੋਰ ਕਾਰਾਂ ਵੀ ਅੱਗ ਦੀ ਲਪੇਟ 'ਚ ਆ ਜਾਣੀਆਂ ਸਨ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਪਰ ਮਹਿੰਗੀਆਂ ਕਾਰਾਂ ਨੂੰ ਅੱਗ ਲੱਗਣ ਕਾਰਨ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਫਿਲਹਾਲ ਅੱਗ ਕਿਵੇਂ ਲੱਗੀ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਜਲੰਧਰ ਨੈਸਨਲ ਹਾਈਵੇਅ 'ਤੇ 5 ਦੇ ਕਰੀਬ ਕਾਰ ਬਾਜਾਰ ਹਨ। ਜਿਨ੍ਹਾਂ ਕੋਲ ਹਰ ਰੋਜ 100 ਦੇ ਕਰੀਬ ਕਾਰਾਂ ਖੜ੍ਹੀਆਂ ਹੁੰਦੀਆਂ ਹਨ। ਮਿਲੀ ਜਾਣਕਾਰੀ ਮੁਤਾਬਕ ਕਾਰ ਬਾਜਾਰ 'ਚ ਸਵੇਰੇ 7 ਵਜੇ ਇਕ ਔਡੀ ਕਾਰ ਨੂੰ ਅੱਗ ਲੱਗੀ। ਕੁਝ ਦੇਰ ਵਿਚ ਹੀ ਨੇੜੇ ਖੜ੍ਹੀਆਂ ਹੋਰ ਲਗਜਰੀ ਕਾਰਾਂ ਵੀ ਅੱਗ ਦੀ ਲਪੇਟ ਵਿਚ ਆ ਗਈਆਂ ਹਾਲਾਂਕਿ ਮੌਕੇ 'ਤੇ ਪਹੁੰਚੀ ਫਾਇਰ ਬ੍ਰਿਗੇਡ ਦੀ ਟੀਮ ਨੇ ਕੁਝ ਸਮੇਂ ਬਾਅਦ ਅੱਗ 'ਤੇ ਕਾਬੂ ਪਾਇਆ, ਜਿਸ ਕਾਰਨ 20 ਗੱਡੀਆਂ ਦਾ ਬਚਾਅ ਹੋ ਗਿਆ।

## ਗੈਂਗਸਟਰ ਦੀ ਪ੍ਰੇਮਿਕਾ ਦਿਵਿਆ ਹੱਤਿਆਕਾਂਡ ਦਾ ਮੁਲਜਮ ਬਲਰਾਜ ਪੱਛਮੀ ਬੰਗਾਲ 'ਚ ਗ੍ਰਿਫਤਾਰ

ਗੁੜਗਾਓਂ 2 ਜੁਲਾਈ। ਗੈਂਗਸਟਰ ਦੀ ਪ੍ਰੇਮਿਕਾ ਅਤੇ ਮਾਡਲ ਦਿਵਿਆ ਪਾਹੂਜਾ ਦੇ ਕਤਲ ਤੋਂ ਬਾਅਦ ਲਾਸ ਨੂੰ ਟਿਕਾਣੇ ਲਾਉਣ ਵਾਲੇ ਬਲਰਾਜ ਗਿੱਲ ਨੂੰ ਲੁੱਕ ਆਊਟ ਸਰਕੂਲਰ ਜਾਰੀ ਹੋਣ ਤੋਂ 24 ਘੰਟਿਆਂ ਬਾਅਦ ਹੀ ਪੱਛਮੀ ਬੰਗਾਲ 'ਚ ਇਕ ਹਵਾਈ ਅੱਡੇ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਹਾਲਾਂਕਿ ਦੂਜੇ ਮੁਲਜਮ ਰਵੀ ਬੰਗਾ ਦਾ ਅਜੇ ਤੱਕ ਕੋਈ ਪਤਾ ਨਹੀਂ ਲੱਗਾ ਹੈ। ਏ. ਸੀ.ਪੀ. ਕ੍ਰਾਈਮ ਵਰੁਣ ਦਹੀਆ ਨੇ ਬਲਰਾਜ ਗਿੱਲ ਦੀ ਗ੍ਰਿਫਤਾਰੀ ਦੀ ਪੁਸਟੀ ਕਰਦਿਆਂ ਦੱਸਿਆ ਕਿ ਉਸ ਨੂੰ ਪੱਛਮੀ ਬੰਗਾਲ ਤੋਂ ਡਿਟੇਨ ਕਰ ਲਿਆ ਗਿਆ ਹੈ। ਡੀ. ਸੀ. ਪੀ. ਕ੍ਰਾਈਮ ਵਿਜੇ ਪ੍ਰਤਾਪ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਗੈਂਗਸਟਰ ਸੰਦੀਪ ਗਾਡੋਲੀ ਦੇ ਸਾਲ 2016 'ਚ ਮੁੰਬਈ 'ਚ ਕਥਿਤ ਐਨਕਾਊਂਟਰ ਮਾਮਲੇ 'ਚ ਦਿਵਿਆ ਪਾਹੂਜਾ ਵੀ ਮੁਲਜਮ ਹੈ। ਉਹ ਜੁਲਾਈ 2023 'ਚ ਹੀ ਜਮਾਨਤ 'ਤੇ ਜੇਲ ਤੋਂ ਬਾਹਰ ਆਈ ਸੀ। ਉਥੇ ਹੀ ਅਭਿਜੀਤ ਤੇ ਗੈਂਗਸਟਰ ਬਿੰਦਰ ਗੁਰਜਰ ਦੀ ਪਹਿਲਾਂ ਤੋਂ ਹੀ ਜਾਣ-ਪਛਾਣ ਸੀ ਤੇ ਦਿਵਿਆ ਪਾਹੂਜਾ ਬਿੰਦਰ ਰਾਹੀਂ ਅਭਿਜੀਤ ਦੇ ਸੰਪਰਕ 'ਚ ਆਈ ਸੀ। ਅਭਿਜੀਤ ਤੇ ਦਿਵਿਆ ਪਾਹੂਜਾ ਤਿੰਨ ਮਹੀਨਿਆਂ ਤੋਂ ਰਿਲੇਸਨਸ਼ਿਪ 'ਚ ਸਨ। ਇਸ ਦੌਰਾਨ ਦਿਵਿਆ ਨੇ ਅਭਿਜੀਤ ਦੀਆਂ ਕੁਝ ਇਤਰਾਜਯੋਗ ਵੀਡੀਓ ਬਣਾਈਆਂ, ਜਿਨ੍ਹਾਂ ਨਾਲ ਉਹ ਅਭਿਜੀਤ ਨੂੰ ਬਲੈਕਮੇਲ ਕਰ ਰਹੀ ਸੀ। ਦਿਵਿਆ ਨੇ ਅਭਿਜੀਤ ਨੂੰ ਬਲੈਕਮੇਲ ਕਰਕੇ 6 ਲੱਖ ਰੁਪਏ ਵੀ ਲਏ ਸਨ। ਰੋਜ-ਰੋਜ ਦੀ ਬਲੈਕਮੇਲਿੰਗ ਤੋਂ ਅਭਿਜੀਤ ਪ੍ਰੇਸਾਨ ਹੋ ਗਿਆ ਸੀ, ਜਿਸ ਤੋਂ ਬਾਅਦ ਉਸ ਨੇ ਹੋਟਲ ਦੇ ਕਮਰੇ 'ਚ ਦਿਵਿਆ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ। ਡੀ. ਸੀ. ਪੀ. ਨੇ ਦੱਸਿਆ ਕਿ ਗੈਂਗਸਟਰ ਬਿੰਦਰ ਗੁਰਜਰ ਦੇ ਜੇਲ ਜਾਣ ਤੋਂ ਬਾਅਦ ਅਭਿਜੀਤ ਹੀ ਬਿੰਦਰ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕ ਰਿਹਾ ਸੀ।

## ਸੰਯੁਕਤ ਕਿਸਾਨ ਮੋਰਚਾ ਦੇ ਵਫਦ ਨੇ 10ਵੇਂ ਦਿਨ ਗਵਾਲੀਅਰ ਵਿੱਚ ਕਿਸਾਨਾਂ ਨਾਲ ਕੀਤੀ ਮੀਟਿੰਗ

ਜੈਤੋ 2 ਜੁਲਾਈ। ਗਵਾਲੀਅਰ ਦੇ ਦਬਰਾ ਵਿਖੇ ਕਿਸਾਨਾਂ ਦੀ ਹੋਈ ਮੀਟਿੰਗ ਵਿੱਚ ਮੁੱਖ ਤੌਰ 'ਤੇ ਸੰਯੁਕਤ ਕਿਸਾਨ ਮੋਰਚਾ ਤੋਂ ਜਗਜੀਤ ਸਿੰਘ ਡੱਲੇਵਾਲ, ਅਭਿਮੰਨਿਊ ਕੋਹਾੜ, ਲਖਵਿੰਦਰ ਸਿੰਘ ਔਲਖ, ਸੁਖਜੀਤ ਸਿੰਘ, ਹਰਸੁਲਿੰਦਰ ਸਿੰਘ, ਜਫਰ ਖਾਨ, ਮਾਲਿਕ ਵਿਰਕ, ਸਾਹਿਬ ਸਿੰਘ, ਜੌਂਟੀ ਹੰਜਾਰਾ, ਕਪਿਲ ਸਿੱਧੂ, ਸਮਸੇਰ ਗਿੱਲ, ਹੀਰਾ ਸਿੰਘ ਬਾਜਵਾ, ਦਿਲਬਾਗ ਸਿੰਘ ਆਦਿ ਹਾਜਰ ਸਨ। ਕਿਸਾਨ ਆਗੂਆਂ ਨੇ 2020-21 ਦੇ ਅੰਦੋਲਨ ਵਿੱਚ ਸਹੀਦ ਹੋਏ ਕਿਸਾਨ ਸੁਰਿੰਦਰ ਸਿੰਘ ਸਿੱਧੂ ਦੀ ਫੋਟੋ ਨੂੰ ਸਰਧਾ ਦੇ ਫੁੱਲ ਭੇਟ ਕਰਕੇ ਮੀਟਿੰਗ ਦੀ ਸੁਰੂਆਤ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਕਾਨੂੰਨ ਦੀ ਲੜਾਈ ਪੂਰੇ ਦੇਸ ਦੇ ਕਿਸਾਨਾਂ ਦੀ ਲੜਾਈ ਹੈ, ਇਸ ਲਈ ਸਾਰਿਆਂ ਨੂੰ ਇੱਕਜੁੱਟ ਹੋ ਕੇ ਸਾਂਤਮਈ ਢੰਗ ਨਾਲ ਲੜਾਈ ਲੜਨੀ ਚਾਹੀਦੀ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਸਤੰਬਰ ਮਹੀਨੇ ਵਿੱਚ ਹਰਿਆਣਾ ਵਿੱਚ ਰਾਸਟਰੀ ਪੱਧਰ ਦੀ ਕਿਸਾਨ ਮਹਾਪੰਚਾਇਤ ਕਰਵਾਈ ਜਾਵੇਗੀ ਜਿਸ ਲਈ ਮੱਧ ਪ੍ਰਦੇਸ ਦੇ ਕਿਸਾਨਾਂ ਨੂੰ ਵੀ ਸੱਦਾ ਦਿੱਤਾ ਗਿਆ, ਮੱਧ ਪ੍ਰਦੇਸ ਦੇ ਕਿਸਾਨਾਂ ਨੇ ਭਰੋਸਾ ਦਿੱਤਾ ਕਿ ਉਹ ਵੱਡੀ ਗਿਣਤੀ ਵਿੱਚ ਹਰਿਆਣਾ ਪੁੱਜਣਗੇ।

# 'ਪਾਣੀ' ਦੀ ਸਮੱਸਿਆ ਨਾਲ ਜੂਝ ਰਿਹੈ ਨਿਊਜੀਲੈਂਡ, ਲੋਕਾਂ ਲਈ ਚਿਤਾਵਨੀ ਜਾਰੀ

**ਏਜੰਸੀਆਂ**

ਵੈਲਿੰਗਟਨ 2 ਜੁਲਾਈ। 'ਨਿਊਜੀਲੈਂਡ ਵਿਚ ਮੌਜੂਦਾ ਸਮੇਂ ਬਹੁਤ ਸਾਰੇ ਲੋਕ ਪਾਣੀ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ। ਕਿਉਂਕਿ ਇੱਥੇ ਮੌਸਮ ਖੁਸਕ ਹੈ ਅਤੇ ਗਰਮੀ ਕਾਰਨ ਪਾਣੀ ਦੀ ਮੰਗ ਬਹੁਤ ਜ਼ਿਆਦਾ ਹੈ। ਸਥਾਨਕ ਅਧਿਕਾਰੀਆਂ ਨੇ ਸੁੱਕਰਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ। ਸਮਾਚਾਰ ਏਜੰਸੀ ਸ਼ਿਨਹੂਆ ਮੁਤਾਬਕ ਰਾਜਧਾਨੀ ਵੈਲਿੰਗਟਨ, ਪਿਕਟਨ ਅਤੇ ਹੋਰ ਕੇਂਦਰੀ ਨਿਊਜੀਲੈਂਡ ਖੇਤਰਾਂ ਦੇ ਨਾਲ-ਨਾਲ ਦੱਖਣੀ ਆਈਲੈਂਡ ਦੇ ਓਟੈਗੋ ਖੇਤਰ ਦੇ ਨਿਵਾਸੀਆਂ ਨੂੰ ਆਉਣ ਵਾਲੇ ਹਫਤਿਆਂ ਵਿੱਚ ਪਾਣੀ ਦੀ ਸੰਭਾਲ 'ਤੇ ਵਿਚਾਰ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ, ਕਿਉਂਕਿ ਦੇਸ ਭਰ ਵਿੱਚ ਗਰਮੀਆਂ ਦੇ ਤਾਪਮਾਨ ਵਿੱਚ ਵਾਧਾ ਹੋਣ ਨਾਲ ਪਾਣੀ ਦੀ ਮੰਗ ਲਗਾਤਾਰ ਵਧ ਰਹੀ ਹੈ। ਵੈਲਿੰਗਟਨ ਮੈਟਰੋਪੋਲੀਟਨ ਖੇਤਰ 17 ਜਨਵਰੀ ਨੂੰ ਪੱਧਰ 2 ਪਾਣੀ ਦੀਆਂ ਪਾਬੰਦੀਆਂ 'ਤੇ ਚਲਾ ਜਾਵੇਗਾ, ਜਿਸਦਾ ਮਤਲਬ ਰਿਹਾਇਸੀ ਘਰਾਂ ਲਈ ਛਿੜਕਾਅ ਅਤੇ ਸਿੰਚਾਈ ਪ੍ਰਣਾਲੀਆਂ 'ਤੇ ਪਾਬੰਦੀ ਹੈ। ਇਹ ਪਾਬੰਦੀ ਸਾਰੀਆਂ ਸਿੰਚਾਈ ਪ੍ਰਣਾਲੀਆਂ, ਸੋਕਰ ਹੋਜ ਅਤੇ ਗੈਰ-ਪ੍ਰਾਪਤ ਪਾਣੀ ਦੇਣ ਵਾਲੀਆਂ ਪ੍ਰਣਾਲੀਆਂ 'ਤੇ ਲਾਗੂ ਹੁੰਦੀ ਹੈ। ਵੈਲਿੰਗਟਨ ਵਿੱਚ ਮੰਗਲਵਾਰ ਨੂੰ ਪਾਣੀ ਦੀ ਮੰਗ 195 ਮਿਲੀਅਨ ਲੀਟਰ 'ਤੇ ਪਹੁੰਚ ਗਈ। ਮੌਸਮ ਦੀ ਭਵਿੱਖਬਾਣੀ ਮੁਤਾਬਕ ਥੋੜ੍ਹੇ ਸਮੇਂ ਲਈ ਬਾਰਿਸ ਹੋਣ ਦੀ ਸੰਭਾਵਨਾ ਹੈ ਪਰ ਇਸ ਦੇ ਸਥਿਤੀ ਵਿੱਚ ਮਦਦ ਕਰਨ ਦੀ ਸੰਭਾਵਨਾ ਨਹੀਂ ਹੈ। ਪਿਕਟਨ ਅਤੇ ਵਾਈਕਾਵਾ ਨਿਵਾਸੀਆਂ ਅਤੇ ਕਾਰੋਬਾਰਾਂ ਨੇ ਪਾਣੀ ਦੀ ਹਰ ਬੂੰਦ ਦੀ ਗਿਣਤੀ ਕਰਨ ਦੀ ਕਾਲ ਸੁਣੀ ਹੈ ਅਤੇ ਉਹਨਾਂ ਨੂੰ ਤੁਰੰਤ ਆਪਣੇ ਪਾਣੀ ਦੀ ਖਪਤ ਨੂੰ ਘਟਾਉਣ ਲਈ ਕਿਹਾ ਗਿਆ ਹੈ। ਹਫਤੇ ਦੇ ਅੰਤ ਵਿੱਚ ਮੀਂਹ ਦੀ ਭਵਿੱਖਬਾਣੀ ਦੇ ਬਾਵਜੂਦ ਦੱਖਣੀ ਟਾਪੂ ਵਿੱਚ ਓਟੈਗੋ ਖੇਤਰ ਇਸ ਸਮੇਂ ਖੁਸਕ ਸਥਿਤੀਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਲੋਕਾਂ ਨੂੰ ਆਉਣ ਵਾਲੇ ਹਫਤਿਆਂ ਵਿੱਚ ਪਾਣੀ ਦੀ ਸੰਭਾਲ ਬਾਰੇ ਵਿਚਾਰ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ।ਓਟੈਗੋ ਰੀਜਨਲ ਕਾਉਂਸਿਲ ਨੇ ਕਿਹਾ ਕਿ ਸੁੱਕਰਵਾਰ ਤੱਕ ਓਟੈਗੋ ਦੇ ਕਈ ਜਲ ਮਾਰਗ ਹੁਣ ਘੱਟ ਵਹਾਅ ਰਿਕਾਰਡ ਕਰ ਰਹੇ ਹਨ, ਜੋ ਜਲ ਮਾਰਗਾਂ ਅਤੇ ਉਹਨਾਂ ਦੇ ਵਾਤਾਵਰਣਕ ਮੁੱਲਾਂ 'ਤੇ ਵਾਧੂ ਦਬਾਅ ਪਾਉਂਦਾ ਹੈ।



# ਪਤਨੀ ਦਾ ਫੋਨ ਕੀਤਾ ਚੋਰੀ, ਵਾਪਸ ਮੰਗਣ 'ਤੇ ਦੋਸਤਾਂ ਨੇ ਪਤੀ ਦਾ ਕੀਤਾ ਕਤਲ

**ਸਰਦੂਲ ਸਿੰਘ**

ਲੁਧਿਆਣਾ 2 ਜੁਲਾਈ। ਥਾਣਾ ਸਾਹਨੇਵਾਲ ਦੇ ਗਿਆਸਪੁਰਾ ਇਲਾਕੇ 'ਚ ਪਤਨੀ ਦਾ ਮੋਬਾਈਲ ਚੋਰੀ ਕਰਨ ਨੂੰ ਲੈ ਕੇ ਹੋਈ ਲੜਾਈ ਦੌਰਾਨ ਹੋਏ ਕਤਲ ਦੇ ਮਾਮਲੇ 'ਚ ਥਾਣਾ ਸਾਹਨੇਵਾਲ ਦੀ ਪੁਲਸ ਨੇ 3 ਦੋਸੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਦਕਿ ਇੱਕ ਮੁਲਜਮ ਪੁਲਸ ਦੀ ਗ੍ਰਿਫਤ ਤੋਂ ਬਾਹਰ ਹੈ। ਪੁਲਸ ਨੇ ਕਾਬੂ ਕੀਤੇ ਮੁਲਜਮਾਂ ਦੀ ਪਛਾਣ ਬਿੱਲਾ (34 ਸਾਲ) ਵਾਸੀ ਗਿੱਲ ਕਾਲੋਨੀ, ਲਵਪ੍ਰੀਤ ਸਿੰਘ ਉਰਫ ਪ੍ਰੀਤ 22 ਸਾਲ ਵਾਸੀ ਪਿੰਡ ਲੋਹਾਰਾ ਅਤੇ ਹਰਦੀਪ ਸਿੰਘ ਉਰਫ ਕੈਦਾ ਵਜੋਂ ਕੀਤੀ ਹੈ ਅਤੇ ਫਰਾਰ ਮੁਲਜਮਾਂ ਦੀ ਪਛਾਣ ਪਵਨਦੀਪ ਵਜੋਂ ਕੀਤੀ ਹੈ। ਪੁਲਸ ਨੇ ਵੱਖ-ਵੱਖ ਥਾਵਾਂ ਤੋਂ ਛਾਪੇਮਾਰੀ ਕਰਕੇ ਮੁਲਜਮਾਂ ਨੂੰ ਫੜ ਲਿਆ। ਮੁਲਜਮਾਂ ਕੋਲੋਂ ਦਾਤ, ਬੇਸਬਾਲ, ਆਲਟੋ ਕਾਰ ਅਤੇ ਵਾਰਦਾਤ ਦੌਰਾਨ ਵਰਤੇ ਗਏ ਹੋਰ ਹਥਿਆਰ ਵੀ ਬਰਾਮਦ ਕੀਤੇ ਗਏ ਹਨ। ਮੁਲਜਮਾਂ ਨੂੰ ਅਦਾਲਤ ਵਿੱਚ ਪੇਸ ਕਰਕੇ ਜੁਡੀਸੀਅਲ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਮੁੱਖ ਮੁਲਜਮ ਬਿੱਲਾ ਮ੍ਰਿਤਕ ਗੁਰਚਰਨ ਤੋਂ ਨਾਰਾਜ ਸੀ ਕਿਉਂਕਿ ਉਸਨੇ ਬਿੱਲਾ ਦੇ ਪਿਤਾ ਨੂੰ ਮੋਬਾਈਲ ਚੋਰੀ ਹੋਣ ਦੀ ਸ਼ਿਕਾਇਤ ਕੀਤੀ ਸੀ। ਪੁਲਸ ਨੇ ਮ੍ਰਿਤਕ ਗੁਰਚਰਨ ਸਿੰਘ ਦੀ ਪਤਨੀ ਆਸਾ ਕੁਹਾੜ ਦੇ ਬਿਆਨਾਂ 'ਤੇ ਕਤਲ ਦਾ ਕੇਸ ਦਰਜ ਕੀਤਾ ਸੀ। ਆਸਾ ਨੇ ਪੁਲਸ ਨੂੰ ਦੱਸਿਆ ਸੀ ਕਿ ਉਕਤ ਦੋਸੀ ਉਸਦੇ ਪਤੀ ਦੇ ਦੋਸਤ ਸਨ। ਕੁਝ ਦਿਨ ਪਹਿਲਾਂ ਉਨ੍ਹਾਂ ਨੇ ਉਸਦੇ ਘਰ ਬੈਠ ਕੇ ਸਰਾਬ ਪੀਤੀ ਸੀ ਅਤੇ ਜਾਂਦੇ ਸਮੇਂ ਮੁਲਜਮ ਬਿੱਲਾ ਨੇ ਉਸਦਾ ਮੋਬਾਈਲ ਚੋਰੀ ਕਰ ਲਿਆ ਸੀ। ਪਤਾ ਲੱਗਣ 'ਤੇ ਉਸਦੇ ਪਤੀ ਨੇ ਬਿੱਲਾ ਦੇ ਪਿਤਾ ਨੂੰ ਸ਼ਿਕਾਇਤ ਕੀਤੀ। ਜਿਸ ਕਾਰਨ ਬਿੱਲਾ



ਗੁੱਸੇ ਵਿੱਚ ਆ ਗਿਆ। ਜਦੋਂ ਉਸ ਦਾ ਪਤੀ ਬਿੱਲੇ ਦੀ ਦੁਕਾਨ 'ਤੇ ਮੋਬਾਈਲ ਵਾਪਸ ਲੈਣ ਗਿਆ ਤਾਂ ਉਕਤ ਮੁਲਜਮ ਸਰਾਬ ਦੇ ਨਸੇ ਵਿੱਚ ਧੁੱਤ ਸਨ। ਮੁਲਜਮਾਂ ਨੇ ਉਸਦੇ ਪਤੀ ਦੀ ਕੁੱਟਮਾਰ ਕਰਨੀ ਸੁਰੂ ਕਰ ਦਿੱਤੀ ਅਤੇ ਦਾਤ ਅਤੇ ਬੇਸਬਾਲ ਨਾਲ ਹਮਲਾ ਕਰ ਦਿੱਤਾ। ਜਿਸ ਕਾਰਨ ਉਸ ਦਾ ਪਤੀ ਗੰਭੀਰ ਜਖਮੀ ਹੋ ਗਿਆ। ਜਿਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮੁਲਜਮ ਦੇ ਚੌਥੇ ਸਾਥੀ ਖ਼ਿਲਾਫ ਛਾਪੇਮਾਰੀ ਕੀਤੀ ਜਾ ਰਹੀ ਹੈ, ਜਿਸ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਪੁੱਛਗਿੱਛ ਦੌਰਾਨ ਮੁਲਜਮਾਂ ਨੇ ਦੱਸਿਆ ਕਿ ਮੋਬਾਈਲ ਚੋਰੀ ਹੋਣ ਦਾ ਪਤਾ ਲੱਗਣ 'ਤੇ ਮੁਲਜਮ ਬਿੱਲਾ ਆਪਣੇ ਸਾਥੀ ਲਵਪ੍ਰੀਤ ਨਾਲ ਫੋਨ ਵਾਪਸ ਕਰਨ ਗਿਆ ਸੀ। ਇਸ ਤੋਂ ਪਹਿਲਾਂ ਉਹ ਲੋਹਾਰਾ ਵਿੱਚ ਹੇਅਰ ਕਟਿੰਗ ਦਾ ਕੰਮ ਕਰਨ ਵਾਲੇ ਮੁਲਜਮ ਹਰਦੀਪ ਦੀ ਦੁਕਾਨ 'ਤੇ ਗਏ, ਜਿੱਥੇ ਉਨ੍ਹਾਂ ਨਾਲ ਹਰਦੀਪ ਅਤੇ ਪਵਨਦੀਪ ਵੀ ਮਿਲ ਗਏ। ਉਥੋਂ ਇਕੱਠੇ ਹੋ ਕੇ ਉਹ ਈਸਟਮੈਨ ਚੌਂਕ ਚਲੇ ਗਏ ਉਥੇ ਉਸ ਨੇ ਗੁਰਚਰਨ ਨੂੰ ਬੁਲਾਇਆ ਸੀ। ਉਥੇ ਸਰਾਬ ਪੀ ਕੇ ਉਸ ਨੇ ਗੁਰਚਰਨ ਨਾਲ ਲੜਾਈ ਸੁਰੂ ਕਰ ਦਿੱਤੀ। ਹਮਲੇ ਦੌਰਾਨ ਮੁਲਜਮਾਂ ਨੇ ਗੁਰਚਰਨ 'ਤੇ ਦਾਤਰ ਅਤੇ ਬੇਸਬਾਲ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜਖਮੀ ਕਰ ਦਿੱਤਾ ਅਤੇ ਆਲਟੋ ਕਾਰ 'ਚ ਫਰਾਰ ਹੋ ਗਏ।

## ਜੀ. ਐੱਸ. ਟੀ. ਨੇ ਟੈਕਸ ਪਾਲਣਾ ਨੂੰ ਬਣਾਇਆ ਆਸਾਨ, ਟੈਕਸ ਕੁਲੈਕਸ਼ਨ ਵਧੀ, ਫਰਜੀ ਬਣਾਉਣਾ ਅਜੇ ਵੀ ਚੁਣੌਤੀ

ਨਵੀਂ ਦਿੱਲੀ 2 ਜੁਲਾਈ। 7 ਸਾਲ ਪਹਿਲਾਂ ਪੇਸ਼ ਕੀਤੇ ਗਏ ਗੁੱਡਜ ਐਂਡ ਸਰਵਿਸਿਜ ਟੈਕਸ (ਜੀ. ਐੱਸ. ਟੀ.) ਨੇ ਪਾਲਣਾ ਨੂੰ ਆਸਾਨ ਬਣਾਇਆ, ਟੈਕਸ ਕੁਲੈਕਸ਼ਨ ਵਧੀ ਅਤੇ ਸੂਬਿਆਂ ਦੇ ਮਾਲੀਆ 'ਚ ਵਾਧਾ ਹੋਇਆ। ਮਾਹਿਰਾਂ ਨੇ ਨਾਲ ਹੀ ਜੋੜਿਆ ਕਿ ਫਰਜੀ ਚਲਾਨ ਅਤੇ ਧੋਖੇ ਨਾਲ ਰਜਿਸਟ੍ਰੇਸਨ ਦੀਆਂ ਘਟਨਾਵਾਂ ਅਜੇ ਵੀ ਟੈਕਸਦਾਤਿਆਂ ਲਈ ਵੱਡੀ ਚੁਣੌਤੀ ਬਣੀਆਂ ਹੋਈਆਂ ਹਨ। ਜੀ. ਐੱਸ. ਟੀ. ਦੇਸ 'ਚ 2 ਜੁਲਾਈ 2017 ਨੂੰ ਲਾਗੂ ਕੀਤਾ ਗਿਆ ਸੀ। ਇਸਨੇ 17 ਟੈਕਸਾਂ ਅਤੇ 13 ਸੈੱਸ ਨੂੰ ਪੰਜ-ਪੱਧਰੀ ਢਾਂਚੇ 'ਚ ਸੰਗਠਿਤ ਕੀਤਾ, ਜਿਸ ਨਾਲ ਟੈਕਸ ਪ੍ਰਣਾਲੀ ਸਰਲ ਹੋ ਗਈ। ਇਸ ਤਹਿਤ ਰਜਿਸਟ੍ਰੇਸਨ ਲਈ ਕਾਰੋਬਾਰ ਦੀ ਹੱਦ




ਵਸਤੂਆਂ ਲਈ 40 ਲੱਖ ਰੁਪਏ ਅਤੇ ਸੇਵਾਵਾਂ ਲਈ 20 ਲੱਖ ਰੁਪਏ ਹੋ ਗਈ। ਵੈਟ ਦੇ ਤਹਿਤ ਇਹ ਹੱਦ ਔਸਤਨ 5 ਲੱਖ ਰੁਪਏ ਤੋਂ ਉਪਰ ਸੀ। ਜੀ. ਐੱਸ. ਟੀ. ਨੇ ਸੂਬਿਆਂ 'ਚ 495 ਵੱਖ-ਵੱਖ ਪੇਸ਼ਕਾਰੀਆਂ (ਇਨਵਾਇਸ, ਫਾਰਮ, ਘੋਸਣਾ ਆਦਿ) ਨੂੰ ਘਟਾ ਕੇ ਸਿਰਫ 12 ਕਰ ਦਿੱਤਾ ਹੈ। 7 ਸਾਲਾਂ 'ਚ ਰਜਿਸਟਰਡ ਟੈਕਸਦਾਤਿਆਂ ਦੀ ਗਿਣਤੀ 2017 'ਚ 65 ਲੱਖ ਤੋਂ ਵਧ ਕੇ 1.46 ਕਰੋੜ ਹੋ ਗਈ ਹੈ। ਜੀ. ਐੱਸ. ਟੀ. ਤੋਂ ਔਸਤ ਮਾਸਿਕ ਮਾਲੀਆ 2017-18 ਵਿਚ ਲੱਗਭਗ 90,000 ਕਰੋੜ ਰੁਪਏ ਤੋਂ ਵਧ ਕੇ 2024-25 'ਚ ਲੱਗਭਗ 1.90 ਲੱਖ ਕਰੋੜ ਰੁਪਏ ਹੋ ਗਿਆ ਹੈ।